# ਬਤੀਹ ਸੁਲੱਖਣੀ

ਸੁਕ੍ਰਿਤ ਟਰੱਸਟ

**Bateeh Sulakhni (Punjabi)**
by
**Pri. Prabhjot Kaur**
(+91) 98159-03453

© ਸਾਰੇ ਅਧਿਕਾਰ ਲੇਖਕ ਦੇ ਰਾਖਵੇਂ ਹਨ।

First Edition : Nov. 2009

ਸਜਿਲਦ - 80/-
ਪੇਪਰਬੈਕ - 40/-

Published by
**Sukriet**
# 3454, Phase-2, Dugro,
Ludhiana - 141 013 (Punjab, India)
(+91) 97810-10555, 0161-6416980
sukrittrust@gmail.com, www.sukrit.org

**ਟਾਈਟਲ :** ਬੀਬਾ ਜੈਸਮੀਨ

Printed by : **Printwell,** Amritsar

## ਸਮਰਪਿਤ

ਆਪਣੇ ਸਤਿਕਾਰਯੋਗ
ਪਿਤਾ ਸ੍ਰ: ਗੁਰਬਚਨ ਸਿੰਘ ਜੀ
ਅਤੇ ਮਾਤਾ ਡਾ: ਕੁਲਦੀਪ ਕੌਰ ਜੀ ਨੂੰ,
ਜਿਨ੍ਹਾਂ **'ਏਕ ਜੋਤਿ ਦੁਇ ਮੂਰਤੀ'** ਦਾ ਸੰਕਲਪ
ਅਮਲੀ ਜੀਵਨ ਵਿਚ ਜੀਊ ਕੇ ਜੀਵਨ ਸੇਧ ਦਿੱਤੀ।

## ਟਾਈਟਲ ਵੇਰਵਾ

**ਪੰਕਜੁ ਮੋਹ ਪਗੁ ਨਹੀ ਚਾਲੈ**

**ਹਮ ਦੇਖਾ ਤਹ ਡੂਬੀਅਲੇ॥**

ਅਨੁਸਾਰ ਮੋਹ ਰੂਪ ਚਿੱਕੜ ਭਰਪੂਰ ਸੰਸਾਰ ਵਿਚ ਬਹੁਤੀ ਲੁਕਾਈ ਡੁੱਬਣ ਤੋਂ ਨਹੀਂ ਬਚ ਸਕੀ। ਪਰ 'ਬਤੀਹ ਸੁਲਖਣੀ', ਸੰਸਾਰ ਰੂਪੀ ਚਿੱਕੜ ਵਿਚ ਰਹਿੰਦਿਆਂ ਵੀ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਧਾਰ ਕੇ ਕੰਵਲ ਦੇ ਬੂਟੇ ਤੇ ਧਿਆਨ ਵਿਚ ਬੈਠੀ ਦਿਖਾਈ ਗਈ ਹੈ ਅਤੇ ਇਸ ਨਿਰਲੇਪਤਾ ਨੇ ਹੀ ਉਸਦੇ ਹਿਰਦੇ ਵਿਚ 'ਕਮਲ ਪ੍ਰਗਾਸੁ' ਦਿੱਤਾ ਹੈ।

**ਹਰਿ ਹਰਿ ਨਾਮ ਉਰਿਧਾਰਿਆ**

**ਹਰਿ ਹਿਰਦੈ ਕਮਲ ਪ੍ਰਗਾਸੁ ॥**

ਵਾਹਿਗੁਰੂ ਕਰੇ, ਅੱਜ ਦੀ ਇਸਤਰੀ 'ਬਤੀਹ ਸੁਲਖਣੀ' ਬਣ ਕਮਲ ਫੁੱਲ ਦੀ ਤਰ੍ਹਾਂ ਪਵਿੱਤਰ ਜੀਵਨ ਜੀਊਂਦਿਆਂ, ਗੁਰਬਾਣੀ ਦੇ ਕਥਨ **'ਗਿਰਹ ਕੁਟੰਬ ਮਹਿ ਸਹਜਿ ਸਮਾਧੀ'** ਨੂੰ ਰੂਪ ਮਾਨ ਕਰਕੇ ਸਮਾਜਿਕ ਬੁਰਾਈਆਂ ਨੂੰ ਦੂਰ ਕਰ ਨਰੋਆ ਅਤੇ ਸਿਹਤਮੰਦ ਸਮਾਜ ਸਿਰਜਣ ਦੇ ਕਾਬਲ ਬਣ ਸਕੇ।

# ਤਤਕਰਾ


ਆਦਿ ਕਥਨ 7

ਭੂਮਿਕਾ 12

ਪ੍ਰਕਾਸ਼ਨ ਮਨੋਰਥ 16

1. ਸਿੱਖ ਧਰਮ ਵਿਚ ਇਸਤਰੀ ਦਾ ਸਥਾਨ ਤੇ ਯੋਗਦਾਨ 17
2. ਇਸਤਰੀ ਵਿਰੁੱਧ ਸਮਾਜਿਕ ਅਨਿਆਂ - ਕਾਰਨ ਅਤੇ ਉਪਾਅ 32
3. ਕੰਮਕਾਜੀ ਗ੍ਰਹਿਣੀ - ਜ਼ਿੰਮੇਵਾਰੀਆਂ ਅਤੇ ਚੁਣੌਤੀਆਂ 41
4. ਅਧਿਆਤਮਕ ਵਿਰਸੇ ਦੀ ਸੰਭਾਲ ਵਿਚ ਨਾਰੀ ਦਾ ਯੋਗਦਾਨ 50
5. ਗੁਰਬਾਣੀ, ਸੱਭਿਆਚਾਰ ਅਤੇ ਇਸਤਰੀ 57
6. ਸਿੱਖ ਸਾਹਿਤ ਵਿਚ ਨਾਰੀ 69
7. ਗੁਰਮਤਿ ਅਤੇ ਔਰਤਾਂ ਦੀ ਆਜ਼ਾਦੀ ਦੀ ਲਹਿਰ 75
8. ਅਜੋਕੀ ਵਿਦਿਅਕ ਪ੍ਰਣਾਲੀ - ਮਨੁੱਖੀ ਕਦਰਾਂ-ਕੀਮਤਾਂ ਦੇ ਸੰਦਰਭ ਵਿਚ 80
9. ਇਕੀਵੀਂ ਸਦੀ ਅਤੇ ਇਸਤਰੀ - ਗੁਰਮਤਿ ਦੇ ਪਰਿਪੇਖ ਵਿਚ 86
10. ਅਧਿਆਤਮਕ ਅਤੇ ਪਰਿਵਾਰਿਕ ਸੰਦਰਭ ਵਿਚ 'ਲਾਵਾਂ ਦੀ ਬਾਣੀ' 91
11. ਨਸ਼ੇ - ਵਿਦਿਆਰਥੀ ਵਰਗ ਤੇ ਪ੍ਰਭਾਵ, ਕਾਰਣ, ਵਿਸ਼ਲੇਸ਼ਣ 102
12. Sri Guru Granth Sahib - A Celebration of Womanhood 108
13. ਪੁਸਤਕ ਵਿੱਚ ਆਈਆਂ ਹਸਤੀਆਂ ਬਾਰੇ ਸੰਖੇਪ ਜਾਣਕਾਰੀ 119

ਸੂਹੀ ਮਹਲਾ ੧ ਸੁਚੱਜੀ ॥

**ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥**
**ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥**
**ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥**
**ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥**
**ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥**
**ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥**
**ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ॥**
**ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥**
**ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥**
**ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੬੨)

# ਆਦਿ ਕਥਨ

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਮੁਕੰਮਲ ਇਨਕਲਾਬ ਦੀ ਨੀਂਹ ਰੱਖੀ। ਉਨ੍ਹਾਂ ਨੇ ਸਮਾਜ ਵਿਚ ਫੈਲ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਇਕ ਅਜਿਹਾ ਸੱਭਿਆਚਾਰ ਪੈਦਾ ਕੀਤਾ, ਜਿਸ ਨੇ ਸਚਿਆਰ ਮਨੁੱਖ ਪੈਦਾ ਕਰਕੇ ਪਰਮ ਸਤਿ ਦੀ ਪ੍ਰਾਪਤੀ ਦਾ ਮਾਰਗ ਦਰਸਾਇਆ। ਸਮਾਜ ਵਿਚ ਜਾਤ-ਪਾਤ, ਉਚ-ਨੀਚ ਅਤੇ ਅਮੀਰ-ਗਰੀਬ ਦੇ ਨਾਮ ਤੇ ਉਸਰੀਆਂ ਦੀਵਾਰਾਂ ਨੂੰ ਢਾਹ ਕੇ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕੀਤੀ।

ਗੁਰੂ ਜੀ ਨੇ ਜਨਮ ਦੇ ਸਥਾਨ ਤੇ ਕਰਮ ਨੂੰ ਜੀਵਨ ਦਾ ਆਧਾਰ ਬਣਾਉਣ ਤੇ ਜ਼ੋਰ ਦਿੱਤਾ। ਮਨੁੱਖ ਦਾ ਕਰਮ ਕਿਹੋ ਜਿਹਾ ਹੋਵੇ, ਇਸ ਦੇ ਵਖਿਆਨ ਦਾ ਮੁੱਖ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਵਿਚ ਸਮਾਜ ਦੀਆਂ ਸਾਰੀਆਂ ਸਮੱਸਿਆਵਾਂ ਪ੍ਰਤੀ ਚੇਤਨਾ ਪੈਦਾ ਕੀਤੀ ਗਈ ਹੈ। ਇਸਤਰੀ ਸਮਾਜ ਦਾ ਧੁਰਾ ਹੈ ਅਤੇ ਉਹ ਇਸਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਇਸਨੂੰ ਅੱਗੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਗੁਰੂ ਸਾਹਿਬਾਨ ਦੇ ਸਮੇਂ ਇਸਤਰੀ ਦੀ ਜੋ ਦਸ਼ਾ ਸੀ, ਉਸਦਾ ਵਰਨਣ ਗੁਰਬਾਣੀ ਰਾਹੀਂ ਸਪੱਸ਼ਟ ਤੌਰ ਤੇ ਮਿਲਦਾ ਹੈ।

ਇਸਤਰੀ ਦੀ ਸਮਾਜਿਕ ਦਸ਼ਾ ਬਾਰੇ ਗੁਰਬਾਣੀ ਵਿਚ ਵਿਸਤਾਰ ਪੂਰਵਕ ਵਿਚਾਰ ਪੇਸ਼ ਕੀਤੇ ਗਏ ਹਨ, ਇਸ ਸੰਬੰਧੀ ਬਹੁਤ ਸਾਰੇ ਵਿਦਵਾਨਾਂ ਨੇ ਆਪੋ-ਆਪਣੇ ਤਰੀਕੇ ਨਾਲ ਲਿਖਿਆ ਹੈ। ਸਮੇਂ ਦੇ ਪਰਿਵਰਤਨ ਨਾਲ ਸਮਾਜ ਵਿਚ ਇਸਤਰੀ ਦਾ ਰੁਤਬਾ ਬਦਲਿਆ ਹੈ, ਉਹ ਆਤਮ ਨਿਰਭਰ ਹੋਈ ਹੈ। ਅਜੋਕੇ ਸਮੇਂ ਵਿਚ ਉਹ ਕਿਹੜੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੀ ਹੈ, ਗੁਰਬਾਣੀ ਇਸ ਸਮੇਂ ਸਮਾਜ ਨੂੰ ਕੀ ਸੇਧ ਦੇ ਰਹੀ ਹੈ, ਹੱਥਲੀ ਪੁਸਤਕ ਵਿਚ ਇਸ ਸੰਬੰਧੀ ਵਿਚਾਰ ਮਿਲਦੇ ਹਨ। ਇਹ ਪੁਸਤਕ ਗੁਰਮਤਿ ਕਾਲਜ ਦੀ ਪ੍ਰਿੰਸੀਪਲ ਬੀਬੀ ਪ੍ਰਭਜੋਤ ਕੌਰ ਨੇ ਲਿਖੀ ਹੈ, ਜੋ ਕਿ ਸ਼ਰਧਾਲੂ ਅਤੇ ਵਿਚਾਰਕ ਦ੍ਰਿਸ਼ਟੀ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਖੋਜ ਵਿਚ ਲੱਗੀ ਹੋਈ ਹੈ। ਇਸ ਪੁਸਤਕ ਵਿਚ ਉਹ ਇਸਤਰੀ ਦੀ ਗੁਰੂ ਸਾਹਿਬਾਨ ਦੇ ਸਮੇਂ ਦੀ ਹਾਲਤ ਦਾ ਵਰਣਨ ਕਰਦੇ ਹੋਏ ਕਹਿੰਦੀ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਵੇਂ ਉਸਨੂੰ ਦੇਵੀ ਵਾਂਗ ਪੂਜਿਆ ਜਾਂਦਾ ਸੀ, ਪਰ ਪਰਚੱਲਿਤ ਸਮਾਜ ਵਿਚ ਉਸਨੂੰ ਕਲੰਕਣੀ, ਬਾਘਣ, ਵਿਸ ਦੀ ਗੰਦਲ ਅਤੇ ਪੈਰ ਦੀ ਜੁੱਤੀ ਕਹਿ ਕੇ ਦੁਰਕਾਰਿਆ ਜਾਂਦਾ

ਸੀ। ਪੂਰਬੀ ਸਮਾਜ ਵਾਂਗ ਹੀ, ਪੱਛਮੀ ਸਮਾਜ ਵਿਚ ਵੀ ਇਸਤਰੀ ਵਿਤਕਰੇ ਦਾ ਸ਼ਿਕਾਰ ਸੀ। ਉੱਥੇ ਇਸ ਦੀ ਵਿਰੋਧਤਾ ਪਰਮੇਸ਼ਰ ਦੁਆਰਾ ਸਿਰਜਿਤ ਪ੍ਰਥਮ ਮਨੁੱਖ ਆਦਮ ਦੇ ਸਮੇਂ ਤੋਂ ਹੀ ਆਰੰਭ ਹੋ ਜਾਂਦੀ ਹੈ। ਇਸਤਰੀ ਨੂੰ ਦੁਨਿਆਵੀ ਦੁੱਖਾਂ ਦਾ ਕਾਰਨ ਮੰਨਿਆ ਗਿਆ ਹੈ ਕਿਉਂ ਕਿ ਉਸਨੇ ਪਰਮਾਤਮਾ ਦੀ ਆਗਿਆ ਦਾ ਪਾਲਣ ਨਹੀਂ ਕੀਤਾ ਅਤੇ ਦੁੱਖਾਂ ਦਾ ਸ਼ਿਕਾਰ ਹੋਈ। ਉਸ ਦੁਆਰਾ ਪਰਮੇਸ਼ਰ ਦੇ ਹੁਕਮ ਦੀ ਕੀਤੀ ਅਵੱਗਿਆ ਕਾਰਨ ਹੀ ਆਦਮ ਨੂੰ ਵੀ ਕਸ਼ਟ ਸਹਿਣੇ ਪਏ।

ਪਰਮੇਸ਼ਰ ਵੱਲੋਂ ਦੋਹਾਂ ਨੂੰ ਹੀ ਦੁੱਖਾਂ ਦੇ ਸਮੁੰਦਰ ਵਿਚ ਸੁੱਟ ਦਿੱਤਾ ਗਿਆ ਅਤੇ ਉਸਦੇ ਨਤੀਜੇ ਵਜੋਂ, ਉਹ ਅੱਜ ਤੱਕ ਦੁੱਖ ਭੋਗ ਰਹੇ ਹਨ। ਪੱਛਮ ਦੇ ਅਗਾਂਹ-ਵਧੂ ਦੇਸ਼ਾਂ ਵਿਚ ਇਸਤਰੀ ਨੂੰ ਵੋਟ ਪਾਉਣ ਦਾ ਅਧਿਕਾਰ ਵੀ ਬਹੁਤ ਦੇਰ ਬਾਅਦ ਨਸੀਬ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਭਾਰਤ ਦੀ ਧਰਤੀ ਤੇ ਹੋਇਆ ਅਤੇ ਉਹਨਾਂ ਆਪਣੇ ਆਲੇ-ਦੁਆਲੇ ਦੇ ਸਮਾਜ ਵਿਚ ਇਸਤਰੀ ਦੀ ਜੋ ਦੁਰਦਸ਼ਾ ਦੇਖੀ, ਉਸ ਨੂੰ ਕਲਮਬੰਦ ਕੀਤਾ ਅਤੇ ਉਸਨੂੰ ਤ੍ਰਿਸਕਾਰ ਦੀ ਪਾਤਰ ਬਣਾਉਣ ਤੋਂ ਵੀ ਵਰਜਿਆ। ਉਹਨਾਂ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਸਾਂਝਾ ਹੈ ਅਤੇ ਇਸੇ ਸੰਦਰਭ ਵਿਚ ਪੂਰਬ ਅਤੇ ਪੱਛਮ ਦੇ ਪੁਰਖ ਪ੍ਰਧਾਨ ਸਮਾਜ ਵਿਚ ਇਸਤਰੀ ਨੂੰ ਸਤਿਕਾਰਯੋਗ ਸਥਾਨ ਦਿਵਾਉਣ ਲਈ, ਉਹਨਾਂ ਆਵਾਜ਼ ਬੁਲੰਦ ਕੀਤੀ।

ਲੇਖਿਕਾ ਨੇ ਇਸ ਪੁਸਤਕ ਵਿਚ ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਆਦਿ ਗੁਰੂ ਪਰਿਵਾਰ ਨਾਲ ਸੰਬੰਧਿਤ ਸਤਿਕਾਰਯੋਗ ਬੀਬੀਆਂ ਦਾ ਵਰਨਣ ਕੀਤਾ ਹੈ। ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਘਰ ਦੀ ਸੇਵਾ ਸੰਭਾਲ ਤਥਾ ਇਤਿਹਾਸਕ ਕਾਰਜ ਕਰਕੇ ਸਨਮਾਨਯੋਗ ਸਥਾਨ ਹਾਸਲ ਕੀਤਾ।

ਨਿਮਰਤਾ, ਸਹਿਜ, ਸਬਰ, ਸੰਤੋਖ, ਖਿਮਾ ਅਤੇ ਸੰਜਮ ਆਦਿ ਅਜਿਹੇ ਗੁਣ ਹਨ, ਜੋ ਕਿ ਇਸਤਰੀਆਂ ਵਿਚ ਪੁਰਸ਼ਾਂ ਤੋਂ ਵਧੇਰੇ ਵੇਖਣ ਨੂੰ ਮਿਲਦੇ ਹਨ। ਗੁਰੂ ਪਰਿਵਾਰ ਨਾਲ ਸੰਬੰਧਿਤ ਬੀਬੀਆਂ ਦੇ ਅਜਿਹੇ ਗੁਣਾਂ ਨੂੰ ਉਜਾਗਰ ਕਰਕੇ ਲੇਖਿਕਾ ਨੇ ਸਮਾਜ ਵਿਚ ਇਸਤਰੀਆਂ ਦੀ ਭੂਮਿਕਾ ਨੂੰ ਉਜਾਗਰ ਕਰਨ ਅਤੇ ਅਜੋਕੇ ਸਮੇਂ ਉਹਨਾਂ ਦਾ ਪੱਥ ਪ੍ਰਦਰਸ਼ਨ ਕਰਨ ਦਾ ਯਤਨ ਕੀਤਾ ਹੈ। ਇਸਤਰੀ ਨੂੰ ਪੁਰਸ਼ ਦੀ ਪ੍ਰੇਰਨਾ ਸਰੋਤ ਮੰਨਦੇ ਹੋਏ, ਲੇਖਿਕਾ ਨੇ ਮਾਈ ਭਾਗੋ ਦੀ ਮਿਸਾਲ ਸਾਹਮਣੇ ਰੱਖੀ ਹੈ, ਜਿਸਨੇ ਬੇਦਾਵਾ ਦੇ ਆਏ ਚਾਲੀ ਸਿੰਘਾਂ ਦੇ ਮਨ ਵਿਚ ਗੁਰੂ-ਪ੍ਰਤੀ ਦ੍ਰਿੜਤਾ ਅਤੇ ਸ਼ਰਧਾ ਦੀ ਭਾਵਨਾ ਪੈਦਾ ਕੀਤੀ ਅਤੇ ਉਹਨਾਂ ਦੀ ਟੁੱਟੀ ਗੰਢਵਾ ਕੇ ਮੁਕਤੀ ਦੇ ਹੱਕਦਾਰ ਬਣਾਇਆ।

ਰੋਜ਼ਾਨਾ ਜੀਵਨ-ਜਾਚ ਅਤੇ ਪਦਾਰਥਵਾਦੀ ਯੁੱਗ ਵਿਚ ਇਸਤਰੀ ਦੀ ਭੂਮਿਕਾ ਤੇ



ਵਿਸਤਾਰ-ਪੂਰਵਕ ਚਰਚਾ ਕਰਦੇ ਹੋਏ, ਲੇਖਿਕਾ ਕਹਿੰਦੀ ਹੈ ਕਿ ਮੀਡੀਆ ਨੇ ਇਸਤਰੀ ਦੀ ਹਾਲਤ ਨੂੰ ਚਿੰਤਾਜਨਕ ਸਥਿਤੀ ਤੱਕ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਦਿਖਾਈ ਜਾਂਦੀ ਅਸ਼ਲੀਲਤਾ ਨੇ ਨੌਜਵਾਨ ਪੀੜ੍ਹੀ ਤੇ ਮਾਰੂ ਪ੍ਰਭਾਵ ਪਾਇਆ ਹੈ। ਇਸਤਰੀ ਦੀ ਇਸ ਸਥਿਤੀ ਲਈ ਲੇਖਿਕਾ ਕੁਝ ਹੱਦ ਤੱਕ ਇਸਤਰੀ ਨੂੰ ਵੀ ਜ਼ਿੰਮੇਵਾਰ ਮੰਨਦੀ ਹੈ।

ਅੱਜ ਦੀ ਨੌਜਵਾਨ ਲੜਕੀ, ਜੋ ਕੁਝ ਮੀਡੀਆ ਵਿਚ ਦੇਖਦੀ ਹੈ, ਉਸੇ ਤਰ੍ਹਾਂ ਦਾ ਫੈਸ਼ਨ ਕਰਨ ਦਾ ਯਤਨ ਕਰਦੀ ਹੈ ਅਤੇ ਇਹ ਭੁੱਲ ਜਾਂਦੀ ਹੈ ਕਿ ਉਹ ਇਕ ਸੱਭਿਅਕ ਸਮਾਜ ਦਾ ਅੰਗ ਹੈ ਅਤੇ ਜੋ ਪਹਿਰਾਵਾ ਉਸਨੇ ਧਾਰਨ ਕੀਤਾ ਹੈ, ਉਹ ਦਫਤਰ ਜਾਂ ਕਿਸੇ ਹੋਰ ਕੰਮ-ਕਾਜ ਦੇ ਸਥਾਨ ਪੁਰਸ਼ਾਂ ਦੀ ਖਿੱਚ ਦਾ ਕਾਰਨ ਬਣਦਾ ਹੈ, ਜੋ ਕਿ ਅੱਗੇ ਜਾ ਕੇ ਉਸ ਲਈ ਮੁਸ਼ਕਿਲਾਂ ਪੈਦਾ ਕਰ ਸਕਦਾ ਹੈ। ਇਸਤਰੀ ਦੇ ਇਕ ਹਿੱਸੇ ਨੇ ਆਪਣੇ ਆਪ ਨੂੰ ਵਸਤੂ ਵਾਂਗ ਪੇਸ਼ ਕਰਕੇ, ਧਨ ਕਮਾਉਣ ਦਾ ਯਤਨ ਕੀਤਾ ਤਾਂ ਇਸਦਾ ਪ੍ਰਭਾਵ ਹਰ ਆਮ-ਖਾਸ ਲੜਕੀ ਤੇ ਪਿਆ ਅਤੇ ਕਈ ਲੜਕੀਆਂ ਉਸੇ ਵਹਿਣ ਵਿਚ ਵਹਿ ਕੇ ਪੈਸਾ ਕਮਾਉਣ ਦੀ ਹੋੜ ਵਿਚ ਲੱਗੀਆਂ ਹੋਈਆਂ ਹਨ। ਪਰ ਉਹਨਾਂ ਦਾ ਸਮੁੱਚਾ ਜੀਵਨ ਚਿੰਤਾ ਅਤੇ ਤ੍ਰਿਸਕਾਰ ਦੀ ਭਾਵਨਾ ਵਿਚ ਬਤੀਤ ਹੁੰਦਾ ਹੈ। ਲੇਖਿਕਾ ਨੇ ਇਸਤਰੀ ਦੀ ਨਕਾਰਾਤਮਕ ਸੋਚ ਨੂੰ ਸਕਾਰਾਤਮਕ ਰੁੱਖ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ।

ਇਸਤਰੀ ਪਰਿਵਾਰ ਦੇ ਅਧਿਆਤਮਕ ਅਤੇ ਸੰਸਾਰਕ ਜੀਵਨ ਵਿਚ ਵਿਸੇਸ਼ ਭੂਮਿਕਾ ਨਿਭਾਉਂਦੀ ਹੈ। ਉਹ ਸਮਾਜ ਦੀਆਂ ਸਭ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਸਮਰੱਥ ਹੈ। ਸਮਾਜ ਵਿਚ ਜ਼ੁਲਮ, ਲੁੱਟ-ਖਸੁੱਟ, ਹਿੰਸਾ, ਨਸ਼ੇ ਆਦਿ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ। ਇਸਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਪਰਿਵਾਰਾਂ ਦਾ ਟੁੱਟਣਾ, ਮਾਂ ਬਾਪ ਦੁਆਰਾ ਵਾਰ-ਵਾਰ ਨੌਕਰੀ ਬਦਲਣਾ, ਬੱਚਿਆਂ ਦਾ ਇਕੱਲਾਪਣ ਆਦਿ। ਅਜਿਹੇ ਸਮੇਂ ਮਾਂ-ਬਾਪ ਦੀ ਬੱਚਿਆਂ ਨਾਲੋਂ ਭਾਵਨਾਤਮਕ ਸਾਂਝ ਟੁੱਟਦੀ ਹੈ ਅਤੇ ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਅਤੇ ਮਾਨਸਿਕ ਸੰਤੁਸ਼ਟੀ ਹਾਸਲ ਕਰਨ ਲਈ ਵੱਖ-ਵੱਖ ਤਰੀਕੇ ਹਾਸਿਲ ਕਰਦੇ ਹਨ, ਜਿਸ ਨਾਲ ਸਮਾਂ ਪੈਣ ਤੇ ਉਹਨਾਂ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ । ਲੋਕਾਂ ਅੰਦਰ ਪੈਸੇ ਦੀ ਹੋੜ ਲੱਗੀ ਹੋਈ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਸਮਾਜ ਦੇ ਇਸ ਵਿਗੜ ਰਹੇ ਸਰੂਪ ਅਤੇ ਆਰਥਿਕ ਅਸੰਤੁਲਨ ਨੇ ਇਸ ਦੀ ਮਾਨਸਿਕਤਾ ਤੇ ਭਾਰੀ ਸੱਟ ਮਾਰੀ ਹੈ।

ਇਸਤਰੀ ਨੇ ਮਰਦ ਦੇ ਬਰਾਬਰ ਕੰਮ ਕਰਨ ਦਾ, ਜੋ ਸੁਪਨਾ ਸਿਰਜਿਆ ਸੀ, ਉਸਨੇ ਪੂਰਾ ਕਰ ਲਿਆ ਹੈ। ਇਸ ਦੇ ਨਾਲ ਹੀ ਉਸ ਨੇ ਆਪਣੇ ਲਈ ਬੇਅਰਾਮੀ ਅਤੇ ਕੰਮ

ਦੇ ਬੋਝ ਦੀ ਵੱਡੀ ਪੰਡ ਆਪਣੇ ਸਿਰ ਚੁੱਕੀ ਹੈ। ਉਸਨੇ ਤਾਂ ਪਰਿਵਾਰ ਲਈ ਆਰਥਿਕਤਾ ਪੈਦਾ ਕੀਤੀ ਹੈ, ਪਰ ਪਰਿਵਾਰ ਵਿਚੋਂ ਕਿਸੇ ਨੇ ਉਸ ਦੁਆਰਾ ਕੀਤੇ ਜਾਂਦੇ ਘਰੇਲੂ ਕੰਮ ਦਾ ਬੋਝ ਘੱਟ ਨਹੀਂ ਕੀਤਾ। ਇਸਤਰੀਆਂ ਨੇ ਸਮਾਜ ਅਤੇ ਘਰ-ਪਰਿਵਾਰ ਵਿਚ ਕੁਝ ਮੁਕਤੀ ਦੀ ਇੱਛਾ ਰੱਖ ਕੇ ਕੁਝ ਲਹਿਰਾਂ ਵੀ ਪੈਦਾ ਕਰਨ ਦਾ ਯਤਨ ਕੀਤਾ, ਪਰ ਕੋਈ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ। ਲੇਖਿਕਾ ਇਸ ਗੱਲ ਤੇ ਜੋਰ ਦਿੰਦੀ ਹੈ ਕਿ ਇਸਤਰੀ ਅਤੇ ਪੁਰਸ਼ ਦੇ ਸੰਬੰਧ, ਇਕ-ਦੂਜੇ ਦੇ ਸੰਬੰਧ, ਇਕ ਦੂਜੇ ਨੂੰ ਭੋਗਣ ਜਾਂ ਮੁਕਤ ਹੋਣ ਤੱਕ ਹੀ ਸੀਮਿਤ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਇਸ ਨਾਲ ਕੋਈ ਸਾਰਥਕ ਨਤੀਜੇ ਸਾਹਮਣੇ ਆਉਣ ਦੀ ਕੋਈ ਉਮੀਦ ਹੈ। ਮੁਕਤੀ ਲਹਿਰਾਂ ਕਦੇ ਵੀ ਕਿਸੇ ਸਮੱਸਿਆ ਦਾ ਸਥਾਈ ਹੱਲ ਸਾਬਤ ਨਹੀਂ ਹੁੰਦੀਆਂ, ਲੋੜ ਤਾਂ ਨਰ-ਨਾਰੀ ਦੀ ਸੋਚ ਵਿਚ ਤਬਦੀਲੀ ਕਰਨ ਦੀ ਹੈ। ਸਮਾਜ ਵਿਚ ਵਿਚਰਦੇ ਹੋਏ ਪੁਰਸ਼-ਇਸਤਰੀ ਕਿਹੋ-ਜਿਹੇ ਸੰਬੰਧਾਂ ਦੇ ਧਾਰਨੀ ਹੋਣ, ਇਸ ਗੱਲ ਨੂੰ ਰੂਪਮਾਨ ਕਰਨ ਲਈ **'ਏਕ ਜੋਤਿ ਦੁਇ ਮੂਰਤੀ'** ਦੇ ਆਦਰਸ਼ ਨੂੰ ਧਾਰਨ ਕਰਨ ਦੀ ਲੋੜ ਹੈ।

ਨਿਰਸੰਦੇਹ! ਲੇਖਿਕਾ ਨੇ ਪੁਸਤਕ ਵਿਚ ਇਸਤਰੀ ਦੀਆਂ ਸਮੱਸਿਆਵਾਂ ਨੂੰ ਹੀ ਉਜਾਗਰ ਨਹੀਂ ਕੀਤਾ, ਸਗੋਂ ਉਹ ਇਹਨਾਂ ਨੂੰ ਦੂਰ ਕਰਨ ਦਾ ਮਾਰਗ ਵੀ ਦੱਸਦੀ ਹੈ। ਲੇਖਿਕਾ ਗੁਰਮਤਿ ਰੰਗ ਵਿਚ ਰੰਗੀ ਗੁਰਬਾਣੀ ਦੀ ਦ੍ਰਿੜ ਵਿਸਵਾਸੀ ਅਤੇ ਪਰਪੱਕ ਸ਼ਰਧਾਲੂ ਹੈ ਅਤੇ ਉਹ ਇਸ ਕਰਕੇ ਸਮਾਜ ਦੀਆਂ ਸਮੂਹ ਸਮੱਸਿਆਵਾਂ ਦਾ ਹੱਲ ਵੀ ਗੁਰਬਾਣੀ ਵਿਚੋਂ ਲੱਭਣ ਦਾ ਯਤਨ ਕਰਦੀ ਹੈ। ਗੁਰਬਾਣੀ ਸਮੁੱਚੇ ਸਮਾਜ ਨੂੰ ਅਗਵਾਈ ਪ੍ਰਦਾਨ ਕਰਦੀ ਹੈ, ਜਿਸ ਵਿਚ ਰੂਪ, ਰੰਗ, ਨਸਲ, ਜਾਤ-ਪਾਤ, ਊਚ-ਨੀਚ ਆਦਿ ਦੇ ਵਖਰੇਵੇਂ ਤੋਂ ਦੂਰ ਰਹਿ ਕੇ ਸਮੁੱਚੀ ਮਾਨਵਤਾ ਦਾ ਭਲਾ ਮੰਗਿਆ ਹੈ। ਇਸਤਰੀ ਦੇ ਉਥਾਨ ਸੰਬੰਧੀ ਗੁਰਬਾਣੀ ਹਵਾਲਿਆਂ ਨਾਲ ਭਰਪੂਰ, ਇਸ ਪੁਸਤਕ ਵਿਚ ਲੇਖਿਕਾ ਦੀ ਇਹ ਧਾਰਨਾ ਪੂਰਨ ਤੌਰ ਤੇ ਪਰਪੱਕ ਹੈ, ਕਿ ਅੱਜ ਸੰਸਾਰ ਗੁਰਮਤਿ ਦੀ ਇਸ ਸੱਚਾਈ ਨੂੰ ਪ੍ਰਵਾਨ ਕਰਨ ਲਈ ਤਿਆਰ ਹੈ ਕਿ ਜੀਵਨ ਸੁਚਾਰੂ ਰੂਪ ਵਿਚ ਜੀਉਣ ਲਈ ਇਸਤਰੀ ਗੁਣਾਂ ਦੀ ਜ਼ਿਆਦਾ ਲੋੜ ਹੈ। ਗੁਰਮਤਿ ਦੀ ਸਾਰੀ ਫਿਲਾਸਫੀ ਇਸੇ ਸਿਧਾਂਤ ਤੇ ਅਧਾਰਿਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਮਨੁੱਖਤਾ ਨੂੰ ਇਸਤਰੀ ਗੁਣਾਂ ਦੇ ਧਾਰਨੀ ਬਣਨ ਤੇ ਜੋਰ ਦਿੱਤਾ ਗਿਆ ਹੈ, ਅੱਜ ਦੀ ਔਰਤ ਨੂੰ ਇਸ ਗੁੰਝਲਮਈ ਜੀਵਨ ਦੀਆਂ ਚੁਣੌਤੀਆਂ ਨੂੰ ਸਫਲਤਾ ਪੂਰਵਕ ਪ੍ਰਵਾਨ ਕਰਨ ਲਈ ਲੋੜੀਂਦਾ ਆਤਮਿਕ ਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਚੱਲ ਕੇ ਹੀ ਪ੍ਰਾਪਤ ਹੋ ਸਕੇਗਾ। ਇਸੇ ਵਿਚ ਹੀ ਉਸਦਾ, ਸਮਾਜ ਦਾ ਅਤੇ ਸਾਰੇ ਸੰਸਾਰ ਦਾ ਬਚਾਅ ਹੈ। ਇਸ ਪੁਸਤਕ ਵਿਚ ਇਸਤਰੀ ਦੀ ਆਧੁਨਿਕ ਯੁੱਗ ਦੀਆਂ ਸਮੱਸਿਆਵਾਂ ਦੇ ਸਨਮੁੱਖ ਦਲੇਰੀ ਨਾਲ ਜੂਝਣ ਦੀ ਸ਼ਲਾਘਾ ਕਰਦੇ ਹੋਏ, ਉਸ ਨੂੰ



ਅਧਿਆਤਮਕ ਅਤੇ ਸਮਾਜਕ ਕਦਰਾਂ-ਕੀਮਤਾਂ ਪ੍ਰਤੀ ਚੇਤੰਨ ਕੀਤਾ ਗਿਆ ਹੈ।

ਪ੍ਰਿੰਸੀਪਲ ਪ੍ਰਭਜੋਤ ਕੌਰ ਜੀ ਦਾ ਇਹ ਇਕ ਸ਼ਲਾਘਾਯੋਗ ਕਾਰਜ ਹੈ। ਸਿੱਖ ਅਧਿਅਨ ਨਾਲ ਜੁੜੇ ਹੋਏ ਵਿਦਿਆਰਥੀਆਂ, ਖੋਜਾਰਥੀਆਂ ਤੋਂ ਇਲਾਵਾ ਸੌਖੀ ਭਾਸ਼ਾ ਵਿਚ ਇਸਤਰੀ ਦੇ ਵੱਖ-ਵੱਖ ਪਹਿਲੂਆਂ ਨੂੰ ਰੂਪਮਾਨ ਕਰਦੀ, ਇਹ ਪੁਸਤਕ ਆਮ ਪਾਠਕਾਂ ਲਈ ਵੀ ਲਾਹੇਵੰਦ ਸਾਬਿਤ ਹੋਵੇਗੀ ਅਤੇ ਇਸਤਰੀ ਦੀ ਅਜੋਕੇ ਸਮੇਂ ਦੀ ਦਸ਼ਾ ਅਤੇ ਦਿਸ਼ਾ ਦੇ ਸਨਮੁੱਖ, ਉਸ ਦੀ ਸੰਤੁਲਿਤ ਜੀਵਨ-ਜੀਉਣ ਅਤੇ ਪਰਿਵਾਰ-ਗ੍ਰਹਿਸਥ ਸਗੋਂ ਸਮੁੱਚੇ ਸਮਾਜ ਨੂੰ ਗੁਰੂ ਆਸ਼ੇ ਅਨੁਸਾਰ ਢਾਲਣ ਅਤੇ ਸੰਵਾਰਨ ਦੀ ਅਗਵਾਈ ਕਰਦੀ ਹੈ। ਅਕਾਲ-ਪੁਰਖ ਅੱਗੇ ਅਰਦਾਸ ਹੈ ਕਿ ਉਹ ਲੇਖਿਕਾ ਨੂੰ ਹਮੇਸ਼ਾਂ ਚੜ੍ਹਦੀ ਕਲ੍ਹਾ ਵਿਚ ਰੱਖੇ ਅਤੇ ਗੁਰਮਤਿ ਦੇ ਹੋਰਨਾਂ ਪਹਿਲੂਆਂ ਉਤੇ ਕਾਰਜ ਕਰਨ ਦੀ ਪ੍ਰੇਰਨਾ ਅਤੇ ਬਲ-ਬੁੱਧੀ ਬਖਸ਼ਿਸ਼ ਕਰੇ।

**ਕਿਰਪਾਲ ਸਿੰਘ ਬਡੂੰਗਰ (ਪ੍ਰੋ:)**
ਸਾਬਕਾ ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਭੂਮਿਕਾ

ਕੁਝ ਸਾਲ ਪਹਿਲਾਂ ਸਤਿਕਾਰਯੋਗ ਡਾ. ਖੜਕ ਸਿੰਘ ਜੀ (ਸਵਰਗਵਾਸੀ) ਦਾ ਆਦੇਸ਼ ਪ੍ਰਾਪਤ ਹੋਇਆ ਕਿ ਚੰਡੀਗੜ੍ਹ ਵਿਖੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਕਰਵਾਏ ਜਾ ਰਹੇ, ਸਾਲਾਨਾ ਸੈਮੀਨਾਰ ਲਈ ਪ੍ਰਾਪਤ ਹੋਏ ਪਰਚਿਆਂ ਵਿਚ ਸਿੱਖ ਅਧਿਅਨ ਨਾਲ ਸੰਬੰਧਿਤ ਹੋਰ ਵਿਸ਼ਿਆਂ ਸੰਬੰਧੀ ਤਾਂ ਪੇਪਰ ਲਿਖੇ ਗਏ ਹਨ, ਪਰ '**ਸਿੱਖ ਧਰਮ ਵਿਚ ਇਸਤਰੀ**' ਵਿਸ਼ੇ ਤੇ ਕੋਈ ਲੇਖ ਨਹੀਂ ਪ੍ਰਾਪਤ ਹੋਇਆ, ਇਸ ਲਈ ਇਸ ਵਿਸ਼ੇ ਬਾਰੇ ਲੇਖ ਲਿਖ ਕੇ ਭੇਜਿਆ ਜਾਏ। ਹੁਕਮ ਦੀ ਤਾਮੀਲ ਤਾਂ ਕਰਨੀ ਹੀ ਸੀ। ਦੋ ਚਾਰ ਦਿਨਾਂ ਵਿਚ ਹੀ, ਇਸ ਕਿਤਾਬ ਵਿਚ ਸਭ ਤੋਂ ਪਹਿਲਾਂ ਦਰਜ ਲੇਖ ਲਿਖ ਕੇ ਉਹਨਾਂ ਨੂੰ ਭੇਜਿਆ। ਉਹਨਾਂ ਵੱਲੋਂ ਲੇਖ ਨੂੰ ਸਾਲਾਹਿਆ ਗਿਆ।

ਬੇਸ਼ੱਕ ਸਿੱਖ ਧਰਮ ਵਿਚ ਅਧਿਅਨ ਵਿਚ ਰੁਚੀ ਤਾਂ ਵਿਰਸੇ ਵਿਚ ਹੀ ਮਿਲਣ ਦਾ ਸੁਭਾਗ ਪ੍ਰਾਪਤ ਸੀ ਅਤੇ ਪਹਿਲਾਂ ਵੀ ਕਈ ਮੌਕਿਆਂ ਤੇ ਇਸ ਵਿਸ਼ੇ ਬਾਰੇ ਆਪਣੇ ਵੀਚਾਰ ਪੇਸ਼ ਕਰਨ ਦੇ ਅਵਸਰ ਪ੍ਰਦਾਨ ਹੁੰਦੇ ਰਹੇ, ਪਰ ਇਸ ਵਿਸੇ ਸੰਬੰਧੀ ਲੇਖ ਲਿਖ ਕੇ ਕਿਸੇ ਸੈਮੀਨਾਰ ਸਮੇਂ ਵਿਦਵਾਨਾਂ ਦੀ ਭਰੀ ਸਭਾ ਵਿਚ ਪੇਪਰ ਪੜ੍ਹਣ ਦਾ ਇਹ ਪਹਿਲਾ ਮੌਕਾ ਸੀ। ਪੇਪਰ ਪੜ੍ਹਿਆ ਗਿਆ ਅਤੇ ਹਾਜ਼ਿਰ ਵਿਦਵਾਨਾਂ ਵੱਲੋਂ ਮਿਲੀ ਭਰਪੂਰ ਹੱਲਾਸ਼ੇਰੀ ਨੇ ਹੌਂਸਲਾ ਬੁਲੰਦ ਕੀਤਾ। ਡਾ. ਗੁਰਬਖਸ਼ ਸਿੰਘ ਜੀ USA , ਜੋ ਸ਼ੈਸ਼ਨ ਦੀ ਪ੍ਰਧਾਨਗੀ ਕਰ ਰਹੇ ਸਨ, ਵੱਲੋਂ ਖਾਸ ਤੌਰ ਤੇ ਇਸ ਲੇਖ ਦੀ ਪ੍ਰਸੰਸਾ ਕੀਤੀ ਗਈ। ਉਹਨਾਂ ਦਾ ਅਮਰੀਕਾ ਵਾਪਸ ਪਹੁੰਚ ਕੇ, ਇਸ ਲੇਖ ਦੀ ਪ੍ਰਸੰਸਾ ਵਿਚ ਪੱਤਰ ਲਿਖਣ ਨਾਲ ਮਨ ਵਿਚ ਹੋਰ ਉਤਸ਼ਾਹ ਪੈਦਾ ਹੋਇਆ ਅਤੇ ਇਉਂ ਸਿਲਸਿਲਾ ਸ਼ੁਰੂ ਹੋਇਆ, ਇਸ ਵਿਸ਼ੇ ਦੇ ਵੱਖ-ਵੱਖ ਪੱਖਾਂ ਤੇ ਲੇਖ ਲਿਖਣ ਲਈ ਹੋਰ ਅਧਿਅਨ ਦਾ। ਜਿਉਂ- ਜਿਉਂ ਗੁਰਬਾਣੀ ਦੇ ਇਸ ਪੱਖ ਦਾ ਅਧਿਅਨ ਵੱਧਦਾ ਗਿਆ ਅਤੇ ਇਸ ਵਿਸ਼ੇ ਨੂੰ ਪੱਛਮ ਦੀ '**ਨਾਰੀ ਮੁਕਤੀ ਲਹਿਰ**' ਦੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ, ਤਿਉਂ-ਤਿਉਂ ਮਨ ਵਿਸਮਾਦ ਦੀ ਅਵਸਥਾ ਵਿਚ ਆਉਂਦਾ ਗਿਆ ਅਤੇ ਗੁਰੂ ਸਾਹਿਬਾਨ ਦੀ ਸ਼ਖਸ਼ੀਅਤ ਵਿਚ ਗੁਰਬਾਣੀ ਦਾ ਇਹ ਕਥਨ ਰੂਪਮਾਨ ਹੁੰਦਾ ਨਜ਼ਰ ਆਇਆ:

**ਮੰਨੈ ਸਗਲ ਭਵਣ ਕੀ ਸੁਧਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੩)



ਅਤੇ ਨਾਲ ਹੀ ਸਿਰ ਨਤਮਸਤਕ ਹੋ ਗਿਆ, ਗੁਰੂ ਸਾਹਿਬ ਦੀ ਡੂੰਘੀ ਅਤੇ ਸਰਬਪੱਖੀ ਸੋਚਣੀ ਅਤੇ ਦੂਰ-ਦ੍ਰਿਸ਼ਟੀ ਸਾਹਮਣੇ।

ਬੇਸ਼ੱਕ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਡੂੰਘੀ ਆਸਥਾ ਰੱਖਣ ਵਾਲਿਆਂ ਕੋਲੋਂ, ਇਹ ਗੱਲ ਆਮ ਹੀ ਸੁਣਨ ਵਿਚ ਮਿਲਦੀ ਸੀ ਕਿ ਗੁਰਬਾਣੀ ਵਿਚ ਸਾਰੀਆਂ ਸਮਾਜਿਕ ਅਤੇ ਵਿਅਕਤੀਗਤ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕਦਾ ਹੈ, ਪਰ ਇਸ ਖਾਸ ਪੱਖ ਤੋਂ ਗੁਰਬਾਣੀ ਦਾ ਅਧਿਅਨ ਕਰਨ ਤੇ ਇਹ ਅਹਿਸਾਸ ਹੋਰ ਵੀ ਡੂੰਘਾ ਹੋ ਗਿਆ ਹੈ ਕਿ ਗੁਰੂ ਸਾਹਿਬਾਨ ਕੇਵਲ ਆਪਣੇ ਸਮੇਂ ਦੇ ਹਾਣੀ ਹੀ ਨਹੀਂ ਸਨ, ਬਲਕਿ ਸਮੇਂ ਤੋਂ ਕਿਤੇ ਅਗਾਂਹ ਵਧ ਕੇ ਵਿਚਰ ਰਹੇ ਸਨ ਅਤੇ ਨਾਲ ਹੀ ਇਹ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਗੁਰਬਾਣੀ ਦਾ ਸੱਚ, ਜੋ ਆਦਿ ਵੀ ਸੱਚ ਸੀ, ਜੁਗਾਦਿ ਵੀ ਸੱਚ ਸੀ, ਹੁਣ ਵੀ ਸੱਚ ਹੈ ਅਤੇ ਅੱਗੋਂ ਵੀ ਸੱਚ ਰਹੇਗਾ, ਭਾਵ ਸਦੀਵ ਕਾਲ ਲਈ ਸੱਚ ਹੈ; ਅਤੇ ਇਹ ਸਦੀਵੀ ਸੱਚ ਜਦੋਂ ਜੀਵਨ ਦੇ ਹਰ ਖੇਤਰ, ਹਰ ਪਹਿਲੂ ਭਾਵੇਂ ਉਹ ਵਿਅਕਤੀਗਤ, ਸਮਾਜਿਕ, ਸੱਭਿਆਚਾਰਕ ਜਾਂ ਆਰਥਿਕ ਹੋਵੇ, ਨਾਲ ਜੁੜ ਜਾਂਦਾ ਹੈ, ਤਾਂ ਜੀਵਨ ਦੀ ਹਰ ਸਮੱਸਿਆ ਦਾ ਹੱਲ ਸਹਿਜ-ਸੁਭਾਇ ਹੀ ਹੋ ਜਾਂਦਾ ਹੈ।

ਵੀਹਵੀਂ ਸਦੀ ਦੀ ਸਭ ਤੋਂ ਜਿਆਦਾ ਸਫਲ ਅਤੇ ਅਸਰਦਾਇਕ ਸਮਾਜਿਕ ਲਹਿਰ '**ਨਾਰੀ ਮੁਕਤੀ ਲਹਿਰ**' ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ। ਸਮਾਜ ਦੀ ਇਸਤਰੀ ਪ੍ਰਤੀ ਸੋਚਣੀ ਵਿਚ ਸੰਪੂਰਨ ਕ੍ਰਾਂਤੀ ਆ ਗਈ ਅਤੇ ਸਿੱਟੇ ਵਜੋਂ ਬਦਲੇ ਸਮਾਜਿਕ ਵਾਤਾਵਰਣ ਨੇ ਇਸਤਰੀ ਲਈ ਬਹੁਤ ਨਵੇਂ ਰਾਹ ਖੋਲ੍ਹੇ। ਪਰ ਇਸ ਸਾਰੇ ਸਫਰ ਵਿਚ ਬਹੁਤ ਕੁਝ ਅਜਿਹਾ ਵੀ ਵਾਪਰ ਗਿਆ, ਜੋ ਕਿਸੇ ਵੀ ਪੱਖ ਤੋਂ ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਰੁਕਾਵਟ ਸੀ।

ਇਸਤਰੀ ਕਿਵੇਂ ਸੰਪੂਰਨ ਆਜ਼ਾਦੀ ਦੀ ਮਾਲਕ ਹੋ ਕੇ ਵੀ ਪਰਿਵਾਰ ਅਤੇ ਸਮਾਜ ਵਿਚ ਉਸਾਰੂ ਹਿੱਸਾ ਪਾ ਸਕਦੀ ਹੈ, ਇਸਦਾ ਜਵਾਬ ਗੁਰਬਾਣੀ ਵਿਚ ਬਾ-ਖੂਬੀ ਮਿਲਦਾ ਹੈ । ਗੁਰਬਾਣੀ ਦੀ ਅਗਵਾਈ ਵਿਚ ਜੀਵਨ ਜੀਉਂਦਿਆਂ ਇਸਤਰੀ ਕਿਵੇਂ 'ਸੰਪੂਰਨ ਔਰਤ' ਬਣ ਸਕਦੀ ਹੈ, ਇਹ ਹੀ 'ਬਤੀਹ ਸੁਲਖਣੀ' ਵਿਚਲੇ ਲੇਖਾਂ ਦਾ ਵਿਸ਼ਾ ਹੈ। ਵਿਸਾ ਡੂੰਘੇ ਅਧਿਅਨ ਦੀ ਮੰਗ ਕਰਦਾ ਹੈ। ਹਾਲੇ ਤਾਂ ਗੁਹਲੇ ਵਿਚੋਂ ਪੂਣੀ ਹੀ ਛੁਹੀ ਗਈ ਹੈ। ਮੈਨੂੰ ਯਕੀਨ ਹੈ ਕਿ ਪੁਸਤਕ ਵਿਚਲੇ ਲੇਖ ਨੌਜਵਾਨ ਖੋਜਾਰਥੀਆਂ ਨੂੰ, ਇਸ ਵਿਸ਼ੇ ਸੰਬੰਧੀ ਖੋਜ ਨੂੰ ਅਗੇਰੇ ਲੈ ਕੇ ਜਾਣ ਲਈ ਪ੍ਰੇਰਿਤ ਕਰਨਗੇ।

'ਬਤੀਹ ਸੁਲਖਣੀ' ਵਿਚ ਦਰਜ ਲੇਖ ਵੱਖ-2 ਸੈਮੀਨਾਰਾਂ ਤੇ ਪੜ੍ਹੇ ਜਾਂਦੇ ਰਹੇ ਹਨ। ਕਿਉਂਕਿ ਗੁਰਬਾਣੀ ਦੀ ਅਧਿਆਤਮਕਤਾ ਜੀਵਨ ਦੇ ਹਰ ਪਹਿਲੂ ਨਾਲ ਜੁੜੀ ਹੋਈ ਹੈ, ਇਸ

ਲਈ ਵੱਖ-ਵੱਖ ਪ੍ਰਸੰਗਾਂ ਵਿਚ ਗੱਲ ਕਰਦਿਆਂ ਕਈ ਥਾਵਾਂ ਤੇ ਦੁਹਰਾਅ ਹੋ ਗਿਆ ਹੈ। ਬੇਸ਼ੱਕ ਇਹਨਾਂ ਲੇਖਾਂ ਨੂੰ ਕਿਤਾਬ ਰੂਪ ਵਿਚ ਸੰਪਾਦਿਤ ਕਰਨ ਸਮੇਂ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਅਜਿਹਾ ਘੱਟ ਤੋਂ ਘੱਟ ਵਾਪਰੇ, ਪਰ ਫਿਰ ਵੀ ਕੁਝ ਥਾਂ ਤੇ ਇਹ ਦੁਹਰਾਅ ਟਾਲਿਆ ਨਹੀਂ ਜਾ ਸਕਦਾ। ਆਸ ਹੈ ਕਿ ਪਾਠਕ ਖਿਮਾ ਕਰਨਗੇ।

ਇਹ ਕਿਤਾਬ ਆਪਣੇ ਸਤਿਕਾਰਯੋਗ ਪਿਤਾ ਸਵਰਗਵਾਸੀ ਸ੍ਰ: ਗੁਰਬਚਨ ਸਿੰਘ ਅਤੇ ਮਾਤਾ ਡਾ. ਕੁਲਦੀਪ ਕੌਰ ਜੀ (ਰਿਟਾ: ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੂੰ ਸਮਰਪਿਤ ਕਰਦਿਆਂ ਮੱਲੋ-ਮੱਲੀ ਧਿਆਨ ਪਰਿਵਾਰ ਦੇ ਉਹਨਾਂ ਪੁਰਖਿਆਂ ਵੱਲ ਜਾਂਦਾ ਹੈ, ਜਿਨ੍ਹਾਂ ਕੋਲੋਂ ਸਿੱਖ ਧਰਮ ਦੇ ਅਧਿਅਨ ਸੰਬੰਧੀ ਸ਼ੌਂਕ ਦੀ ਦਾਤ ਮਿਲੀ। ਆਪਣੇ ਸਤਿਕਾਰਯੋਗ ਨਾਨਾ ਸਵਰਗਵਾਸੀ ਮਾਸਟਰ ਸੁੰਦਰ ਸਿੰਘ ਜੀ ਅਤੇ ਸਵਰਗਵਾਸੀ ਮਾਮਾ ਜੀ ਸ੍ਰ: ਮਨਮੋਹਨ ਸਿੰਘ ਜੀ ਲਈ ਮਨ ਵਿਚ ਖਾਸ ਸਤਿਕਾਰ ਉਪਜਦਾ ਹੈ, ਜਿਨ੍ਹਾਂ ਦੇ ਅਮਲੀ ਜੀਵਨ ਨੇ ਬਾਣੀ ਪ੍ਰੇਮ ਦੀ ਜਾਗ ਲਾ ਕੇ ਜੀਵਨ ਨੂੰ ਵਡਮੁੱਲੀ ਸੇਧ ਦਿੱਤੀ। ਆਪਣੇ ਪਿਤਾ (ਸਹੁਰਾ ਸਾਹਿਬ) ਸਵਰਗਵਾਸੀ ਸ੍ਰ: ਅਮਰੀਕ ਸਿੰਘ ਜੀ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ, ਜੋ ਮੇਰੇ ਦੁਆਰਾ ਪੜ੍ਹੇ ਜਾਣ ਵਾਲੇ ਹਰ ਪੇਪਰ ਨੂੰ ਸੁਣਨ ਲਈ ਬੜੇ ਮਾਣ ਨਾਲ ਜਾਂਦੇ ਅਤੇ ਉਤਸ਼ਾਹਿਤ ਕਰਦੇ।

ਮੈਂ ਸ. ਜਸਵਿੰਦਰ ਸਿੰਘ ਖਾਲਸਾ, ਮੁੱਖ ਸੇਵਾਦਾਰ, ਸੁਕ੍ਰਿਤ ਟਰੱਸਟ ਦੀ ਰਿਣੀ ਹਾਂ, ਜਿਨ੍ਹਾਂ ਮੇਰੀ ਨਿੱਕੀ ਜਿਹੀ ਬੇਨਤੀ ਤੇ ਇਹ ਪੁਸਤਕ ਵੱਡੀ ਗਿਣਤੀ ਵਿੱਚ ਛਾਪਣ ਅਤੇ ਲਾਗਤ ਮਾਤਰ ਮੁੱਲ ਤੇ ਵੰਡਣ ਦੀ ਸੇਵਾ ਕੀਤੀ ਹੈ।

ਆਪਣੇ ਪਤੀ ਸ੍ਰ. ਸੁਰਿੰਦਰ ਸਿੰਘ ਚੀਫ ਇੰਜੀਨੀਅਰ (ਰਿਟਾ:) ਦਾ ਧੰਨਵਾਦ ਕਿਵੇਂ ਕਰਾਂ। ਉਹ ਤਾਂ ਮੇਰੀ ਹਰ ਪ੍ਰਾਪਤੀ ਨੂੰ ਆਪਣੀ ਪ੍ਰਾਪਤੀ ਸਮਝਦੇ ਹਨ। ਬੱਚੇ ਡਾ. ਤਰੁਣਦੀਪ ਸਿੰਘ, ਇੰ: ਭਵਦੀਪ ਸਿੰਘ, ਅਤੇ ਇੰਜੀ: ਈਸ਼ਵਰਦੀਪ ਸਿੰਘ ਵੀ ਹੋਰ ਮਿਹਨਤ ਕਰਨ ਲਈ ਉਤਸ਼ਾਹ ਕਰਦੇ ਅਤੇ ਗੱਲਾਂ ਹੀ ਗੱਲਾਂ ਵਿਚ ਵਡਮੁੱਲੇ ਸੁਝਾਅ ਦਿੰਦੇ। ਮੈਨੂੰ ਉਹਨਾਂ ਨੇ ਇਹ ਖੁੱਲ੍ਹ ਦਿੱਤੀ ਕਿ ਮੈਂ ਆਪਣੀਆਂ ਕੰਮਕਾਜੀ ਅਤੇ ਘਰੋਗੀ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਸਿੱਖ ਅਧਿਅਨ ਨੂੰ ਵੀ ਸਮਾਂ ਦੇ ਸਕਾਂ। ਇਹ ਸਾਰੇ ਫਰਜ਼ ਨਿਭਾਉਂਦਿਆਂ, ਉਹ ਬੜੀ ਵਾਰੀ ਅਣਗੌਲੇ ਵੀ ਰਹਿ ਗਏ ਹੋਣਗੇ, ਪਰ ਉਹਨਾਂ ਮੈਨੂੰ ਕਦੀ ਇਸ ਗੱਲ ਦਾ ਅਹਿਸਾਸ ਨਹੀਂ ਹੋਣ ਦਿੱਤਾ। ਮੇਰੀ ਹਰ ਪ੍ਰਾਪਤੀ ਵਿਚ ਉਹ ਮਾਣ ਮਹਿਸੂਸ ਕਰਦੇ। ਬੱਚੀ (ਨੂੰਹ ਰਾਣੀ) ਕੀਰਤ ਕੌਰ ਅਤੇ ਪਰਿਵਾਰ ਦੇ ਹੋਰ ਸਾਰੇ ਮੈਂਬਰਾਂ ਦੀ ਮੈਂ ਤਹਿ-ਦਿਲੋਂ ਧੰਨਵਾਦੀ ਹਾਂ, ਜੋ ਸਮੇਂ-ਸਮੇਂ ਮੈਨੂੰ ਪ੍ਰੇਰਨਾ ਦੇਂਦੇ ਰਹੇ।

ਮੈਂ ਧੰਨਵਾਦੀ ਹਾਂ, ਡਾ. ਬਰਜਿੰਦਰ ਕੌਰ ਦੀ, ਜਿਨ੍ਹਾਂ ਮੈਨੂੰ ਇਹ ਲੇਖ ਪੁਸਤਕ ਰੂਪ



ਵਿਚ ਸਾਂਭਣ ਲਈ ਪ੍ਰੇਰਿਆ।

ਮੇਰੇ ਖਾਸ ਧੰਨਵਾਦ ਦੀ ਪਾਤਰ ਹੈ, ਪ੍ਰੋ. ਜੈਸਮੀਨ ਪਸਰੀਚਾ, ਜੋ ਚੰਡੀਗੜ੍ਹ ਦੇ ਐਮ. ਸੀ. ਐਮ. ਡੀ. ਏ. ਵੀ. ਕਾਲਜ ਵਿਚ ਕੋਮਲ ਕਲਾ ਦੀ ਪ੍ਰਾਧਿਆਪਕਾ ਹੈ। ਸਮਝ ਨਹੀਂ ਸੀ ਆ ਰਹੀ ਕਿ ਗੁਰਬਾਣੀ ਵਿਚ ਆਏ 'ਬਤੀਹ ਸੁਲਖਣੀ' ਦੇ ਸੰਕਲਪ ਨੂੰ ਮੁੱਖ ਪੰਨੇ ਤੇ ਕਿਵੇਂ ਦਰਸਾਇਆ ਜਾਏ। ਜੈਸਮੀਨ ਨਾਲ ਹੋਈ ਸੁਭਾਵਿਕ ਮਿਲਣੀ ਸਮੇਂ, ਉਸਨੂੰ ਇਹ ਸੰਕਲਪ ਸਮਝਾਇਆ ਤਾਂ ਉਸਨੇ ਦੋ ਦਿਨਾਂ ਵਿਚ ਹੀ ਇਸ ਸੰਕਲਪ ਨੂੰ ਪੇਂਟਿੰਗ ਦੇ ਰੂਪ ਵਿਚ ਸਾਕਾਰ ਕਰ ਦਿਖਾਇਆ। ਇਹ ਸੁੰਦਰ ਅਤੇ ਭਾਵਪੂਰਤ ਚਿੱਤਰ ਹੀ ਮੁੱਖ ਪੰਨੇ ਦੀ ਸ਼ੋਭਾ ਵਧਾ ਰਿਹਾ ਹੈ। **ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥** ਅਨੁਸਾਰ ਮੋਹ ਰੂਪ ਚਿੱਕੜ ਭਰਪੂਰ ਸੰਸਾਰ ਵਿਚ ਬਹੁਤੀ ਲੁਕਾਈ ਡੁੱਬਣ ਤੋਂ ਨਹੀਂ ਬਚ ਸਕੀ। ਪਰ 'ਬਤੀਹ ਸੁਲਖਣੀ', ਸੰਸਾਰ ਰੂਪੀ ਚਿੱਕੜ ਵਿਚ ਰਹਿੰਦਿਆਂ ਵੀ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਧਾਰ ਕੇ ਕੰਵਲ ਦੇ ਬੂਟੇ ਤੇ ਧਿਆਨ ਵਿਚ ਬੈਠੀ ਦਿਖਾਈ ਗਈ ਹੈ ਅਤੇ ਇਸ ਨਿਰਲੇਪਤਾ ਨੇ ਹੀ ਉਸਦੇ ਹਿਰਦੇ ਵਿਚ 'ਕਮਲ ਪ੍ਰਗਾਸੁ' ਦਿੱਤਾ ਹੈ।

**ਹਰਿ ਹਰਿ ਨਾਮ ਉਰਿਧਾਰਿਆ**

**ਹਰਿ ਹਿਰਦੈ ਕਮਲ ਪ੍ਰਗਾਸੁ ॥**

ਵਾਹਿਗੁਰੂ ਕਰੇ, ਅੱਜ ਦੀ ਇਸਤਰੀ 'ਬਤੀਹ ਸੁਲਖਣੀ' ਬਣ ਕਮਲ ਫੁੱਲ ਦੀ ਤਰ੍ਹਾਂ ਪਵਿੱਤਰ ਜੀਵਨ ਜੀਊਦਿਆਂ, ਗੁਰਬਾਣੀ ਦੇ ਕਥਨ '**ਗਿਰਹ ਕੁਟੰਬ ਮਹਿ ਸਹਜਿ ਸਮਾਧੀ**' ਨੂੰ ਰੂਪ ਮਾਨ ਕਰਕੇ ਸਮਾਜਿਕ ਬੁਰਾਈਆਂ ਨੂੰ ਦੂਰ ਕਰ ਨਰੋਆ ਅਤੇ ਸਿਹਤਮੰਦ ਸਮਾਜ ਸਿਰਜਣ ਦੇ ਕਾਬਲ ਬਣ ਸਕੇ।

**ਪ੍ਰਭਜੋਤ ਕੌਰ**,
ਪ੍ਰਿੰਸੀਪਲ (ਸਾਬਕਾ)
ਸਰਕਾਰੀ ਕਾਲਜ (ਇਸਤਰੀਆਂ)
ਲੁਧਿਆਣਾ

## pkwSn mnrQ

ਪ੍ਰਿੰ: ਪ੍ਰਭਜੋਤ ਕੌਰ ਇਕ ਅਜਿਹੀ ਖੁਸ਼ਕਿਸਮਤ ਸ਼ਖਸ਼ੀਅਤ ਹਨ ਜਿਨ੍ਹਾਂ ਨੂੰ ਸਿੱਖੀ ਨਾਲ ਪ੍ਰੇਮ ਨਾਨਕਿਆਂ ਦਾਦਕਿਆਂ ਤੋਂ ਵਿਰਸੇ ਵਿਚ ਪ੍ਰਾਪਤ ਹੋਇਆ ਹੈ। ਆਪਣਾ ਮੁਢਲਾ ਜੀਵਨ ਲੁਧਿਆਣਾ ਵਿਖੇ ਮਾਤਾ ਕੁਲਦੀਪ ਕੌਰ ਅਤੇ ਪਿਤਾ ਸ੍ਰ: ਗੁਰਬਚਨ ਸਿੰਘ ਜੀ ਦੀ ਸੁਚੱਜੀ ਦੇਖ ਰੇਖ ਵਿਚ ਬਿਤਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ ਅੰਗਰੇਜ਼ੀ ਅਤੇ ਪੰਜਾਬੀ ਕਰਕੇ ਅਧਿਆਪਨ ਦਾ ਕਿੱਤਾ ਅੰਗਰੇਜ਼ੀ ਵਿਸ਼ੇ ਨੂੰ ਬਣਾਇਆ ਅਤੇ ਇਸੇ ਵਿਸ਼ੇ ਵਿਚ ਹੀ ਪੰਜਾਬ ਯੂਨੀਵਰਸਿਟੀ ਤੋਂ ਐਮ.ਫਿਲ ਦੀ ਡਿਗਰੀ ਪ੍ਰਾਪਤ ਕੀਤੀ। ਪੰਜਾਬ ਦੇ ਵੱਖ-ਵੱਖ ਕਾਲਜਾਂ ਵਿਚ 37 ਸਾਲ ਦੇ ਅਧਿਆਪਨ ਤਜਰਬੇ ਤੋਂ ਬਾਦ ਸਰਕਾਰੀ ਕਾਲਜ (ਇਸਤਰੀਆਂ) ਤੋਂ ਪ੍ਰਿੰਸੀਪਲ ਵਜੋਂ ਸੇਵਾ ਮੁਕਤ ਹੋਏ।

ਆਪ ਦਾ ਮੁਖ ਅਧਿਅਨ ਖੇਤਰ ਸਿੱਖ ਧਰਮ ਅਧਿਐਨ ਹੀ ਰਿਹਾ ਹੈ, ਪਰ 'ਸਿਖ ਧਰਮ ਅਤੇ ਨਾਰੀਵਾਦ' ਖਾਸ ਤੌਰ ਤੇ ਆਪ ਦੀ ਦਿਲਚਸਪੀ ਦਾ ਵਿਸ਼ਾ ਹੈ। ਨਾਰੀਵਾਦ ਦੀਆਂ ਵੱਖ-ਵੱਖ ਲਹਿਰਾਂ ਦਾ ਅਧਿਐਨ ਕਰਦਿਆਂ ਆਪ ਨੇ ਮਹਿਸੂਸ ਕੀਤਾ ਕਿ ਸਿਖ ਗੁਰੂ ਸਹਿਬਾਨ ਵੱਲੋਂ ਦਰਸਾਏ ਮਾਰਗ ਦੀ ਰੌਸ਼ਨੀ ਵਿਚ ਇਹ ਲਹਿਰਾਂ ਫਿੱਕੀਆਂ ਜਾਪਦੀਆਂ ਹਨ। ਗੁਰਮਤਿ ਦੀ ਇਸ ਵਿਸ਼ੇਸ ਦੇਣ ਨੂੰ ਆਪ ਨੇ ਸਿੱਖ ਜਗਤ ਸਾਹਮਣੇ ਰੱਖਣ ਦਾ ਟੀਚਾ ਮਿਥਿਆ ਅਤੇ ਇਸ ਨੂੰ ਸਫਲਤਾ ਪੂਰਵਕ ਨਿਭਾਇਆ।

ਪੁਸਤਕ ਵਿਚਲੇ ਲੇਖ ਆਪ ਨੇ ਵੱਖ-ਵੱਖ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸੈਮੀਨਾਰਾਂ ਵਿਚ ਪ੍ਰਸਤੁਤ ਕੀਤੇ। ਵੱਖ-ਵੱਖ ਰਸਾਲਿਆਂ ਤੇ ਕਿਤਾਬਾਂ ਵਿਚ ਛਪੇ ਇਹਨਾਂ ਕਈ ਲੇਖਾਂ ਰਾਹੀਂ ਆਪ ਸਿਖ ਵਿਦਵਾਨਾਂ ਦੀ ਪਹਿਲੀ ਕਤਾਰ ਵਿਚ ਜਾ ਖੜ੍ਹੇ ਹੋਏ ਹਨ।

ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲਿਆਂ) ਨੇ ਸੁਕ੍ਰਿਤ ਟਰੱਸਟ ਦੀ ਸਥਾਪਨਾ ਕਰਨ ਸਮੇਂ ਸਾਨੂੰ ਵਿਸ਼ੇਸ਼ ਹਿਦਾਇਤ ਕੀਤੀ ਕਿ ਪ੍ਰਿੰ. ਪ੍ਰਭਜੋਤ ਕੌਰ ਜੀ ਦੀਆਂ ਵਡਮੁੱਲੀਆਂ ਸੇਵਾਵਾਂ ਲਈਆਂ ਜਾਣ। ਆਪ ਜੀ 'ਸੁਕ੍ਰਿਤ ਟਰੱਸਟ' ਦੇ ਮੋਢੀ ਵਜੋਂ ਨਿਰੰਤਰ ਵੱਖ-ਵੱਖ ਸੇਵਾਵਾਂ ਨਿਭਾ ਰਹੇ ਹਨ। ਸੁਕ੍ਰਿਤ ਟਰੱਸਟ ਇਹ ਪੁਸਤਕ ਛਾਪਣ ਵਿੱਚ ਅਤਿਅੰਤ ਖੁਸ਼ੀ ਤੇ ਸੁਭਾਗ ਮਹਿਸੂਸ ਕਰ ਰਹਿਆ ਹੈ।

ਰੇਣੁਕਾ ਸਰਬਜੀਤ ਸਿੰਘ
ਸਹਿਯੋਗੀ ਪ੍ਰੋਫੈਸਰ (ਪੱਤਰਕਾਰੀ)
ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਲੁਧਿਆਣਾ



# ਸਿੱਖ ਧਰਮ ਵਿਚ ਇਸਤਰੀ ਦਾ ਸਥਾਨ ਤੇ ਯੋਗਦਾਨ

ਕਹਿੰਦੇ ਹਨ, ਕਿ ਪੰਘੂੜੇ ਨੂੰ ਝੂਟੇ ਦੇਣ ਵਾਲੀ ਮਾਂ ਹੀ ਅਸਿੱਧੇ ਤੌਰ ਤੇ ਸੰਸਾਰ ਵਿਚ ਰਾਜ ਕਰਦੀ ਹੈ। ਅਨੇਕਾਂ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਦੂਜੇ ਪਾਸੇ ਲੋਕ-ਕਥਾਵਾਂ ਵਿਚ ਇਕ ਅਜਿਹੀ ਮਾਂ ਦਾ ਜ਼ਿਕਰ ਆਉਂਦਾ ਹੈ, ਜਿਸ ਦਾ ਕੰਨ ਉਸਦੇ ਪੁੱਤਰ ਨੇ ਉਦੋਂ ਕੱਟ ਲਿਆ, ਜਦੋਂ ਉਹ ਉਸ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਗਈ। ਪੀੜ ਨਾਲ ਕਰਾਹੁੰਦੀ, ਹੈਰਾਨ ਹੋਈ ਮਾਂ ਨੇ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਪੁੱਤਰ ਨੇ ਕਿਹਾ, "ਹੇ ਮਾਂ, ਅੱਜ ਮੈਨੂੰ ਜੇਲ੍ਹ ਦੀ ਹਵਾ ਨਾ ਖਾਣੀ ਪੈਂਦੀ, ਜੇ ਤੂੰ ਮੈਨੂੰ ਚੋਰੀ ਕਰਨ ਤੋਂ ਉਸ ਦਿਨ ਮਨ੍ਹਾਂ ਕਰਦੀ, ਜਿਸ ਦਿਨ ਮੈਂ ਪਹਿਲੀ ਵਾਰੀ ਆਪਣੇ ਜਮਾਤੀ ਦੇ ਬਸਤੇ ਵਿਚੋਂ ਕਲਮ ਚੁਰਾ ਕੇ ਲਿਆਇਆ ਸੀ"।

ਸਪੱਸ਼ਟ ਹੈ ਕਿ ਕਿਸੇ ਵਿਅਕਤੀ ਦੇ ਆਚਰਣ ਦੀ ਘਾੜਤ ਵਿਚ ਮਾਂ ਦਾ ਖਾਸ ਯੋਗਦਾਨ ਹੁੰਦਾ ਹੈ। ਬੜੀ ਹੀ ਸੂਖ਼ਮ ਦ੍ਰਿਸ਼ਟੀ ਦੇ ਮਾਲਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕੌਮ ਉਸਾਰੀ ਵਿਚ ਮਾਤਾ ਦੇ ਯੋਗਦਾਨ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ, ਦੁਨੀਆ ਭਰ ਦੀਆਂ ਮਾਤਾਵਾਂ ਦੇ ਹੱਕ ਨਾਅਰਾ ਲਗਾਉਂਦਿਆਂ ਕਿਹਾ,

**'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥'**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੪੭੩)

ਔਰਤ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੇ, ਸਭ ਤੋਂ ਪਹਿਲੇ ਮਹਾਂਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ, ਇਹ ਤੁਕ ਸਿੱਖ ਕੌਮ ਦੇ ਸੰਗਤੀ ਨਿੱਤਨੇਮ ਦੀ ਬਾਣੀ 'ਆਸਾ ਕੀ ਵਾਰ' ਦੀ ਉਨੀਂਵੀਂ ਪਉੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 473 ਉਤੇ ਦਰਜ ਹੈ, ਇਸ ਪਉੜੀ ਦੇ ਪਹਿਲੇ ਸਲੋਕ ਵਿਚ, ਗੁਰੂ ਸਾਹਿਬ ਉਹਨਾਂ ਲੋਕਾਂ ਦੀ ਚਰਚਾ ਕਰਦੇ ਹਨ, ਜੋ ਆਪਣੇ ਆਪ ਨੂੰ ਉੱਚਾ ਅਤੇ ਸੁੱਚਾ ਸਮਝਦੇ ਹੋਏ, ਇਸਤਰੀਆਂ ਅਤੇ ਅਖੌਤੀ ਸ਼ੂਦਰ ਜਾਤਾਂ ਨੂੰ ਨੀਵਾਂ ਸਮਝ ਕੇ, ਉਹਨਾਂ ਨਾਲ ਵਿਤਕਰਾ ਅਤੇ ਭਿੱਟ ਕਰਦੇ ਹਨ, ਜਦੋਂ ਕਿ ਅਜਿਹੇ ਮਨੁੱਖ ਆਪ ਇਤਨੇ ਨੀਵੇਂ ਹੁੰਦੇ ਹਨ ਕਿ ਉਹਨਾਂ ਦੀ ਸੰਗਤ ਵਿਚ ਲੱਗ ਕੇ ਪਵਿੱਤਰ

ਮਨੁੱਖ ਵੀ ਅਪਵਿੱਤਰ ਹੋਣ ਦੇ ਖਤਰੇ ਵਿਚ ਆ ਜਾਂਦਾ ਹੈ। ਅਜਿਹੇ ਮਨੁੱਖਾਂ ਨੂੰ ਕੀ ਹੱਕ ਹੈ ਕਿ ਉਹ ਇਸਤਰੀਆਂ ਅਤੇ ਅਖੌਤੀ ਨੀਵੀਆਂ ਜਾਤਾਂ ਨੂੰ ਧਰਮ ਅਸਥਾਨਾਂ ਤੇ ਜਾਣ ਤੋਂ ਮਨ੍ਹਾਂ ਕਰਨ, ਧਰਮ ਸ਼ਾਸਤਰਾਂ ਦੇ ਪੜ੍ਹਣ ਉਤੇ ਪਾਬੰਦੀ ਲਗਾਉਣ ਜਾਂ ਹੋਰ ਕਿਸੇ ਤਰ੍ਹਾਂ ਦਾ ਵਿਤਕਰਾ ਕਰਨ?

ਦੂਸਰੇ ਸਲੋਕ ਵਿਚ ਗੁਰੂ ਸਾਹਿਬ ਇਸਤਰੀ ਬਾਰੇ ਖਾਸ ਤੌਰ ਤੇ ਲਿਖਦੇ ਹਨ ਕਿ ਸੱਚਾਈ ਤਾਂ ਇਹ ਹੈ ਕਿ ਜਿਸ ਇਸਤਰੀ ਨੂੰ ਅਜਿਹਾ ਧਾਰਮਿਕ ਆਗੂ ਨੀਵਾਂ ਸਮਝਦਾ ਹੈ, ਉਸ ਬਿਨਾਂ, ਉਸਦਾ ਗੁਜ਼ਾਰਾ ਨਹੀਂ। ਇਸਤਰੀ ਬਿਨਾਂ ਤਾਂ ਸੰਸਾਰ ਦੀ ਹੋਂਦ ਹੀ ਸੰਭਵ ਨਹੀਂ। ਇਸ ਤੋਂ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ, ਪ੍ਰਾਣੀ ਜਨਮ ਲੈਂਦਾ ਹੈ, ਇਸ ਨਾਲ ਹੀ ਵੱਡੇ ਹੋ ਕੇ ਉਸਦਾ ਸੰਜੋਗ ਬਣਦਾ ਹੈ। ਇਸਤਰੀ ਨਾਲ ਹੀ ਉਸਦੇ ਸਾਰੇ ਸੰਸਾਰਕ ਸੰਬੰਧ ਬਣਦੇ ਹਨ। ਇਥੋਂ ਤੱਕ ਕਿ ਜੇ ਇਕ ਇਸਤਰੀ ਦੀ ਮੌਤ ਹੋ ਜਾਏ ਤਾਂ ਉਹ ਦੂਸਰੀ ਇਸਤਰੀ ਦੀ ਭਾਲ ਕਰਦਾ ਹੈ। ਫਿਰ ਇਸਤਰੀ ਨੂੰ ਹੀ ਮੰਦਾ ਕਹਿਣਾ ਕੀ ਆਪਣੇ ਆਪ ਵਿਚ ਸਵੈ-ਵਿਰੋਧੀ ਨਹੀਂ? ਨਿਹਕਲੰਕ ਸਮਝੇ ਜਾਣ ਵਾਲੇ ਰਾਜਿਆਂ ਦੀ ਜਨਮ ਦਾਤੀ ਨੂੰ ਕਲੰਕਣੀ ਕਹਿਣਾ ਕਿੰਨਾ ਕੁ ਉਚਿਤ ਹੈ ? ਇਸੇ ਪਉੜੀ ਵਿਚ ਹੀ ਗੁਰੂ ਸਾਹਿਬ ਫੁਰਮਾਉਂਦੇ ਹਨ :

**'ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥'**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੪੭੩)

ਮੰਦਾ ਤਾਂ ਕਿਸੇ ਨੂੰ ਵੀ ਕਹਿਣਾ ਉਚਿਤ ਨਹੀਂ ਤਾਂ ਫਿਰ ਸੰਸਾਰ ਦੀ ਜਨਨੀ ਨੂੰ ਕਿਵੇਂ ਮੰਦਾ ਕਿਹਾ ਜਾ ਸਕਦਾ ਹੈ?

ਪਰ ਅਫਸੋਸ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਇਸਤਰੀ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਦੇਵੀਆਂ ਦੀ ਪੂਜਾ ਕਰਨ ਵਾਲੇ ਪੂਰਬੀ ਸਮਾਜ ਵਿਚ ਇਸਤਰੀ ਨੂੰ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਸਨਮਾਨਜਨਕ ਦਰਜਾ ਹਾਸਲ ਨਹੀਂ ਸੀ। ਉਸਨੂੰ ਕਲੰਕਣੀ, ਬਾਘਣ, ਵਿਸ ਦੀ ਗੰਦਲ ਅਤੇ ਪੈਰ ਦੀ ਜੁੱਤੀ ਕਹਿ ਕੇ ਦੁਰਕਾਰਿਆ ਜਾਂਦਾ ਸੀ। ਔਰਤ ਨੂੰ ਚੰਗੇਰਾ ਅੱਧ ਕਹਿਣ ਵਾਲੇ, ਪੱਛਮੀ ਸਮਾਜ ਵਿਚ ਵੀ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਹਾਸਿਲ ਨਹੀਂ ਸੀ। ਇਸਤਰੀ ਦੀ ਵਿਰੋਧਤਾ ਤਾਂ ਆਦਮ ਅਤੇ ਹਵਾ ਦੀ ਕਹਾਣੀ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਮਨੁੱਖ ਦੇ ਸਾਰੇ ਦੁੱਖਾਂ ਦਾ ਕਾਰਣ ਇਸਤਰੀ ਨੂੰ ਹੀ ਸਮਝਿਆ ਗਿਆ ਹੈ, ਕਿਉਂਕਿ ਉਸਨੇ ਹੀ ਆਦਮ ਨੂੰ ਫੁਸਲਾ ਕੇ ਉਸ ਤੋਂ ਮੁੱਢਲਾ ਗੁਨਾਹ ਕਰਵਾਇਆ, ਜਿਸ ਕਾਰਨ ਆਦਮ ਅਤੇ ਉਸਦੀ ਔਲਾਦ ਨੂੰ ਇਸ ਦੁੱਖਾਂ ਭਰੇ ਸਮਾਜ ਵਿਚ ਜਨਮ ਲੈਣਾ



ਪਿਆ, ਅਤੇ ਨਤੀਜੇ ਵਜੋਂ ਉਹ ਅੱਜ ਤਕ ਦੁੱਖ ਭੋਗ ਰਿਹਾ ਹੈ।

ਇੰਗਲੈਂਡ ਵਰਗੇ ਅਗਾਂਹ ਵਧੂ ਦੇਸ਼ ਵਿਚ ਵੀ ਇਸਤਰੀ ਨੂੰ ਮਰਦ ਦੇ ਬਰਾਬਰ ਵੋਟ ਦਾ ਅਧਿਕਾਰ ਵੀਹਵੀਂ ਸਦੀ ਦੇ ਆਰੰਭ ਵਿਚ ਬੜੀ ਜਦੋ-ਜਹਿਦ ਤੋਂ ਬਾਅਦ ਹੀ ਮਿਲ ਸਕਿਆ। ਕੁਝ ਕਬੀਲੇ (ਯਹੂਦੀ) ਅੱਜ ਵੀ ਅਰਦਾਸ ਕਰਨ ਸਮੇਂ ਕਹਿੰਦੇ ਹਨ "ਹੇ ਰੱਬ ਜੀ, ਤੇਰਾ ਮੈਂ ਧੰਨਵਾਦੀ ਹਾਂ, ਤੂੰ ਮੈਨੂੰ ਨਾ ਤਾਂ ਕਾਫਰ ਦੇ ਘਰ ਜਨਮ ਦਿੱਤਾ ਹੈ ਅਤੇ ਨਾ ਹੀ ਇਸਤਰੀ ਪੈਦਾ ਕੀਤਾ ਹੈ"। ਇਕ ਹੋਰ ਸ਼ਾਇਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ :

**ਅਗਰ ਨੇਕ ਬੂਦੇ ਸਰੰਜਾਮੇ ਜੱਨ । ਜਨਾ ਰਾ ਮਜ਼ਨ ਨਾਮ ਬੂਦੇ ਨਾ ਜੱਨ ।**

ਭਾਵ- ਜੇ ਕੋਈ ਇਸਤਰੀ ਨੇਕ ਕੰਮ ਕਰ ਵੀ ਦੇਵੇ ਤਾਂ ਉਸ ਕੰਮ ਨੂੰ ਔਰਤ ਦੇ ਨਾਮ ਨਾਲ ਜੋੜਨਾ ਉਚਿਤ ਨਹੀਂ ਕਿਉਂਕਿ ਔਰਤ ਅਤੇ ਨੇਕੀ ਦੋ ਵਿਰੋਧੀ ਗੱਲਾਂ ਹਨ।

ਸੁਕਰਾਤ ਅਤੇ ਅਰਸਤੂ ਵਰਗੇ ਪ੍ਰਸਿੱਧ ਫਿਲਾਸਫਰ ਵੀ ਇਸ ਪੱਖੋਂ ਪਿੱਛੇ ਨਹੀਂ। ਸੁਕਰਾਤ ਕਹਿੰਦਾ ਹੈ, "The courage of a Man and that of a Woman are not the same. The courage of a Man is shown in command that of a Woman in obeying."

**ਭਾਵ :** ਇਸਤਰੀ ਅਤੇ ਮਰਦ ਦੀ ਹਿੰਮਤ ਵਿਚ ਬੜਾ ਫਰਕ ਹੈ, ਮਰਦ ਦੀ ਹਿੰਮਤ ਹੁਕਮ ਮਨਾਉਣ ਵਿਚ ਹੈ ਅਤੇ ਇਸਤਰੀ ਦੀ ਮੰਨਣ ਵਿਚ। ਇਸੇ ਤਰ੍ਹਾਂ ਅਰਸਤੂ ਕਹਿੰਦਾ ਹੈ, "Woman is an unfinished man left standing on a lower step in the scale of a development. The male is by nature superior and female inferior, the one is ruler and the other ruled. Woman is weak of will and therefore, incapable of independence of character and position."

**ਭਾਵ :** ਇਸਤਰੀ ਇਕ ਅਪੂਰਨ ਸ਼ਕਤੀ ਹੈ, ਜੋ ਵਿਕਾਸ ਦੀ ਪੌੜੀ ਵਿਚ ਮਰਦ ਤੋਂ ਥੱਲੇ ਹੈ। ਮਰਦ ਸੁਭਾਵਕ ਤੌਰ ਤੇ ਹੀ ਇਸਤਰੀ ਨਾਲੋਂ ਵਧੀਆ ਹੈ ਅਤੇ ਔਰਤ ਤੇ ਰਾਜ ਕਰਨਾ, ਉਸਦਾ ਹੱਕ ਹੈ। ਔਰਤ ਕਮਜ਼ੋਰ ਇਰਾਦਾ ਸ਼ਖਸ਼ੀਅਤ ਹੈ, ਇਸ ਲਈ ਉਹ ਸੁਤੰਤਰ ਫੈਸਲੇ ਲੈਣ ਦੇ ਸਮਰੱਥ ਨਹੀਂ ਹੈ।

ਸਮਾਜ ਦੇ ਆਮ ਮਨੁੱਖ ਦੀ ਗੱਲ ਤਾਂ ਦੂਰ ਰਹੀ, ਧਾਰਮਿਕ ਆਗੂ ਅਤੇ ਮਹਾਂਪੁਰਸ਼ ਵੀ ਇਸਤਰੀ ਨਾਲ ਇਨਸਾਫ ਨਹੀਂ ਕਰ ਸਕੇ। ਇਸਲਾਮ ਨੇ ਬਹੁਪਤਨੀਆਂ ਦੀ ਆਗਿਆ ਦੇ ਕੇ ਅਤੇ ਇਸਤਰੀ ਨੂੰ ਪਰਦੇ ਵਿਚ ਰੱਖ ਕੇ ਇਸਤਰੀ ਦੀ ਸਮਾਜਿਕ ਪਦਵੀ ਨੂੰ ਬਹੁਤ ਨੀਵਾਂ

ਕਰ ਦਿੱਤਾ ਹੈ। ਗੌਤਮ ਬੁੱਧ ਨੇ ਆਪਣੇ ਚੇਲੇ ਆਨੰਦ ਨੂੰ ਇਹ ਹੁਕਮ ਕਰ ਦਿੱਤਾ ਕਿ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਜੇ ਕਿਸੇ ਸਮੇਂ ਇਹਨਾਂ ਨੂੰ ਸ਼ਾਮਿਲ ਕਰ ਲਿਆ ਗਿਆ ਤਾਂ ਸੰਘ ਜਿਆਦਾ ਦੇਰ ਤੱਕ ਨਹੀਂ ਰਹਿ ਸਕੇਗਾ। ਜੇ ਗੋਇਥੇ ਕਹਿੰਦਾ ਹੈ ਕਿ ਇਸਤਰੀ ਵਿਚ ਰੂਹ ਨਹੀਂ ਹੁੰਦੀ, ਤਾਂ ਸ਼ੇਕਸਪੀਅਰ ਕਹਿ ਦਿੰਦਾ ਹੈ ਕਿ ਕਮਜ਼ੋਰੀ ਦਾ ਨਾਮ ਇਸਤਰੀ ਹੈ। ਮਨੂੰ ਫੈਸਲਾ ਦੇ ਦਿੰਦਾ ਹੈ ਕਿ ਇਸਤਰੀ ਅਗਿਆਨ ਅਤੇ ਕੂੜ ਦੀ ਮੂਰਤ ਹੈ।

ਜੈਨੀ ਗ੍ਰੰਥਾਂ ਵਿਚ ਇਸਤਰੀ ਨੂੰ ਮਾਇਆ ਅਤੇ ਸਰਪਣੀ ਤੱਕ ਕਿਹਾ ਗਿਆ ਹੈ। ਤੁਲਸੀ ਦਾਸ ਨੇ ਤਾਂ ਹੱਦ ਮੁਕਾ ਦਿੱਤੀ, ਜਦੋਂ ਉਸਨੇ ਇਸਤਰੀ ਦਾ ਦਰਜਾ ਗਵਾਰ, ਸ਼ੂਦਰ ਅਤੇ ਪਸ਼ੂ ਬਰਾਬਰ ਕਰ ਦਿੱਤਾ। ਦੁਨੀਆਂ ਭਰ ਵਿਚ ਫੈਸਲੇ ਈਸਾਈ ਧਰਮ ਵਿਚ ਵੀ, ਇਸਤਰੀ ਨੂੰ ਬਰਾਬਰ ਦਾ ਦਰਜਾ ਨਹੀਂ ਦਿੱਤਾ ਗਿਆ। ਈਸਾਈ ਧਰਮ ਵਿੱਚ ਇਸਤਰੀ ਨੂੰ ਪਾਦਰੀ ਬਣਨ ਦਾ ਹੱਕ ਨਹੀਂ ਦਿੱਤਾ ਗਿਆ। ਰਿਵਾਜ ਅਤੇ ਕਾਨੂੰਨ ਦੋਹਾਂ ਵਿਚ ਇਸਤਰੀ ਦਾ ਦਰਜਾ ਘਟੀਆ ਹੈ। ਇੰਗਲੈਂਡ ਵਿਚ ਇਸਤਰੀ ਨੂੰ ਜਾਇਦਾਦ ਰੱਖਣ ਦਾ ਹੱਕ (as late as) 1882 ਈ : ਵਿਚ ਅਤੇ ਵੋਟ ਦਾ ਹੱਕ 1918 ਈ. ਵਿਚ ਹੀ ਪ੍ਰਾਪਤ ਹੋ ਸਕਿਆ।

ਅਜਿਹੀ ਪਿੱਠ ਭੂਮੀ ਵਿਚ, ਅੱਜ ਤੋਂ ਪੰਜ ਸਦੀਆਂ ਪਹਿਲਾਂ ਦੇ ਸਮਾਜ ਵਿਚ ਇਸਤਰੀ ਨੂੰ ਵਡਿਆਉਣ ਅਤੇ ਉਸਦੇ ਹੱਕ ਵਿਚ ਨਾਅਰਾ ਲਾਉਣ ਦੀ ਜੁਅੱਰਤ ਸ੍ਰੀ ਗੁਰੂ ਨਾਨਕ ਸਾਹਿਬ ਵਰਗਾ ਕ੍ਰਾਂਤੀਕਾਰੀ ਹੀ ਕਰ ਸਕਦਾ ਸੀ। ਗੁਰੂ ਨਾਨਕ ਸਾਹਿਬ ਦੀ ਅਸੀਸ ਸਦਕਾ ਹੀ ਸਿੱਖ ਇਸਤਰੀ ਨੂੰ ਪੂਰਨ ਆਜ਼ਾਦੀ ਹਾਸਿਲ ਹੈ। ਅੱਜ ਸਿੱਖ ਇਸਤਰੀ ਰਾਗੀ, ਢਾਡੀ ਅਤੇ ਪ੍ਰਚਾਰਕ ਬਣ ਸਕਦੀ ਹੈ। ਸਿੱਖ ਇਸਤਰੀ ਵੀ ਅੰਮ੍ਰਿਤ ਦੀ ਉਤਨੀ ਹੀ ਹੱਕਦਾਰ ਹੈ, ਜਿੰਨਾ ਕਿ ਪੁਰਸ਼। ਸਿੱਖ ਰਹਿਤ ਮਰਯਾਦਾ ਵਿਚ ਦਰਸਾਏ ਗਏ ਅਸੂਲਾਂ ਮੁਤਾਬਕ ਸਿੱਖ ਇਸਤਰੀ ਨੂੰ ਪੰਜਾਂ ਪਿਆਰਿਆਂ ਵਿਚ ਵੀ ਸ਼ਾਮਿਲ ਹੋਣ ਦਾ ਅਧਿਕਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦਿਆਂ ਅਨੇਕਾਂ ਹੀ ਅਜਿਹੀਆਂ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਜਿਨ੍ਹਾਂ ਵਿਚ ਇਸਤਰੀ ਜਾਤੀ ਨੂੰ ਨਾ ਕੇਵਲ ਮਾਣ ਹੀ ਬਖਸ਼ਿਆ ਗਿਆ ਹੈ, ਸਗੋਂ ਅਧਿਆਤਮਕ ਪੰਧ ਉਤੇ, ਉਸਨੂੰ ਮਰਦ ਦੀ ਪੱਥ ਪ੍ਰਦਰਸ਼ਕ ਮੰਨਿਆ ਗਿਆ ਹੈ। ਮਰਦ ਨੂੰ ਸਮਝਾਇਆ ਗਿਆ ਹੈ ਕਿ ਜੇ ਉਸਨੇ ਪਰਮਾਤਮਾ ਨੂੰ ਪਾਉਣਾ ਹੈ ਤਾਂ ਤਰੀਕਾ ਉਹ, ਉਸ ਸੁਹਾਗਣ ਇਸਤਰੀ ਕੋਲੋਂ ਪੁੱਛੇ, ਜਿਸਨੇ ਆਪਣਾ ਸਹੁ-ਪਤੀ ਪਾ ਲਿਆ ਹੈ ;

**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੪੧)

ਇੱਥੇ ਇਹ ਦੱਸਣ ਦੀ ਲੋੜ ਨਹੀਂ ਕਿ ਕਿਸੇ ਵੀ ਖੇਤਰ ਵਿਚ ਅਗਵਾਈ ਆਪਣੇ ਤੋਂ ਵਧੀਆ



ਇਨਸਾਨ ਤੋਂ ਲਈ ਜਾਂਦੀ ਹੈ, ਘਟੀਆ ਤੋਂ ਨਹੀਂ। ਇਸ ਭਾਵ ਦੇ ਅਨੇਕਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ:

**ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥**
**ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੭)

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੩੮੪)

ਸਹਿਜ ਅਤੇ ਸੰਤੋਖ ਦਾ ਸੀਗਾਰ ਕਰਨਾ, ਮਿੱਠਾ ਬੋਲਣਾ, ਨਿਮਰਤਾ ਧਾਰਨ ਕਰਨੀ, ਖਿਮਾ ਕਰਨਾ ਅਤੇ ਵੱਡਾ ਜਿਗਰਾ ਰੱਖਣਾ ਹੀ ਅਜਿਹੇ ਗੁਣ ਹਨ, ਜਿਨ੍ਹਾਂ ਰਾਹੀਂ ਇਸਤਰੀ ਪਤੀ-ਪ੍ਰੇਮ ਹਾਸਲ ਕਰਦੀ ਹੈ। ਜਿਸਨੇ ਪਤੀ-ਪ੍ਰੇਮ ਹਾਸਲ ਕਰ ਲਿਆ, ਉਸ ਲਈ ਪ੍ਰਭੂ ਹਾਸਲ ਕਰਨਾ ਕੋਈ ਔਖਾ ਨਹੀਂ ਕਿਉਂਕਿ ਤਰੀਕਾ ਤਾਂ ਇਕੋ ਹੀ ਹੈ। ਕੇਵਲ ਮਨ ਦੀ ਸੇਧ ਹੀ ਪ੍ਰਭੂ ਵੱਲ ਕਰਨੀ ਹੈ। ਇਸੇ ਲਈ ਗੁਰੂ ਸਾਹਿਬ ਨੇ ਪ੍ਰਭੂ ਪ੍ਰਾਪਤੀ ਲਈ ਮਾਦਾ ਗੁਣਾਂ ਤੇ ਜ਼ੋਰ ਦਿੱਤਾ ਹੈ। ਨਰ ਗੁਣਾਂ ਦੀ ਲੋੜ ਕੇਵਲ ਉਦੋਂ ਹੈ, ਜਦੋਂ ਸਮਾਜ ਵਿਚ ਪਸਰਿਆ ਅਨਿਆਂ ਖਤਮ ਕਰਨ ਲਈ ਮਾਦਾ ਗੁਣ ਅਸਫਲ ਹੋ ਜਾਣ:

**ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤ ਬਰਦਨ ਬ ਸ਼ਮਸ਼ੀਰ ਦਸਤ ॥** (ਜਫਰਨਾਮਾ)

ਭਾਵ - ਜਦੋਂ ਪ੍ਰੇਮ, ਨਿਮਰਤਾ ਅਤੇ ਹਲੀਮੀ ਨਾਲ ਜਾਲਮ ਕਾਬੂ ਨਾ ਆਏ ਤਾਂ ਤਲਵਾਰ ਚੁੱਕਣਾ, ਭਾਵ ਨਰ ਗੁਣ ਅਪਨਾਉਣਾ ਜਰੂਰੀ ਹੈ। ਯਾਦ ਰਹੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਨੂੰ ਖਤਮ ਕਰਨ ਲਈ ਕਿਰਪਾਨ ਕੇਵਲ ਉਦੋਂ ਹੀ ਚੁੱਕੀ, ਜਦੋਂ ਪੰਜਵੇਂ ਪਾਤਸ਼ਾਹ ਅਤੇ ਨੌਵੇਂ ਪਾਤਸ਼ਾਹ ਦੀ ਸਹਿਜ, ਸੰਤੋਖ ਅਤੇ ਸ਼ਾਂਤਮਈ ਕੁਰਬਾਨੀ ਨਾਲ ਵੀ ਜ਼ਾਲਮ ਸਿੱਧੇ ਰਸਤੇ ਨਹੀਂ ਆਇਆ।

ਜਿੱਥੋਂ ਤੱਕ ਪਰਮਾਤਮਾ ਪ੍ਰਾਪਤੀ ਦਾ ਸੁਆਲ ਹੈ, ਕੇਵਲ ਇਸਤਰੀ ਗੁਣ ਹੀ ਸਹਾਈ ਹੁੰਦੇ ਹਨ। ਕੇਵਲ ਸੁਹਾਗਣ ਇਸਤਰੀ ਹੀ ਜਿਸਦਾ **"ਅੰਦਰ ਸਚੁ ਮੁਖ ਉਜਲਾ"** ਹੈ, **"ਖਸਮੇ ਮਾਹਿ ਸਮਾਇ"** ਹੋ ਸਕਦੀ ਹੈ।

ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇਸਤਰੀ ਦੇ ਤਿੰਨ ਸਰੂਪ ਚਿਤਰੇ ਹਨ, ਕੁਚੱਜੀ, ਸੁਚੱਜੀ ਅਤੇ ਗੁਣਵੰਤੀ। ਕੁੱਚਜੀ ਦੇ ਲੱਛਣ ਦੱਸਦਿਆਂ ਗੁਰੂ ਸਾਹਿਬ ਦਰਸਾਉਂਦੇ ਹਨ ਕਿ ਅਜਿਹੀ ਇਸਤਰੀ ਕੇਵਲ ਤੇ ਕੇਵਲ ਮਾਇਆ ਨਾਲ, ਪਤੀ ਦੀ ਕਮਾਈ ਨਾਲ ਹੀ ਮਤਲਬ

ਰੱਖਦੀ ਹੈ, ਪਤੀ ਨਾਲ ਨਹੀਂ।

**ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥**
**ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥**
**ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥**
**ਹਉ ਏਨੀ ਟੋਲੀ ਭੁਲੀਅਸ ਤਿਸੁ ਕੰਤ ਨ ਬੈਠੀ ਪਾਸਿ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੬੨)

ਅੱਜ ਸਮਾਜ ਵਿੱਚ ਵੀ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜੋ ਇਸਤਰੀ ਕੇਵਲ ਪਤੀ ਦੀ ਮਾਇਆ ਨਾਲ ਪਿਆਰ ਕਰਦੀ ਹੈ, ਉਹ ਪਤੀ ਪ੍ਰੇਮ ਨਹੀਂ ਪਾ ਸਕਦੀ ਅਤੇ ਹਾਲਤ ਕਈ ਵਾਰ ਤਲਾਕ ਤੱਕ ਵੀ ਪਹੁੰਚ ਜਾਂਦੀ ਹੈ। '**ਮਾਇਆਧਾਰੀ ਅਤਿ ਅੰਨ੍ਹਾ ਬੋਲਾ**' ਮਨੁੱਖ ਇਸੇ ਸ਼੍ਰੇਣੀ ਵਿਚ ਆਉਂਦਾ ਹੈ। ਇਸ ਤੋਂ ਬਾਅਦ 'ਸੁਚੱਜੀ' ਦਾ ਵਰਨਣ ਹੈ, ਜਿਸ ਲਈ ਪਤੀ ਹੀ ਉਸਦੀ ਰਾਸ ਹੈ, ਪੂੰਜੀ ਹੈ ਅਤੇ ਉਹ ਹਰ ਹਾਲ ਪਤੀ ਦੀ ਸੰਗਤ ਵਿਚ ਖੁਸ਼ ਹੈ:

**ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥**
**ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੬੨)

ਅਜਿਹੀ ਇਸਤਰੀ ਲਈ ਪਤੀ ਦੇ ਸਾਥ ਵਿਚ ਤਖਤ ਮਿਲ ਜਾਏ ਜਾਂ ਭੀਖ ਮੰਗਣੀ ਪਏ, ਇਕੋ ਗੱਲ ਹੈ:

**ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥**
**ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੬੨)

ਦੇਖਣ ਵਿਚ ਆਇਆ ਹੈ ਕਿ ਕਈ ਵਾਰ ਸਭ ਗੁਣਾਂ ਦੀ ਮਾਲਕ ਅਤੇ ਸੁਚੱਜੀ ਹੋਣ ਦੇ ਬਾਵਜੂਦ ਵੀ ਇਸਤਰੀ ਨੂੰ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਆਮ ਇਸਤਰੀ ਤਾਂ ਹੌਂਸਲਾ ਛੱਡ, ਬਦਲਾ ਲਊ ਨੀਤੀ ਧਾਰ ਲੈਂਦੀ ਹੈ ਅਤੇ ਆਪਣਾ ਘਰ ਤਬਾਹ ਕਰ ਲੈਂਦੀ ਹੈ। ਪਰ 'ਗੁਣਵੰਤੀ' ਇਸਦਾ ਕਾਰਣ ਲੱਭਣ ਦੀ ਕੋਸ਼ਿਸ਼ ਕਰਦੀ ਹੈ, ਲੋੜ ਪਵੇ ਤਾਂ ਕੌਂਸਲਰ ਕੋਲ ਜਾ ਕੇ ਸਲਾਹ ਵੀ ਕਰਦੀ ਹੈ ਅਤੇ ਮੁੜ ਆਪਣਾ ਘਰ ਵਸਾਉਣ ਵਿਚ ਸਫਲ ਹੋ ਜਾਂਦੀ ਹੈ। ਅਜਿਹੀ 'ਸੁਚੱਜੀ' ਇਸਤਰੀ ਨੂੰ ਗੁਰੂ ਸਾਹਿਬ ਨੇ 'ਗੁਣਵੰਤੀ' ਦਾ ਨਾਮ ਦਿੱਤਾ ਹੈ। 'ਸੁਚੱਜੀ' ਤੋਂ ਬਾਅਦ ਗੁਣਵੰਤੀ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

**ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥**



**ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥**
**ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੬੨)

ਗੁਰਸਿੱਖਾਂ ਦੇ ਕਹੇ ਮੁਤਾਬਿਕ ਉਹ ਆਖਰ :

**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥**

ਅਜਿਹੀ 'ਗੁਣਵੰਤੀ' ਹੀ ਪ੍ਰਭੂ ਪ੍ਰਾਪਤੀ ਕਰ ਸਕਦੀ ਹੈ।

ਇਸ ਤਰ੍ਹਾਂ ਗੁਰਬਾਣੀ ਵਿਚ ਉਹਨਾਂ ਲੋਕਾਂ ਨੂੰ ਗਲਤ ਸਾਬਤ ਕੀਤਾ ਗਿਆ ਹੈ, ਜੋ ਕਹਿੰਦੇ ਹਨ ਕਿ ਇਸਤਰੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ। ਗੁਰਸਿੱਖ ਵਿਦਵਾਨ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

**ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ ॥**

ਭਾਵ ਪੁਰਸ਼ ਦੀ ਅਰਧੰਗਨੀ ਹੀ ਪੁਰਸ਼ ਲਈ ਮੁਕਤੀ ਦਾ ਦੁਆਰ ਬਣ ਜਾਂਦੀ ਹੈ। ਇਸੇ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵੀ 'ਔਰਤ ਨੂੰ ਈਮਾਨ' ਦਾ ਦਰਜਾ ਦਿੱਤਾ ਸੀ। ਭਗਤ ਧੰਨੇ ਨੇ ਵੀ **"ਘਰ ਕੀ ਗੀਹਨਿ ਚੰਗੀ"** ਮੰਗੀ ਸੀ।

ਅਧਿਆਤਮਕ ਖੇਤਰ ਦੀ ਇਹ ਅਗਵਾਈ ਰੋਜ਼ਾਨਾਂ ਦੇ ਸੱਭਿਆਚਾਰਕ ਅਤੇ ਸਮਾਜਿਕ ਜੀਵਨ ਵਿਚ ਵੀ ਉੱਨੀ ਹੀ ਸਾਰਥਕ ਹੈ। ਅਧਿਆਤਮਕ, ਸਮਾਜਿਕ ਅਤੇ ਪਰਿਵਾਰਿਕ ਜੀਵਨ ਜੀਊਦਿਆਂ ਇਸਤਰੀ ਕਿਨ੍ਹਾਂ ਗੁਣਾਂ ਦੀ ਧਾਰਣੀ ਹੋਣੀ ਚਾਹੀਦੀ ਹੈ, ਇਸ ਬਾਰੇ ਵੀ ਗੁਰਬਾਣੀ ਵਿਚ ਅਗਵਾਈ ਹੈ :

**ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥**
**ਆਗਿਆਕਾਰੀ ਸੁਘੜ ਸਰੂਪ ॥**
**ਇਛ ਪੂਰੇ ਮਨ ਕੰਤ ਸੁਆਮੀ ॥**
**ਸਗਲ ਸੰਤੋਖੀ ਦੇਰ ਜੇਠਾਨੀ ॥੩॥**
**ਸਭ ਪਰਵਾਰੈ ਮਾਹਿ ਸਰੇਸਟ ॥**
**ਮਤੀ ਦੇਵੀ ਦੇਵਰ ਜੇਸਟ ॥**
**ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥**
**ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੩੭੦)

ਇੱਥੇ 'ਬਤੀਹ ਸੁਲਖਣੀ' ਤੋਂ ਭਾਵ ਹੈ, ਸ਼ੁਭ ਗੁਣਾਂ ਨਾਲ ਭਰਪੂਰ ਇਸਤਰੀ। ਭਾਈ ਕਾਨ੍ਹ ਸਿੰਘ ਨਾਭਾ ਨੇ, ਜਿਨ੍ਹਾਂ ਬਤੀਹ ਗੁਣਾਂ ਦਾ ਵਰਣਨ ਕੀਤਾ ਹੈ, ਉਹ ਇਸ ਪ੍ਰਕਾਰ ਹਨ : ਸੁੰਦਰਤਾ, ਸਵੱਛਤਾ, ਲੱਜਾ, ਚਤੁਰਾਈ, ਵਿਦਿਆ, ਸੇਵਾ, ਪਤੀ-ਭਗਤੀ, ਦਇਆ, ਸਤਯ, ਪ੍ਰਿਯਬਾਣੀ, ਪ੍ਰਸੰਨਤਾ, ਨਿਮਰਤਾ, ਨਿਸ਼ਕਪਟਤਾ, ਏਕਤਾ, ਧੀਰਜ, ਧਰਮ ਨਿਸ਼ਠਾ, ਸੰਜਮ, ਉਦਾਰਤਾ, ਗੰਭੀਰਤਾ, ਉੱਦਮ, ਸੂਰਵੀਰਤਾ, ਰਾਗ ਕਾਵਯ, ਚਿਤ੍ਰ, ਔਸ਼ਧੀ, ਰਸੋਈ ਅਤੇ ਸਿਊਣ-ਪਰੋਣ ਦੀ ਵਿਦਿਆ, ਘਰ ਦੀਆਂ ਵਸਤੂਆਂ ਦਾ ਯਥਾ ਯੋਗ ਸਿੰਗਾਰਣਾ, ਬਜ਼ੁਰਗਾਂ ਦਾ ਮਾਨ, ਘਰ ਆਏ ਪ੍ਰਾਹੁਣਿਆਂ ਦਾ ਸਨਮਾਨ, ਸੰਤਾਨ ਦਾ ਪਾਲਣਾ ਆਦਿ।

ਉਪਰੋਕਤ ਸ਼ਬਦਾਂ ਵਿਚ ਦੱਸੇ ਗੁਣਾਂ ਦੀ ਮਾਲਕ ਇਸਤਰੀ ਸੱਚ ਦੀ ਧਾਰਨੀ ਉਤਮ ਸੰਤਾਨ ਦੀ ਮਾਤਾ ਬਣੇਗੀ - 'ਸਚ ਸੰਤਤਿ ਪੂਤ' ਅਤੇ ਅਜਿਹੀ ਇਸਤਰੀ 'ਸਭ ਪਰਵਾਰੈ ਮਾਹਿ ਸ੍ਰੇਸ਼ਟ ਹੈ, ਜੋ ਗਲਤ ਰਾਹ ਲੱਗੇ ਦੇਵਰ ਤੇ ਜੇਠ ਨੂੰ ਵੀ ਮੱਤ ਦੇ ਸਿੱਧੇ ਰਸਤੇ ਪਾ ਸਕਦੀ ਹੈ 'ਮਤੀ ਦੇਵੀ ਦੇਵਰ ਜੇਸਟ'। ਸਪੱਸ਼ਟ ਹੈ ਕਿ ਇਸਤਰੀ ਆਪ ਵਿਦਿਆਵਤੀ ਹੋਏਗੀ ਤਾਂ ਹੀ ਉਹ ਕਿਸੇ ਦੂਸਰੇ ਨੂੰ ਸਿੱਧੀ ਮੱਤ ਦੇਣ ਦੇ ਕਾਬਲ ਹੋ ਸਕਦੀ ਹੈ ਅਤੇ ਜਿਸ ਗ੍ਰਹਿ ਵਿਚ ਅਜਿਹੀ ਇਸਤਰੀ ਪ੍ਰਗਟ ਹੋ ਜਾਂਦੀ ਹੈ, ਉਥੇ ਤਾਂ ਸਦਾ ਹੀ '**ਜਨ ਨਾਨਕ ਸੁਖੇ ਸੁਖਿ ਵਿਹਾਇ**' ਹੋ ਜਾਂਦਾ ਹੈ।

ਹੋਰ ਗੁਣ ਜਿਨ੍ਹਾਂ ਦਾ ਉਲੇਖ ਗੁਰਬਾਣੀ ਵਿਚ ਆਉਂਦਾ ਹੈ, ਉਹਨਾਂ ਵਿਚ ਇਸਤਰੀ ਦੀ ਸੁਹਜ ਵਿਦਿਆ ਅਤੇ ਘਰ ਦੀ ਸੰਭਾਲ ਬਾਰੇ ਵੀ ਜ਼ਿਕਰ ਹੈ:

**ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ ॥**
**ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥੨॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੧੭੧)

ਰਸੋਈ ਵਿਦਿਆ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ :

**ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥**
**ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੪੧੩)

ਸੋ ਸ਼ੁੱਭ ਗੁਣਾਂ ਨਾਲ ਭੂਸ਼ਿਤ ਹੋਣਾ ਹੀ ਗੁਰਮਤਿ ਅਨੁਸਾਰ ਇਸਤਰੀਆਂ ਦਾ ਜ਼ੇਵਰ ਹੈ।

ਸਿੱਖ ਸੱਭਿਆਚਾਰ ਵਿਚ ਵੀ ਇਸਤਰੀ ਨੂੰ ਹਰ ਪੱਖ ਤੋਂ ਉਤਮ ਦਰਜਾ ਪ੍ਰਾਪਤ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਕੁੜੀਮਾਰ ਨਾਲ ਵਰਤਣ ਦੀ ਮਨਾਹੀ ਹੈ। ਦਸਮ



ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੂਨ, 1699 ਈ. (26 ਜੇਠ, ਸੰਮਤ 1756) ਵਿਚ ਕਾਬਲ ਦੀ ਸੰਗਤ ਦੇ ਨਾਮ, ਜੋ ਹੁਕਮਨਾਮਾ ਭੇਜਿਆ, ਉਸ ਵਿਚ ਹੋਰ ਹੁਕਮਾਂ ਤੋਂ ਇਲਾਵਾ, ਜੋ ਖਾਸ ਹੁਕਮ ਕੀਤਾ, ਉਹ ਇਸ ਪ੍ਰਕਾਰ ਹੈ:

"ਭਾਦਨੀ ਤਥਾ ਕੰਨਿਆ ਮਾਰਨੇ ਵਾਲੇ ਸੇ ਮੇਲ ਨ ਰਖੇ' ਮੀਣੇ, ਮਸੰਦ, ਰਾਮਰਾਈਏ ਦੀ ਸੰਗਤ ਨ ਬੈਸੇ, ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਕੀ ਰਹਿਤ ਰੱਖਣੀ"।

ਇਸ ਹੁਕਮਨਾਮੇ ਦੀ ਰੌਸ਼ਨੀ ਵਿਚ, ਅੱਜ ਜਨਮ ਤੋਂ ਪਹਿਲਾਂ ਹੀ ਲੜਕੀ ਨੂੰ ਮਾਰ ਦੇਣ ਵਾਲਿਆਂ ਨੂੰ ਕੀ ਕਰਾਰ ਦਿੱਤਾ ਜਾਏ ? ਕੀ ਉਹ ਇਸ ਤਰ੍ਹਾਂ ਕਰਕੇ ਗੁਰੂ ਦੀ ਹੁਕਮ ਅਦੂਲੀ ਤਾਂ ਨਹੀਂ ਕਰ ਰਹੇ ? ਸਿੱਖ ਰਹਿਤ ਮਰਯਾਦਾ ਅਨੁਸਾਰ ਉਹਨਾਂ ਨਾਲ ਕੀ ਸਲੂਕ ਕੀਤਾ ਜਾਏ, ਇਸ ਬਾਰੇ ਹੁਕਮਨਾਮਾ ਸਪੱਸ਼ਟ ਹੈ।

ਆਨੰਦ ਕਾਰਜ ਦੀ ਰਸਮ, ਕੰਨਿਆ ਨੂੰ ਵਸਤੂ ਸਮਝ ਕੇ ਕੀਤਾ ਹੋਇਆ ਕੰਨਿਆਦਾਨ ਨਹੀਂ, ਸਗੋਂ ਆਨੰਦ ਦਾ ਕਾਰਜ ਹੈ। ਜਿੱਥੇ '**ਹਮ ਘਰ ਸਾਜਨ ਆਏ**' ਅਨੁਸਾਰ ਸੱਜਣਾਂ ਦਾ ਮੇਲ ਹੁੰਦਾ ਹੈ, ਅਜਿਹੇ ਸੱਜਣ, ਜੋ ਸਾਚੇ ਨਾਲ ਮੇਲ ਮਿਲਾ ਦਿੰਦੇ ਹਨ। ਇਹਨਾਂ ਦੀ ਸੰਗਤ ਕਰਕੇ '**ਪੰਚ ਮਿਲੇ ਸੁਖ ਪਾਇਆ**' ਅਤੇ '**ਪੰਚ ਸਬਦ ਧੁਨ ਅਨਹਦ ਵਾਜੇ**' ਵੱਜਦੇ ਹਨ, ਅਤੇ ਇਥੇ ਜੰਞ ਵੀ ਸ਼ਰਾਬੀਆਂ ਦੀ ਨਹੀਂ, ਸਗੋਂ '**ਹਰਿ ਜਨ ਮਿਲ ਜੰਞ ਸੋਹੰਦੀ**' ਹੈ ਅਤੇ ਇਹ ਕਾਰਜ ਵੀ '**ਹਰਿ ਹਰਿ ਕਾਜ ਰਚਾਇਆ ਪੂਰੇ**' ਹੈ। ਕਿਸੇ ਨਾਲ ਗਿਲਾ ਸ਼ਿਕਵਾ ਨਹੀਂ, ਇਸੇ ਲਈ ਆਨੰਦ ਕਾਰਜ ਹੈ।

ਦਾਜ ਦਾ ਦਿਖਾਵਾ ਕਰਨ ਦੀ ਰਸਮ ਉਤੇ ਵੀ ਗੁਰੂ ਸਾਹਿਬ ਨੇ ਕਰਾਰੀ ਚੋਟ ਕੀਤੀ ਹੈ:

**ਹੋਰਿ ਮਨਮੁਖਿ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੯)

ਜੇ ਕੋਈ ਦਾਨ ਮੰਗਿਆ ਹੈ, ਤਾਂ ਕੇਵਲ ਗੁਣਾਂ ਦਾ, ਹਰੀ ਸੋਭਾ ਦਾ ਅਤੇ ਹਰੀ ਦੀ ਟੇਕ ਦਾ :

**ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥..**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੯)

ਅੱਜ ਦੇ ਪਰਿਵਾਰਾਂ ਵਿਚ ਇਸਤਰੀਆਂ ਨੂੰ ਗੁਰਮਤਿ ਦੀ ਸੋਝੀ ਆ ਜਾਏ, ਤਾਂ ਕਿਸੇ ਇਸਤਰੀ ਨੂੰ ਦਾਜ ਕਰਕੇ ਸੜਨ ਦੀ ਲੋੜ ਨਾ ਪਵੇ। ਲੋੜ ਤਾਂ ਸੋਝੀ ਦੀ ਹੈ।

ਇਕ ਵਿਆਹੀ ਇਸਤਰੀ ਨੂੰ ਜੇ ਗੁਰਬਾਣੀ ਪਤੀ-ਵ੍ਰਤ ਧਰਮ ਵਿਚ ਪੱਕਿਆਂ

ਰਹਿਣ ਦਾ ਆਦਰਸ਼ ਦੇਂਦੀ ਹੈ, ਤਾਂ ਪਤੀ ਨੂੰ ਵੀ ਪਤਨੀ-ਵ੍ਰਤ ਹੋਣ ਦੀ ਸਿਖਿਆ ਦੇਂਦਿਆਂ **'ਏਕਾ ਨਾਰੀ ਜਤੀ ਹੋਇ'**, ਦਾ ਉਪਦੇਸ਼ ਦਿੱਤਾ ਹੈ। ਗੁਰੂ ਸਾਹਿਬ ਨੇ ਬੇਵਫਾ ਪਤੀ ਲਈ ਬੜੇ ਸਖ਼ਤ ਸ਼ਬਦ ਵਰਤੇ ਹਨ :

**ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥.........**
**ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥**

ਅਤੇ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੧੬੪)

**ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥**
**ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ** ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੦੯੫)

ਗੁਰਬਾਣੀ ਵਿਚ ਅਜਿਹਾ ਸੰਕਲਪ ਹੈ, ਪਤੀ-ਪਤਨੀ, ਇਸਤਰੀ-ਪੁਰਸ਼ ਦੀ ਬਰਾਬਰੀ ਦਾ। ਅਫਸੋਸ! ਅੱਜ ਦੀ ਇਸਤਰੀ ਬਰਾਬਰੀ ਦੇ ਨਾਮ ਤੇ ਪਤੀ ਦੀ ਪੂਰਕ ਬਣਨ ਦੀ ਥਾਂ, ਉਸ ਦੀ ਵਿਰੋਧੀ ਬਣ ਬੈਠੀ ਹੈ ਅਤੇ ਬਰਾਬਰੀ, ਬਰਾਬਰੀ ਨਾ ਰਹਿ ਕੇ ਇਕ-ਦੂਜੇ ਲਈ ਬੇਵਿਸ਼ਵਾਸੀ ਦੀ ਭਾਵਨਾ ਬਣ ਗਈ ਹੈ। ਆਪਣੇ ਹੱਕਾਂ ਲਈ (ਫਰਜਾਂ ਲਈ ਨਹੀਂ) ਆਵਾਜ਼ ਉਠਾਉਣ ਲਈ, ਜਦੋਂ ਸਾਰੀ ਦੁਨੀਆਂ ਦੀਆਂ ਇਸਤਰੀਆਂ ਬੀਜਿੰਗ (1995) ਵਿਚ ਕਾਨਫਰੰਸ ਕਰਨ ਲਈ ਇਕੱਠੀਆਂ ਹੁੰਦੀਆਂ ਹਨ, ਤਾਂ ਮੀਂਹ ਪੈਣ ਉੱਤੇ ਰੱਬ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀਆਂ ਹਨ ਕਿ ਮਰਦ ਰੱਬ ਜ਼ਰੂਰ ਇਹਨਾਂ ਦੇ ਵਿਰੋਧੀ ਮਰਦ ਦਾ ਸਾਥ ਨਿਭਾ ਰਿਹਾ ਹੈ।

ਕਿਤਨੀ ਤਰਸਯੋਗ ਹਾਲਤ ਹੈ ਮਨੁੱਖ ਦੀ, ਇਸ ਅਵਿਸ਼ਵਾਸ ਦੀ ਭਾਵਨਾ ਕਾਰਣ। ਇਸ ਅਵਿਸ਼ਵਾਸ ਦੀ ਭਾਵਨਾ ਵਿਚੋਂ ਪੈਦਾ ਹੋਈ ਸੰਤਾਨ ਕਿਵੇਂ ਸੱਚ ਦੀ ਧਾਰਨੀ ਹੋ ਸਕਦੀ ਹੈ ?

ਗੁਰਬਾਣੀ ਦੀ ਅਗਵਾਈ ਹੇਠ ਪ੍ਰਾਪਤ ਕੀਤੀ ਬਰਾਬਰੀ, ਜੀਵਨ ਪੰਧ ਨੂੰ ਸੁਖਾਲਾ ਅਤੇ ਸਹਿਜ ਬਣਾਉਂਦੀ ਹੈ। ਮਾਦਾ ਗੁਣ ਅਧਿਆਤਮਕ ਅਤੇ ਸਮਾਜਿਕ ਜੀਵਨ ਨੂੰ ਸੁਚਾਰੂ ਬਣਾਉਂਦੇ ਹਨ ਅਤੇ ਨਰ ਗੁਣ ਸਭ ਤਰ੍ਹਾਂ ਦੇ ਸਮਾਜਿਕ ਅਨਿਆਂ ਨੂੰ ਖਤਮ ਕਰ ਜੀਵਨ ਨੂੰ ਪੂਰਨਤਾ ਪ੍ਰਦਾਨ ਕਰਦੇ ਹਨ। ਅੱਜ ਦੀ ਕਹਿੰਦੀ ਕਹਾਉਂਦੀ ਅਗਾਂਹ ਵਧੂ ਔਰਤ ਫੋਕੀ ਅਤੇ ਸਤਹੀ ਬਰਾਬਰੀ ਦਾ ਨਾਅਰਾ ਲਗਾ ਆਪਣੇ ਅੱਧੇ ਅੰਗ ਨਾਲੋਂ ਨਿਖੜ, ਲੰਗੜੀ ਹੋਈ ਜ਼ਿੰਦਗੀ ਜੀਊਣ ਲਈ ਮਜਬੂਰ ਹੈ। ਅੱਜ ਦੀ 'ਵੋਮੈਨ ਲਿਬਰੇਸ਼ਨ ਮੂਵਮੈਂਟ' ਇਸਤਰੀ ਬਾਰੇ ਗੁਰਮਤਿ ਵਿਚਾਰਧਾਰਾ ਦੇ ਸਾਹਮਣੇ ਬੌਣੀ ਹੋ ਕੇ ਰਹਿ ਜਾਂਦੀ ਹੈ।

ਕਈ ਸ਼ੰਕਾਲੂ ਬਿਰਤੀ ਦੇ ਮਾਲਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਗੁਰਬਾਣੀ ਇਸਤਰੀ ਨੂੰ ਨੀਵਾਂ ਹੋ ਕੇ ਰਹਿਣ ਲਈ ਕਹਿ ਕੇ ਇਸਤਰੀ ਵਿਚ ਦਾਸਤਾ ਦੀ ਭਾਵਨਾ ਭਰ



ਜਗੀਰੂ ਸਮਾਜ ਦਾ ਪੱਖ ਪੂਰਦੀ ਹੈ। ਇਹੋ ਜਿਹੀ ਗੱਲ ਕਹਿਣ ਵਾਲੇ ਇਸ ਤੱਥ ਨੂੰ ਨਜ਼ਰੋਂ ਉਹਲੇ ਕਰ ਦੇਂਦੇ ਹਨ ਕਿ ਮਲਕ ਭਾਗੋ ਵਰਗੇ ਜਾਗੀਰਦਾਰ ਨੂੰ ਭਰੀ ਸਭਾ ਵਿਚ ਨੰਗਿਆ ਕਰ ਸਕਣ ਦੀ ਦਲੇਰੀ ਰੱਖਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਜਿਹੀ ਸਵੈ-ਵਿਰੋਧੀ ਗੱਲ ਕਿਵੇਂ ਕਰ ਸਕਦੇ ਹਨ? ਇੱਥੇ ਇਸਤਰੀ ਦਾ 'ਨਿਵਣੁ ਸੁ ਅੱਖਰ' ਅਤੇ 'ਖਵਣ ਗੁਣ' ਉਸ ਦੇ 'ਊਤਮੋ ਮਹਿ ਊਤਮ' ਹੋਣ ਦੀ ਨਿਸ਼ਾਨੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸਰਬ ਗੁਣ ਸੰਪੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ 'ਦਾਸਨਦਾਸ' ਅਤੇ 'ਨੀਚ' ਆਖਦੇ ਹਨ। ਆਖਿਰ ਭਾਰੀ ਪਾਸੇ ਨੇ ਹੀ ਹੇਠਾਂ ਹੋਣਾ ਹੈ "**ਨਿਵੈ ਸੁ ਗਉਰਾ ਹੋਇ।** "

ਗੁਰਬਾਣੀ ਦੀ ਅਗਵਾਈ ਹੇਠ ਸਮਾਜਕ, ਸੱਭਿਆਚਾਰਕ ਅਤੇ ਅਧਿਆਤਮਕ ਜੀਵਨ ਜੀਊਣ ਵਾਲੀਆਂ ਬੀਬੀਆਂ ਇਸ ਸੰਸਾਰ ਤੇ ਕਿੰਨੀਆਂ ਕੁ ਹੋਈਆਂ ਹਨ, ਇਹ ਦੇਖਣ ਲਈ ਇਤਿਹਾਸ ਦੇ ਪੰਨਿਆਂ ਵਿਚ ਦਰਜ ਪ੍ਰਸਿੱਧ ਸਿੱਖ ਇਸਤਰੀਆਂ ਦੇ ਜੀਵਨ ਤੇ ਝਾਤੀ ਮਾਰਨੀ ਜ਼ਰੂਰੀ ਹੈ।

ਪਹਿਲੀ ਸਿੱਖ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੀ ਇਸਤਰੀ ਬੇਬੇ ਨਾਨਕੀ ਭੈਣ ਅਤੇ ਪਤਨੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਭੈਣ ਨਾਨਕੀ ਉਮਰ ਵਿਚ ਵੱਡੀ ਹੋਣ ਦੇ ਬਾਵਜੂਦ ਵਡੱਪਣ ਦਾ ਮਾਣ ਨਹੀਂ ਕਰਦੀ, ਵੀਰ ਨਾਨਕ ਦੇ ਪੈਰੀ ਪੈਂਦੀ ਹੈ ਤਾਂ 'ਨਾਨਕ ਜੀ ਕਹਿਆ ਭੈਣੇ ਤੂ ਵਡੀ ਹੈ, ਸਗੋਂ ਮੈਂ ਤੇਰੀ ਪੈਰੀ ਪਵਾਂ ਕਿ ਤੂੰ ਮੇਰੀ ਪੈਰੀ ਪਵਹਿ'। ਨਾਨਕੀ ਆਖਿਆ 'ਭਾਈ ਜੀ ਤੂੰ ਸਚੁ ਆਖਦਾ ਹੈਂ । ਪਰ ਜੇ ਆਦਮੀ ਹੋਵੈ ਨਾ, ਤੂੰ ਤਾਂ ਮੈਨੂੰ ਪਰਮੇਸ਼ਰ ਦਿਸ ਆਵਨਾ ਹੈ' । **(ਜਨਮ ਸਾਖੀ ਪਰੰਪਰਾ, ਪੰਨਾ 243)**

ਗੁਰੂ ਨਾਨਕ ਵਿਚ ਪਰਮੇਸ਼ਰ ਸਭ ਤੋਂ ਪਹਿਲਾਂ ਇਕ ਇਸਤਰੀ ਬੇਬੇ ਨਾਨਕੀ ਜੀ ਦੀ ਦਿਬ-ਦ੍ਰਿਸ਼ਟੀ ਨੂੰ ਹੀ ਨਜ਼ਰ ਆਇਆ। ਆਪਣੇ ਸ਼ੁਭ ਗੁਣਾਂ ਨਾਲ, ਜੋ ਸਤਿਕਾਰ ਪਤੀ ਤੋਂ ਪ੍ਰਾਪਤ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ "ਬਹੂ ਜੀ, ਤੂ ਨਾਨਕ ਦੀ ਭੈਣ ਹੈ। ... ਧੰਨ ਪਰਮੇਸ਼ਰ ਹੈ ਅਤੇ ਧੰਨ ਨਾਨਕ ਹੈ ਅਤੇ ਤੂੰ ਵੀ ਧੰਨ ਹੈ, ਜੋ ਏਸ ਦੀ ਭੈਣ ਹੈ ਅਤੇ ਥੋੜ੍ਹੇ ਅਸੀਂ ਭੀ ਧੰਨ ਆਹੇ, ਜੋ ਤੇਰੇ ਨਾਲ ਸੰਗ ਹੈ"।

**(ੳਹੀ, ਪੰਨਾ 243)**

ਵੇਈਂ ਵਿਚ ਅਲੋਪ ਹੋ ਗਏ ਨਾਨਕ ਜੀ ਬਾਰੇ ਕੇਵਲ ਬੇਬੇ ਨਾਨਕੀ ਹੀ ਭਰੋਸੇ ਨਾਲ ਕਹਿ ਸਕੀ "ਮੇਰਾ ਵੀਰ ਡੁੱਬ ਨਹੀਂ ਸਕਦਾ, ਉਹ ਤਾਂ ਡੁੱਬਿਆਂ ਨੂੰ ਤਾਰਨ ਆਇਆ ਹੈ"।

ਜੇ ਮਾਤਾ ਸਾਹਿਬ ਕੌਰ ਨੇ ਖਾਲਸੇ ਦੀ ਮਾਤਾ ਬਣਨ ਦਾ ਮਾਣ ਪ੍ਰਾਪਤ ਕੀਤਾ, ਤਾਂ ਬੇਬੇ ਨਾਨਕੀ ਨੇ ਗੁਰੂ ਨਾਨਕ ਵੀਰ ਨੂੰ ਰਬਾਬ ਭੇਟ ਕਰ ਅੰਮ੍ਰਿਤਮਈ ਬਾਣੀ ਖਾਲਸੇ ਨੂੰ ਭੇਟ ਕੀਤੀ ਅਤੇ ਸਾਰੇ ਸਿੱਖ ਜਗਤ ਵਿਚ ਬੇਬੇ (ਭੈਣ) ਅਖਵਾਈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ

'ਨੇਕ ਜਨ' ਮਾਤਾ ਖੀਵੀ ਜੀ ਲੰਗਰ ਦੀ ਸੰਸਥਾ ਦੀ ਪਹਿਲੀ ਸੰਚਾਲਕ ਬਣ 'ਮਾਵਾਂ ਠੰਡੀਆਂ ਛਾਵਾਂ' ਅਨੁਸਾਰ ਘਿਆਲੀ ਖੀਰ ਦਾ ਲੰਗਰ ਵਰਤਾਉਂਦੀ, ਸਾਰੀ ਸੰਗਤ ਲਈ ਬਹੁਤ ਸੰਘਣੇ ਪੱਤਿਆਂ ਵਾਲੇ ਦਰੱਖਤ ਦੀ ਛਾਂ ਬਣ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣਾ ਨਾਮ ਦਰਜ ਕਰਵਾਉਣ ਦੇ ਮਾਣ ਦੀ ਹੱਕਦਾਰ ਬਣੀ:

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੯੬੭)

ਸਿੱਖ ਪੰਥ ਦੀ ਪਹਿਲੀ ਪ੍ਰਚਾਰਕ ਬੀਬੀ ਅਮਰੋ ਨੂੰ ਮਾਂ ਖੀਵੀ ਨੇ ਗੁਰਬਾਣੀ ਦੀ ਅਜਿਹੀ ਗੁੜ੍ਹਤੀ ਦਿੱਤੀ ਕਿ ਉਸਨੇ ਆਪਣੇ ਨੇਕ ਜੀਵਨ ਨਾਲ ਸਹੁਰੇ ਘਰ ਵਿਚ ਬਾਣੀ ਦੀ ਜਾਗ ਲਾ ਕੇ ਇਕ ਅਜਿਹਾ ਸਿੱਖ ਪੈਦਾ ਕੀਤਾ (ਗੁਰੂ ਅਮਰਦਾਸ ਜੀ ਜੋ ਸਹੁਰੇ ਦੀ ਥਾਂ ਸਨ), ਜੋ ਗੁਰੂ ਪਦਵੀ ਨੂੰ ਪ੍ਰਾਪਤ ਹੋ ਗਿਆ। ਮਾਤਾ ਭਾਨੀ ਜੀ ਨੇ ਆਪਣੇ (ਗੁਰੂ) ਅਰਜੁਨ 'ਪੂਤਾ' ਨੂੰ ਅਜਿਹੀ 'ਮਾਤਾ ਕੀ ਅਸੀਸ' ਦਿੱਤੀ ਕਿ '**ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ**' ਮੁਤਾਬਿਕ ਅੰਮ੍ਰਿਤਮਈ ਬਾਣੀ ਪੜ੍ਹਦਿਆਂ ਹੋਇਆ, ਤੱਤੀਆਂ ਤਵੀਆਂ ਤੇ ਬੈਠ ਗਏ, ਪਰ ਸੀ ਤਕ ਨਾ ਉਚਾਰੀ ।

ਸਿੱਖ ਇਤਿਹਾਸ ਦੀ ਪਹਿਲੀ ਸ਼ਹੀਦ ਇਸਤਰੀ ਮਾਤਾ ਗੁਜਰੀ ਜੀ ਨੇ ਆਪਣੇ ਪਤੀ, ਪੁੱਤਰ ਅਤੇ ਪੋਤਰੇ ਸ਼ਹੀਦ ਕਰਵਾ ਕੇ, ਅਜਿਹੇ ਪੂਰਨੇ ਪਾਏ ਕਿ ਅਣਗਿਣਤ ਬੀਬੀਆਂ, ਬੱਚਿਆਂ ਦੇ ਟੁਕੜੇ-ਟੁਕੜੇ ਕਰਵਾ ਗਲਾਂ ਵਿਚ ਹਾਰ ਪੁਆ ਸ਼ਹੀਦ ਹੋ ਗਈਆਂ, ਪਰ ਬੇਅਸੂਲਾ ਅਤੇ ਬੇਅਣਖਾ ਜੀਵਨ ਜੀਊਣਾ ਪ੍ਰਵਾਨ ਨਹੀਂ ਕੀਤਾ। ਮਾਈ ਭਾਗੋ ਨੇ ਪਹਿਲੀ ਇਸਤਰੀ ਜਰਨੈਲ ਬਣ ਚਾਲ੍ਹੀ ਬੇਦਾਵੀਏ ਸਿੱਖਾਂ ਨੂੰ ਮੁੜ ਗੁਰੂ ਲੜ ਲਾ ਕੇ ਉਹਨਾਂ ਨੂੰ ਚਾਲ੍ਹੀ ਮੁਕਤੇ ਬਣਾ, ਸਿੱਖ ਇਤਿਹਾਸ ਨੂੰ ਕਲੰਕਿਤ ਹੋਣੋਂ ਬਚਾ ਲਿਆ।

ਪਹਿਲੀ ਰਾਜਨੀਤੀਵਾਨ ਇਸਤਰੀ ਮਾਤਾ ਸੁੰਦਰੀ ਨੇ ਬੰਦਈ ਖਾਲਸੇ ਅਤੇ ਤੱਤ ਖਾਲਸੇ ਵਿਚਾਲੇ ਭੇਦ ਮਿਟਾ ਪੰਥ ਨੂੰ ਦੋਫਾੜ ਹੋਣੋ ਬਚਾਅ ਕੇ ਇਕ ਇਤਿਹਾਸਕ ਮੋੜ ਦਿੱਤਾ। ਗੁਰੂ ਸਾਹਿਬ ਦੇ ਜੀਵਨ ਕਾਲ ਤੋਂ ਬਾਅਦ ਮਾਤਾ ਸਾਹਿਬ ਕੌਰ ਨੇ ਅਨੇਕਾਂ ਹੁਕਮਨਾਮੇ ਜਾਰੀ ਕਰ ਖਾਲਸੇ ਦੀ ਅਗਵਾਈ ਕੀਤੀ। ਸਿੱਖ ਇਤਿਹਾਸ ਵਿਚ ਘੱਲੂਘਾਰਿਆਂ ਸਮੇਂ ਹੋਰ ਕਈ ਅਣਗਿਣਤ ਇਸਤਰੀਆਂ ਦਾ ਜ਼ਿਕਰ ਆਉਂਦਾ ਹੈ, ਜੋ ਔਖੇ ਸਮੇਂ ਆਪਣੇ ਵੀਰਾਂ ਨਾਲ ਡਟੀਆ ਰਹੀਆਂ। ਇਤਿਹਾਸਕ, ਅਧਿਆਤਮਕ, ਸਮਾਜਕ ਅਤੇ ਸੱਭਿਆਚਾਰਕ ਖੇਤਰ ਵਿਚ ਸਿੱਖ ਇਸਤਰੀਆਂ ਦਾ ਅਜਿਹਾ ਸਥਾਨ ਰਿਹਾ ਹੈ।



ਹੁਣ ਦੇਖਣ ਵਾਲੀ ਗੱਲ ਹੈ ਕਿ ਅੱਜ ਸਿੱਖ ਇਸਤਰੀ ਕਿੱਥੇ ਖੜੀ ਹੈ, ਕੀ ਅੱਜ ਦੀ ਇਸਤਰੀ ਦਾ ਅਜਿਹਾ ਆਚਰਣਕ ਪੱਧਰ ਹੈ, ਜਿਸ ਦਾ ਚਿਤਰਨ ਗੁਰਬਾਣੀ ਵਿਚ ਕੀਤਾ ਗਿਆ ਹੈ ? ਕੀ ਅੱਜ ਸਿੱਖ ਪੰਥ ਕੋਈ ਮਾਈ ਭਾਗੋ ਜਾਂ ਮਾਤਾ ਸੁੰਦਰੀ ਪੈਦਾ ਕਰ ਸਕਿਆ ਹੈ?

ਜੁਆਬ ਸਪੱਸ਼ਟ ਨਾਂਹ ਵਿਚ ਹੈ। ਜ਼ਰੂਰ ਅਸੀਂ ਕਿਤੇ ਖੁੰਝ ਗਏ ਹਾਂ। ਸ਼ਾਇਦ ਸਿੱਖ ਪੰਥ ਸਮਾਜ ਉਸਾਰੀ ਦੇ ਖੇਤਰ ਵਿਚ ਔਰਤਾਂ ਦੁਆਰਾ ਪਾਏ ਜਾ ਸਕਣ ਵਾਲੇ ਉਸਾਰੂ ਯੋਗਦਾਨ ਦੀ ਮਹੱਤਤਾ ਨੂੰ ਨਹੀਂ ਸਮਝ ਸਕਿਆ।

ਨੈਪੋਲੀਅਨ ਨੇ ਕਿਹਾ ਸੀ " Give me good mothers and I will give you a good nation". ਅੱਜ ਪੰਥ ਚੌਰਾਹੇ ਤੇ ਖੜ੍ਹਾ ਹੈ। ਕੀ ਇਹ ਕਿਤੇ ਇਸ ਕਰਕੇ ਤਾਂ ਨਹੀਂ ਕਿ ਸਾਡੀਆਂ ਮਾਤਾਵਾਂ, ਚੰਗੀਆਂ ਮਾਤਾਵਾਂ ਬਣਨ ਵਿਚ ਅਸਫਲ ਰਹੀਆਂ ਹਨ ? ਕੀ ਕਾਰਣ ਹੈ ਕਿ ਨਵਾਬੀਆਂ ਠੁਕਰਾ ਦੇਣ ਵਾਲੇ ਅਤੇ ਫਿਰ ਘੋੜੇ ਦੀ ਲਿੱਦ ਚੁੱਕਣ ਵਾਲੇ ਨੂੰ ਨਵਾਬੀ ਬਖਸ਼ਿਸ਼ ਕਰਨ ਵਾਲੇ ਖਾਲਸਾ ਜੀ ਅੱਜ ਕੁਰਸੀ ਯੁੱਧ ਵਿਚ ਸਾਰੇ ਰਿਕਾਰਡ ਮਾਤ ਪਾਉਂਦੇ ਨਜਰ ਆ ਰਹੇ ਹਨ ? ਕਾਰਣ ਕੇਵਲ ਇਹ ਹੀ ਹੈ ਸਕਦਾ ਹੈ ਕਿ ਜੋ ਮਾਤਾ ਆਪ ਹੀ '**ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ**', ਬਣ ਜਾਏ ਅਤੇ ਸਹਿਜ ਸੰਤੋਖ ਨਾਲ ਸੀਗਾਰੀ ਨਾ ਗਈ ਹੋਵੇ, ਉਸ ਕੋਲੋਂ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਇਹਨਾਂ ਗੁਣਾਂ ਦੀ ਧਾਰਨੀ ਔਲਾਦ ਪੈਦਾ ਕਰੇਗੀ ?

ਕਿੰਨੀਆਂ ਕੁ ਮਾਤਾਵਾਂ ਅੱਜ ਆਪਣੇ ਬੱਚਿਆਂ ਨੂੰ '**ਹਰਿ ਸਿਮਰਤ ਅਨਦ ਅਨੰਤਾ**' ਦੀ ਅਸੀਸ ਦਿੰਦੀਆਂ ਹਨ ਅਤੇ ਉਹਨਾਂ ਨੂੰ ਸੱਚ ਦੇ ਧਾਰਨੀ ਬਣਾਉਣ ਲਈ '**ਘਾਲਿ ਖਾਇ ਕਿਛੁ ਹਥਹੁ ਦੇਇ**' ਦਾ ਸਬਕ ਪੜ੍ਹਾਉਂਦੀਆਂ ਹਨ। ਨਿਸਚੇ ਹੀ ਚੰਗੀਆਂ ਮਾਤਾਵਾਂ ਦੀ ਘਾਟ ਹੀ ਅੱਜ ਦੀ ਦੁਬਿਧਾ ਦਾ ਕਾਰਨ ਹੋ ਸਕਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਅਸੀਂ ਚੰਗੇ ਸਮਾਜ ਦੀ ਸਿਰਜਣਾ ਕਰਨ ਵਾਲੀਆਂ ਮਾਤਾਵਾਂ ਪੈਦਾ ਕਰਨ ਲਈ ਜੱਥੇਬੰਦਕ ਤੌਰ ਤੇ ਯਤਨਸ਼ੀਲ ਹਾਂ? ਕਿਸੇ ਵੀ ਵਿਅਕਤੀ ਦੇ ਆਚਰਣ ਦੀ ਘਾੜਤ ਵਿਚ ਦੋ ਸਖਸ਼ੀਅਤਾਂ ਅਹਿਮ ਯੋਗਦਾਨ ਪਾਉਂਦੀਆਂ ਹਨ। ਇਕ ਮਾਤਾ ਅਤੇ ਦੂਸਰਾ ਅਧਿਆਪਕ। ਜਿੱਥੇ ਮਾਤਾ ਨੇ ਬੱਚੇ ਨੂੰ ਗੁੜ੍ਹਤੀ ਵਿਚ ਹੀ ਸ਼ੁਭ ਗੁਣ ਦੇ ਕੇ, ਉਸ ਦੀ ਹਰ ਸਮੇਂ ਯੋਗ ਅਗਵਾਈ ਕਰਨੀ ਹੈ, ਉੱਥੇ ਅਧਿਆਪਕ ਨੇ ਸਕੂਲ ਆਏ ਬੱਚੇ ਨੂੰ ਆਦਰਸ਼ਕ ਸਿਖਿਆ ਦੇਣੀ ਹੈ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਖਾਲਸਾ ਸਕੂਲ ਅਤੇ ਕਾਲਜ ਸਿੱਖੀ ਆਚਰਨ ਦੀ ਘਾੜਤ ਦੀ ਟਕਸਾਲ ਸਮਝੇ ਜਾਂਦੇ ਹਨ। ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਆਦਿ ਅਨੇਕਾਂ ਸਿਰ ਕੱਢਵੇਂ ਨਾਮ ਖਾਲਸਾ ਕਾਲਜਾਂ ਨਾਲ ਜੁੜੇ ਹਨ।

ਕੀ ਅੱਜ ਦੇ ਖਾਲਸਾ ਕਾਲਜ ਜਾਂ ਸਕੂਲ, ਸਾਨੂੰ ਕੋਈ ਭਾਈ ਜੋਧ ਸਿੰਘ ਜਾਂ ਭਾਈ ਵੀਰ ਸਿੰਘ ਦੇ ਸਕੇ ਹਨ? ਸਾਡੇ ਪ੍ਰਚਾਰਕ ਬੜੇ ਜ਼ੋਰ ਨਾਲ ਕਹਿੰਦੇ ਹਨ ਕਿ ਬੱਚਿਆਂ ਨੂੰ ਕੋਨਵੈਂਟ ਸਕੂਲਾਂ ਵਿਚ ਨਾ ਭੇਜਿਆ ਜਾਵੇ, ਕਿਉਂਕਿ ਉਥੇ ਜਾ ਕੇ ਬੱਚੇ ਆਪਣੇ ਸੱਭਿਆਚਾਰ ਨਾਲੋਂ ਟੁੱਟ ਜਾਂਦੇ ਹਨ। ਪਰ ਕੀ ਸਾਡੇ ਪਾਸ ਕੋਈ ਅਜਿਹਾ ਖਾਲਸਾ ਸਕੂਲ ਹੈ, ਜਿੱਥੇ ਬੱਚਿਆਂ ਨੂੰ ਪਾਏਦਾਰ ਵਿਦਿਆ ਦੇਣ ਦੇ ਇਛੁੱਕ ਮਾਪੇ ਆਪਣੇ ਬੱਚਿਆਂ ਨੂੰ ਭੇਜ ਸਕਣ ? ਮਿਸ਼ਨ ਸਕੂਲ ਦੇ ਕੇਵਲ ਚਾਰ ਵਿਦਿਆਰਥੀਆਂ ਦੀ ਈਸਾਈਅਤ ਵਿਚ ਧਰਮ ਬਦਲੀ ਨੇ ਸਿੰਘ ਸਭਾ ਲਹਿਰ ਹੋਂਦ ਵਿਚ ਲੈ ਆਂਦੀ, ਪਰ ਅੱਜ ਪਿੰਡਾਂ ਦੇ ਪਿੰਡ ਈਸਾਈ ਬਣ ਜਾਂਦੇ ਹਨ ਤਾਂ ਵੀ ਅਸੀਂ ਹਲੂਣੇ ਨਹੀਂ ਜਾਂਦੇ।

ਡਾ. ਰਾਧਾ ਕ੍ਰਿਸ਼ਣਨ ਦਾ ਕਥਨ ਹੈ "Education should be imparted with a view to the type of society that we wish to create".

ਕੀ ਜਿਹੋ-ਜਿਹਾ ਸਮਾਜ ਉਸਾਰਣ ਦੇ ਅਸੀਂ ਚਾਹਵਾਨ ਹਾਂ, ਉਹੋ ਜਿਹੀ ਵਿਦਿਆ ਸਾਡੇ ਵਿੱਦਿਅਕ ਅਦਾਰਿਆਂ ਵਿਚ ਦਿੱਤੀ ਜਾ ਰਹੀ ਹੈ? ਕੇਵਲ ਉੱਪਰਲੀ ਨਜ਼ਰ ਮਾਰਨ ਨਾਲ ਹੀ ਸਾਨੂੰ ਜੁਆਬ ਨਾਂਹ ਵਿਚ ਮਿਲ ਜਾਵੇਗਾ। '**ਮਾਇਆ ਕਾਰਨ ਬਿਦਿਆ ਬੇਚਹੁ, ਜਨਮੁ ਅਬਿਰਥਾ ਜਾਈ**' ਦਾ ਬੋਲਬਾਲਾ ਹੈ ਅਤੇ '**ਵਿਦਿਆ ਵੀਚਾਰੀ ਤਾ ਪਰਉਪਕਾਰੀ**' ਦਾ ਆਦਰਸ਼ ਪਿੱਛੇ ਰਹਿ ਗਿਆ ਹੈ।

ਸੂਝਵਾਨ ਪ੍ਰਬੰਧਕ ਅਤੇ ਯੋਗ ਅਧਿਆਪਕਾਂ ਦੀ ਘਾਟ ਇਕ ਅਜਿਹੀ ਬੀਮਾਰੀ ਹੈ, ਜਿਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਮੈਨੇਜਮੈਂਟ ਕਮੇਟੀਆਂ ਦੀ ਆਪਸੀ ਧੜੇਬੰਦੀ ਨੇ ਹਾਲਤ ਹੋਰ ਵੀ ਹਾਸੋ-ਹੀਣੀ ਬਣਾ ਦਿੱਤੀ ਹੈ ਅਤੇ ਸਿੱਖ ਵਿੱਦਿਅਕ ਅਦਾਰੇ ਲੋਕਾਂ ਲਈ ਮਜ਼ਾਕ ਦਾ ਵਿਸ਼ਾ ਬਣ ਗਏ ਹਨ। ਅੱਜ ਸਿੱਖ ਵਿੱਦਿਅਕ ਅਦਾਰੇ ਫੌਰੀ ਧਿਆਨ ਦੀ ਮੰਗ ਕਰਦੇ ਹਨ। ਸਮੇਂ ਦੀ ਲੋੜ ਹੈ ਕਿ ਅੱਜ ਪੰਥ ਦੇ ਸਿਰ ਕੱਢਵੇਂ ਸੱਜਣ ਇਸ ਪਾਸੇ ਧਿਆਨ ਦੇਣ ਅਤੇ ਵਿੱਦਿਅਕ ਸੰਸਥਾਵਾਂ, ਖਾਸ ਤੌਰ ਤੇ ਇਸਤਰੀਆਂ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਸੌੜੀ ਰਾਜਨੀਤੀ ਤੋਂ ਪਰੇ ਰੱਖ, ਮਿਆਰੀ ਵਿਦਿਆ ਦੇਣ ਲਈ ਯਤਨਸ਼ੀਲ ਹੋਣ, ਤਾਂ ਕਿ ਇਹਨਾਂ ਸੰਸਥਾਵਾਂ ਵਿਚ ਯੋਗ ਅਧਿਆਪਕਾਂ ਦੀ ਅਗਵਾਈ ਹੇਠ ਇਸਤਰੀਆਂ ਦੇ ਆਚਰਣ ਦੀ ਅਜਿਹੀ ਸੁਚੱਜੀ ਘਾੜਤ ਘੜੀ ਜਾਏ, ਕਿ ਉਹ ਆਉਣ ਵਾਲੇ ਸਮੇਂ ਵਿਚ ਚੰਗੀਆਂ ਮਾਤਾਵਾਂ ਬਣ ਉਚੇ ਤੇ ਸੁੱਚੇ ਆਚਰਣ ਵਾਲੀ ਇਕ ਅਜਿਹੀ ਕੌਮ ਦੀ ਸਿਰਜਣਾ ਕਰਨ ਕਿ ਕਾਜ਼ੀ ਨੂਰ ਮੁਹੰਮਦ ਦੇ ਵਾਰਸਾਂ ਨੂੰ ਇਕ ਵਾਰੀ ਫਿਰ ਇਹ ਕਹਿਣ ਲਈ ਮਜ਼ਬੂਰ ਹੋ ਜਾਣਾ ਪਏ :

"ਇਹ ਸਗ (ਕੁੱਤੇ) ਕਿਸੇ ਨਾਮਰਦ ਨੂੰ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵੱਲਦੇ



ਹਨ। ਇਹ ਕਿਸੇ ਤਰੀਮਤ ਦਾ ਗਹਿਣਾ ਜਾਂ ਰੁਪਿਆ ਨਹੀਂ ਲੁੱਟਦੇ ਭਾਵੇਂ ਉਹ ਸੁਆਣੀ ਹੋਵੇ ਜਾਂ ਗੋਲੀ ਬਾਂਦੀ। ਇਹਨਾਂ ਵਿਚ ਵਿਭਚਾਰ ਵੀ ਨਹੀਂ। ਨਾ ਹੀ ਇਹ ਚੋਰੀ ਕਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ"।

❊ ❊

- ❊ ਇਕ ਇਸਤਰੀ ਵਿਚ ਆਪਣੇ ਸੰਪਰਕ ਵਿਚ ਆਉਂਦਿਆਂ ਸ਼ਖਸ਼ੀਅਤਾਂ ਨੂੰ ਪ੍ਰਭਾਵਿਤ ਕਰਨ ਦੀ ਹੈਰਾਨੀਜਨਕ ਸ਼ਕਤੀ ਹੁੰਦੀ ਹੈ।

(Eugenia Price in 'Woman to Woman')

- ❊ ਜੇ ਮਨੁੱਖ ਪਰਿਵਾਰ ਵੱਲ ਆਪਣੇ ਫਰਜ਼ ਨਾ ਨਿਭਾਏ ਤਾਂ ਸਮਾਜ ਆਪਣੀ ਸ਼ਕਤੀ ਗਵਾ ਬੈਠਦਾ ਹੈ।

- ❊ ਮਰਦ ਪਾਸ ਦ੍ਰਿਸ਼ਟੀ ਹੈ ਅਤੇ ਇਸਤਰੀ ਪਾਸ ਅੰਤਰ ਦ੍ਰਿਸ਼ਟੀ ।

(ਵਿਕਟਰ ਹਿਊਗੋ)

- ❊ In the aprin-strings of women is hidden a revolutionary energy which can establish paradise on earth

- Dr. Rajinder Parsad

# ਇਸਤਰੀ ਵਿਰੁੱਧ ਸਮਾਜਿਕ ਅਨਿਆਂ ਕਾਰਣ ਅਤੇ ਉਪਾਅ

ਹਜ਼ਾਰਾਂ ਵਰ੍ਹਿਆਂ ਲੰਮਾ ਸਫਰ ਤੈਅ ਕਰਦਾ ਹੋਇਆ ਸਮਾਂ ਇਕੀਵੀਂ ਸਦੀ ਤੱਕ ਆ ਪਹੁੰਚਿਆ ਹੈ। ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚ ਹੈਰਾਨੀ ਭਰੀ ਤਰੱਕੀ ਨੇ ਮਨੁੱਖੀ ਸੱਭਿਅਤਾ ਵਿਚ ਵੀ ਅਣਗਿਣਤ ਤਬਦੀਲੀਆਂ ਲੈ ਆਂਦੀਆਂ ਹਨ। ਕੁਝ ਹੀ ਸਮਾਂ ਪਹਿਲਾਂ ਪਰਦੇ ਹੇਠ ਢੱਕੀ, ਘਰ ਦੀਆਂ ਦੀਵਾਰਾਂ ਅੰਦਰ ਬੰਦ ਇਸਤਰੀ ਅੱਜ ਹਰ ਖੇਤਰ ਵਿਚ ਮੱਲਾਂ ਮਾਰ ਰਹੀ ਹੈ। ਕਲਪਨਾ ਚਾਵਲਾ ਪੁਲਾੜ ਇਸਤਰੀ ਦੇ ਚਿੰਨ੍ਹ ਵੱਜੋਂ ਸਾਹਮਣੇ ਆਉਂਦੀ ਹੈ। ਭਾਰਤੀ ਸੰਵਿਧਾਨ ਅਨੁਸਾਰ ਕਾਨੂੰਨ ਹੇਠ ਇਸਤਰੀਆਂ ਨੂੰ ਹਰ ਤਰ੍ਹਾਂ ਨਾਲ ਬਰਾਬਰ ਦੇ ਹੱਕ ਪ੍ਰਾਪਤ ਹਨ ਅਤੇ ਲੋੜ ਪੈਣ ਤੇ ਉਹ ਕਾਨੂੰਨੀ ਲੜਾਈ ਲੜ ਕੇ ਆਪਣੇ ਹੱਕ ਪ੍ਰਾਪਤ ਕਰ ਸਕਦੀ ਹੈ। ਇਉਂ ਜਾਪਦਾ ਹੈ ਕਿ ਜਿਵੇਂ ਜ਼ਮਾਨਾ ਹੀ ਇਸਤਰੀਆਂ ਦਾ ਆ ਗਿਆ ਹੋਵੇ ।

ਉਪਰੀ ਨਜਰੇ 'ਸਬ ਹਛਾ' ਮਹਿਸੂਸ ਹੋ ਰਿਹਾ ਹੈ ਪਰ ਸਮਾਜਿਕ ਪੱਧਰ ਉੱਤੇ ਤਾਂ ਸੱਚਾਈ ਕੁਝ ਹੋਰ ਹੀ ਨਜ਼ਰ ਆਉਂਦੀ ਹੈ। ਜਨਮ ਤੋਂ ਪਹਿਲਾਂ ਹੀ ਲੜਕੀਆਂ ਨੂੰ ਮਾਰ ਦੇਣਾ, ਦਾਜ, ਬਲਾਤਕਾਰ, ਕੰਮ-ਕਾਜੀ ਇਸਤਰੀਆਂ ਦਾ ਸ਼ੋਸ਼ਣ ਅਤੇ ਉਹਨਾਂ ਨਾਲ ਭੱਦੀ ਛੇੜ-ਛਾੜ, ਇਸ਼ਤਿਹਾਰੀ ਯੁਗ ਵਿਚ ਇਸਤਰੀਆਂ ਦੇ ਸਰੀਰ ਦਾ ਸ਼ੋਸ਼ਣ ਆਦਿ ਸਮੱਸਿਆਵਾਂ ਸਮਾਜ ਨੂੰ ਅਨੈਤਿਕਤਾ ਦੀ ਡੂੰਘੀ ਖਾਈ ਵਿਚ ਧਕੇਲਦੀਆਂ ਨਜਰ ਆਉਂਦੀਆਂ ਹਨ।

ਦਰਅਸਲ ਇਸਤਰੀ ਪ੍ਰਤੀ ਸਮਾਜਿਕ ਅਨਿਆਂ ਦੀ ਕਹਾਣੀ ਤਾਂ ਆਦਮ ਅਤੇ ਹਵਾ ਦੇ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਜਿਸ ਅਨੁਸਾਰ ਆਦਮ (ਮਰਦ) ਦੇ ਸਾਰੇ ਦੁੱਖਾਂ ਦਾ ਕਾਰਣ ਹਵਾ (ਇਸਤਰੀ) ਹੀ ਹੈ, ਜਿਸਨੇ ਆਦਮ ਨੂੰ ਫੁਸਲਾ ਕੇ, ਉਸ ਕੋਲੋਂ ਮੁੱਢਲਾ ਪਾਪ (Original sin) ਕਰਵਾਇਆ, ਜਿਸ ਦਾ ਖਮਿਆਜਾ ਉਹ ਅੱਜ ਤੱਕ ਇਸ ਦੁੱਖਾਂ ਭਰੇ ਸੰਸਾਰ ਵਿਚ ਦੁਖੀ ਜੀਵਨ ਜੀਊ ਕੇ ਭਰ ਰਿਹਾ ਹੈ। ਡਾ. ਰਾਧਾ ਕ੍ਰਿਸ਼ਣਨ ਆਪਣੀ ਪੁਸਤਕ 'Religion and Society' ਵਿਚ ਲਿਖਦੇ ਹਨ :

"Christian Europe has been brought up in the belief that death would have been unknown but for the unkindness of woman. She is accused of treachery, of back biting and tempting man to



doom."

ਇਉਂ ਲੱਗਦਾ ਹੈ ਜਿਵੇਂ ਆਦਮ ਆਪਣੀ ਹਰ ਸਮੱਸਿਆ ਲਈ ਇਸਤਰੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਹੋਇਆਂ ਅੱਜ ਵੀ ਬਦਲਾ ਲਊ ਨੀਤੀ ਧਾਰਨ ਕਰੀ ਬੈਠਾ ਹੈ ਅਤੇ ਇਸਤਰੀ ਪ੍ਰਤੀ ਅਨਿਆਂ ਦੀ ਗੱਲ, ਉਸੇ ਤਰ੍ਹਾਂ ਹੀ ਇਕ ਗੰਭੀਰ ਸਮਾਜਿਕ ਸਮੱਸਿਆ ਬਣੀ ਸਾਡੇ ਸਾਹਮਣੇ ਖੜੀ ਹੈ।

ਇਸਤਰੀ ਪ੍ਰਤੀ ਅਨਿਆਂ ਦੀ ਸ਼ੁਰੂਆਤ ਉਸਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਜਨਮ ਸਮੇਂ ਲੜਕੀਆਂ ਨੂੰ ਮਾਰ ਦੇਣਾ ਇਕ ਪੁਰਾਣੀ ਸਮਾਜਿਕ ਬੁਰਾਈ ਹੈ। ਅੱਜ ਸਾਇੰਸ ਦੇ ਯੁੱਗ ਵਿਚ ਵੀ ਇਹ ਕਾਇਮ ਹੈ, ਬੜੇ ਸੂਖਮ ਪਰ ਇਕ ਭਿਅੰਕਰ ਰੂਪ ਵਿਚ। ਅੱਜ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਸਾਇੰਸ ਦੀ ਮੱਦਦ ਨਾਲ ਮਾਰ ਦਿੱਤਾ ਜਾਂਦਾ ਹੈ। ਸੰਨ 2001 ਦੀ ਜਨ ਗਣਨਾ (census) ਅਨੁਸਾਰ, ਭਾਰਤ ਵਿਚ ਲੜਕੇ-ਲੜਕੀਆਂ ਦੀ ਦਰ, ਜੋ 1991 ਵਿਚ 1000 : 945 ਸੀ, ਹੁਣ ਘਟ ਕੇ 1000 : 927 ਰਹਿ ਗਈ ਹੈ। ਇਕ ਤੋਂ ਛੇ ਸਾਲ ਤਕ ਦੀ ਉਮਰ ਦੇ ਬੱਚਿਆਂ ਵਿੱਚ ਤਾਂ ਇਹ ਘਟ ਕੇ 1000 : 793 ਹੀ ਰਹਿ ਗਈ ਹੈ।

ਇਸਤਰੀ ਪੁਰਸ਼ ਦੇ ਅਨੁਪਾਤ ਵਿਚ ਇਤਨਾ ਵੱਡਾ ਫਰਕ ਕਈ ਤਰ੍ਹਾਂ ਦੇ ਮਨੋਵਿਗਿਆਨਕ ਉਲਾਰ ਅਤੇ ਨੈਤਿਕ ਵਿਗਾੜ ਪੈਦਾ ਕਰ ਦੇਂਦਾ ਹੈ। ਇਸ ਸਮੱਸਿਆ ਨਾਲ ਨਜਿੱਠਣਾ ਸਮਾਜ ਵਿਗਿਆਨੀਆਂ ਸਾਹਮਣੇ ਇਕ ਬੜੀ ਵੱਡੀ ਚੁਣੌਤੀ ਹੈ। ਇੱਥੇ ਹੀ ਬਸ ਨਹੀਂ ਹੋਰ ਵੀ ਸਭ ਤਰ੍ਹਾਂ ਦੇ ਅਪਰਾਧ ਇਸਤਰੀ ਦੇ ਵਿਰੁੱਧ ਕੀਤੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਦਿੱਲੀ ਦੇਸ਼ ਦੀ ਰਾਜਧਾਨੀ ਹੀ ਨਹੀਂ ਇਹ ਔਰਤਾਂ ਪ੍ਰਤੀ ਅਪਰਾਧਾਂ ਦੀ ਵੀ ਰਾਜਧਾਨੀ ਹੈ। ਸੰਨ 2008 ਦੀ ਰਿਪੋਰਟ ਅਨੁਸਾਰ ਇਸਤਰੀਆਂ ਪ੍ਰਤੀ ਅਪਰਾਧ ਦੀ ਦਰ ਸਮੁੱਚੇ ਦੇਸ਼ ਨਾਲੋਂ ਦੁੱਗਣੀ ਹੈ। ਰਿਪੋਰਟ ਨਾ ਕੀਤੇ ਜਾਣ ਵਾਲੇ ਅਪਰਾਧ ਇਸ ਤੋਂ ਕਿਤੇ ਵਧੇਰੇ ਹਨ। Natonal Crime Records Bureau ਅਨੁਸਾਰ, ਹਰ ਸਾਲ ਇਕ ਲੱਖ ਤੋਂ ਵੱਧ ਕੇਸ ਔਰਤਾਂ ਨਾਲ ਜ਼ੁਲਮ ਸੰਬੰਧੀ ਦਰਜ ਹੁੰਦੇ ਹਨ ਅਤੇ ਇਕ ਅੰਦਾਜ਼ੇ ਮੁਤਾਬਕ ਸੰਨ 2020 ਤੱਕ ਔਰਤਾਂ ਪ੍ਰਤੀ ਅਨਿਆਂ ਦਾ ਵਾਧਾ ਜਨ-ਸੰਖਿਆ ਦੇ ਵਾਧੇ ਦੀ ਦਰ ਨਾਲੋਂ ਵੱਧ ਹੋਵੇਗਾ।

ਸਮਾਜ ਵਿਗਿਆਨ, ਜਿੱਥੇ ਸਮਾਜਿਕ ਪਰੰਪਰਾਵਾਂ ਦੇ ਅਧਿਅਨ ਤੇ ਜ਼ੋਰ ਦਿੰਦਾ ਹੈ, ਉੱਥੇ ਸਮਾਜਿਕ ਸਮੱਸਿਆਵਾਂ ਦੇ ਕਾਰਨ ਅਤੇ ਉਪਾਅ ਲੱਭ ਕੇ, ਇਕ ਸੋਹਣਾ ਅਤੇ ਸਿਹਤਮੰਦ ਸਮਾਜ ਸਿਰਜਣ ਦੀ ਹਾਮੀ ਵੀ ਭਰਦਾ ਹੈ। ਇਕ ਸਿਹਤਮੰਦ ਸਮਾਜ ਦਾ ਮੁੱਢਲਾ ਲੱਛਣ ਇਕ ਸੁਰਤਾ ਵਾਲੇ ਪਰਿਵਾਰ ਨੂੰ ਮੰਨਦਿਆਂ Dr. Danesh M.D. , Professor of Psychiatry an Family Medicine ਆਪਣੀ ਕਿਤਾਬ 'Voilence free family' ਵਿਚ ਲਿਖਦੇ ਹਨ:

"In a unity based family or society, the individuals endeavour to their utmost to serve one another, while at the same time the family and society make certain that justice will be the modus operandi of the group."

ਭਾਵ – ਇਕਸੁਰਤਾ ਵਾਲੇ ਪਰਿਵਾਰ ਅਤੇ ਸਮਾਜ ਵਿਚ ਹਰ ਵਿਅਕਤੀ ਦੂਜੇ ਦੀ ਸੇਵਾ ਨੂੰ ਆਪਣਾ ਪਰਮ ਧਰਮ ਸਮਝਦਾ ਹੈ, ਜਦੋਂ ਕਿ ਪਰਿਵਾਰ ਅਤੇ ਸਮਾਜ ਯਕੀਨੀ ਬਣਾਉਂਦੇ ਹਨ ਕਿ ਸਮਾਜ ਵਿਚ ਹਰ ਵਿਆਕਤੀ ਨੂੰ ਨਿਆਂ ਮਿਲੇ। ਕੇਵਲ ਇਨਸਾਫ ਦੀ ਨੀਂਹ ਤੇ ਸਿਰਜਿਆ ਸਮਾਜ ਹੀ ਸਿਹਤਮੰਦ ਹੋ ਸਕਦਾ ਹੈ। ਜਿਸ ਸਮਾਜ ਵਿਚ ਮਨੁੱਖਤਾ ਦਾ ਅੱਧਾ ਅੰਗ ਅਨਿਆਂ ਦੀ ਚੱਕੀ ਵਿਚ ਪੀਸਿਆ ਜਾ ਰਿਹਾ ਹੋਵੇ, ਉਹ ਸਮਾਜ ਸਿਹਤਮੰਦ ਸਮਾਜ ਨਹੀਂ ਕਹਾਇਆ ਜਾ ਸਕਦਾ ਅਤੇ ਨਾ ਹੀ ਉਸ ਸਮਾਜ ਦੇ ਬਾਕੀ ਅੱਧੇ ਮੈਂਬਰ ਹੀ ਖੁਸ਼ੀ ਭਰਿਆ ਜੀਵਨ ਜੀਊ ਸਕਦੇ ਹਨ। ਅੰਗਰੇਜ਼ੀ ਦੇ ਪ੍ਰਸਿੱਧ ਕਵੀ P.B. Shelley ਪ੍ਰਸ਼ਨ ਕਰਦੇ ਹਨ : "Can Man be free if Women are salves ?" ਸਮਾਜਿਕ ਪ੍ਰਾਣੀ ਹੋਣ ਦੀ ਹੈਸੀਅਤ ਵਿਚ ਹਰ ਮਨੁੱਖ ਇਕ ਦੂਜੇ ਤੇ ਨਿਰਭਰ ਹੈ। ਜਿਸ ਸਮਾਜ ਦਾ ਅੱਧਾ ਅੰਗ ਗੁਲਾਮੀ ਦੀ ਹਾਲਤ ਵਿਚ ਹੋਵੇ, ਉਹ ਸਮਾਜ ਆਜ਼ਾਦੀ ਦਾ ਦਾਅਵਾ ਕਿਵੇਂ ਕਰ ਸਕਦਾ ਹੈ ?

ਕੇਵਲ ਸਮਾਜਕ ਹੀ ਨਹੀਂ ਰਾਜਨੀਤਕ ਆਜ਼ਾਦੀ ਵੀ ਇਸਤਰੀ ਦੀ ਆਜ਼ਾਦੀ ਨਾਲ ਹੀ ਜੁੜੀ ਹੋਈ ਹੈ। ਭਾਰਤ ਦਾ ਇਤਿਹਾਸ ਇਸ ਗੱਲ ਦਾ ਗੁਆਹ ਹੈ। 'ਪੈਰ ਦੀ ਜੁੱਤੀ', 'ਸ਼ੂਦਰ' ਅਤੇ ਪਸ਼ੂ ਦੇ ਬਰਾਬਰ ਸਮਝੀ ਜਾਣ ਵਾਲੀ ਇਸਤਰੀ ਨੂੰ ਭਾਰਤ ਵਿਚ ਵਿਦਿਆ ਪ੍ਰਾਪਤ ਕਰਨ ਦਾ ਅਤੇ ਪੂਜਾ ਦਾ ਅਧਿਕਾਰ ਵੀ ਪ੍ਰਾਪਤ ਨਹੀਂ ਸੀ। ਸਵੈ-ਮਾਨ ਦੀ ਭਾਵਨਾ ਤੋਂ ਵਿਹੂਣੀ ਇਸਤਰੀ ਦੀ ਸੰਤਾਨ ਵੀ ਇਸ ਹੱਦ ਤੱਕ ਨਿਰਬਲ ਹੋ ਚੁੱਕੀ ਸੀ ਕਿ ਸੌ ਤੋਂ ਵੱਧ ਵਾਰ ਭਾਰਤ ਤੇ ਹੋਏ ਹਮਲੇ ਵੀ ਇਸ ਨੂੰ ਕੁਝ ਕਰਨ ਲਈ ਹਲੂਣ ਨਹੀਂ ਸਕੇ। ਆਪਣੀ ਰਖਵਾਲੀ ਲਈ ਹਥਿਆਰ ਚੁੱਕਣੇ ਤਾਂ ਇਕ ਪਾਸੇ ਰਹੇ, ਮਾਨਸਿਕ ਗੁਲਾਮੀ ਦੀ ਅਵਸਥਾ ਵਿਚ ਗਰਕ ਰਹੇ, ਭਾਰਤੀ ਲੋਕ ਆਪਣੀਆਂ ਧੀਆਂ ਦੇ ਡੋਲੇ ਆਪ ਹੀ ਜਰਵਾਣਿਆਂ ਨੂੰ ਦੇਣ ਵਿਚ ਮਾਣ ਮਹਿਸੂਸ ਕਰਨ ਲੱਗ ਪਏ ਸਨ। ਭਾਰਤ ਦੀ ਇੱਜ਼ਤ ਗਜ਼ਨੀ ਦੇ ਬਜ਼ਾਰਾਂ ਵਿਚ ਕੌਡੀਆਂ ਦੇ ਭਾਅ ਵਿਕਣ ਲੱਗੀ ਪਰ ਨਿਰਜਿੰਦ ਹੋਇਆ ਭਾਰਤੀ ਸਮਾਜ ਗੁਲਾਮੀ ਦੀ ਡੂੰਘੀ ਨੀਂਦ ਸੁੱਤਾ ਰਿਹਾ। ਆਖਰ ਇਕ ਮਰਦੇ ਕਾਮਿਲ ਨੇ ਭਾਰਤ ਨੂੰ ਇਸ ਗਿਲਫਤ ਭਰੀ ਨੀਂਦ ਵਿਚੋਂ ਉਠਾਇਆ। ਕਵੀ ਇਕਬਾਲ ਦੇ ਸ਼ਬਦਾਂ ਅਨੁਸਾਰ :

**ਫਿਰ ਉਠੀ ਤੌਹੀਦ ਕੀ ਆਖਿਰ ਸਦਾ ਪੰਜਾਬ ਸੇ**
**ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖਵਾਬ ਸੇ।**



**ਕਾਮਿਲ ਦਾ ਭਾਵ :** ਆਖਰ ਤੱਕ ਪਹੁੰਚਿਆ ਹੋਇਆ, ਪਵਿੱਤਰ ਉਚਤਮ। ਮਰਦੇ ਕਾਮਿਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਸਮਝਦੇ ਸਨ ਕਿ ਹਿੰਦੁਸਤਾਨ ਦੀ ਗੁਲਾਮੀ ਦਾ ਮੁੱਖ ਕਾਰਣ ਅਗਿਆਨ ਅਤੇ ਇਸ ਵਿਚੋਂ ਉਪਜਿਆ ਇਸਤਰੀ ਪ੍ਰਤੀ ਹਰ ਤਰ੍ਹਾਂ ਦਾ ਸਮਾਜਿਕ ਅਨਿਆਂ ਹੀ ਹੈ। ਆਪ ਜੀ ਦੀ ਬਾਣੀ ਵਿਚ, ਉਸ ਸਮੇਂ ਦੇ ਇਸਤਰੀ-ਪੁਰਸ਼ ਦੇ ਸੰਬੰਧਾਂ ਦੇ ਸੰਕੇਤ ਮਿਲਦੇ ਹਨ :

**ਇਸਤਰੀ ਪੁਰਖੈ ਖਟਿਐ ਭਾਉ ॥**
**ਭਾਵੈ ਆਵਉ ਭਾਵੈ ਜਾਉ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੯੫੧)

ਅਤੇ

**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**
**ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੨੪੩)

ਭਾਵ – ਪੁਰਖ ਜਾਲਮ ਹੋ ਚੁੱਕੇ ਸਨ ਅਤੇ ਇਸਤਰੀ ਕਮਜ਼ੋਰ। ਇਸਤਰੀ ਪੁਰਸ਼ ਦਾ ਰਿਸ਼ਤਾ ਕੇਵਲ ਪੈਸੇ ਦਾ ਰਿਸ਼ਤਾ ਹੀ ਰਹਿ ਗਿਆ ਸੀ। ਇਸ ਵਿਚੋਂ ਸਦਾਚਾਰਕ ਸੁੰਦਰਤਾ ਉਡ ਚੁੱਕੀ ਸੀ। ਇਸ ਆਚਾਰ ਵਿਹੀਨ ਰਿਸ਼ਤੇ ਵਿਚੋਂ ਸਦਾਚਾਰ ਅਤੇ ਆਤਮ ਸਨਮਾਨ ਵਾਲੀ ਭਾਵਨਾ ਵਾਲੀ ਸੰਤਾਨ ਪੈਦਾ ਹੋਣੀ ਸੰਭਵ ਹੀ ਨਹੀਂ ਸੀ। ਆਤਮ ਸਨਮਾਨ ਗੁਆ, ਪੱਤ ਵਿਹੂਣਾ ਅਤੇ ਨਿਰਬਲ ਜੀਵਨ ਜੀਊ ਰਹੀ ਲੁਕਾਈ ਨੂੰ ਗੁਲਾਮ ਬਣਾਉਣਾ, ਬਾਹਰੋਂ ਆਏ ਮੁੱਠੀ ਭਰ ਧਾੜਵੀਆਂ ਲਈ ਖੱਬੇ ਹੱਥ ਦੀ ਖੇਡ ਸਾਬਿਤ ਹੋਇਆ। ਇਸਤਰੀ ਨੂੰ ਪੈਰ ਦੀ ਜੁੱਤੀ ਬਨਾਉਣ ਵਾਲਾ ਹਿੰਦੁਸਤਾਨੀ ਸਮਾਜ ਆਪ ਹੀ ਜਰਵਾਣਿਆਂ ਤੇ ਧਾੜਵੀਆਂ ਲਈ ਪੈਰ ਦੀ ਜੁੱਤੀ ਬਣ ਗਿਆ।

ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਕਿਸੇ ਵੀ ਸਮਾਜ ਦੀ ਤਰੱਕੀ ਦਾ ਮਿਆਰ, ਉਸ ਸਮਾਜ ਵਿਚ ਇਸਤਰੀਆਂ ਨੂੰ ਪ੍ਰਾਪਤ ਦਰਜਾ ਹੈ। ਸੁਹਣੇ ਨਰੋਏ ਅਤੇ ਅਗਾਂਹ ਵਧੂ ਸਮਾਜ ਦੀ ਕਲਪਨਾ ਕਰਦਿਆਂ ਗੁਰੂ ਸਾਹਿਬ ਨੇ ਇਸਤਰੀ ਦੀ ਸਮਾਜਿਕ ਹਾਲਤ ਵਿਚ ਸੁਧਾਰ ਲਿਆਉਣ ਦਾ ਟੀਚਾ ਮਿਥਿਆ। ਸਮਾਜ ਸਿਰਜਣਾ ਲਈ ਮਾਤਾ ਦੇ ਰੋਲ ਦੀ ਮਹੱਤਤਾ ਨੂੰ ਸਮਝਦਿਆਂ ਸੰਸਾਰ ਭਰ ਦੀਆਂ ਮਾਤਾਵਾਂ ਦੇ ਹੱਕ ਵਿਚ ਨਾਅਰਾ ਲਗਾਉਂਦਿਆਂ ਫੁਰਮਾਇਆ :

**'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥'** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੪੭੩)

ਨਿਹਕਲੰਕ ਸਮਝੇ ਜਾਣ ਵਾਲੇ ਰਾਜੇ ਦੀ ਮਾਤਾ ਨੂੰ ਕਲੰਕਣੀ ਕਿਹਾ ਜਾਏ, ਅਜਿਹਾ ਸਮਾਜਿਕ ਅਨਿਆਂ ਆਪ ਨੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਆਪ ਚਾਹੁੰਦੇ ਸਨ

ਕਿ ਇਸਤਰੀ ਸੋਹਣੀ ਸ਼ਖਸ਼ੀਅਤ ਦੀ ਮਾਲਕ ਹੋਵੇ ਤਾਂ ਕਿ ਉਹ ਗੁਣਵਾਨ ਸੰਤਾਨ ਪੈਦਾ ਕਰ ਸਕੇ। ਆਪ ਨੇ ਆਪਣੀ ਬਾਣੀ ਵਿਚ ਭਾਵਾਂ ਦੇ ਪ੍ਰਗਟਾਅ ਲਈ ਇਸਤਰੀ ਨੂੰ ਹੀ ਮੁੱਖ ਪਾਤਰ ਬਣਾਇਆ। ਸਾਰੀ ਬਾਣੀ ਬਿਰਹੋਂ ਕੁੱਠੀ ਪਵਿੱਤਰ ਪਿਆਰ ਵਿਚ ਭਿੱਜੀ ਇਸਤਰੀ ਦੇ ਬੋਲ ਹਨ:

**"ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥**
**ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੪੨੧)

ਪ੍ਰੋ. ਪੂਰਨ ਸਿੰਘ ਆਪਣੀ ਕਿਤਾਬ 'Spirit Born People' ਵਿਚ ਲਿਖਦੇ ਹਨ: "Her nobleness in Sri Guru Granth Sahib ji is infinite, her freedom is of the highest. Both man and woman as sexes are forgotten in her voice. She becomes the Supreme Reality and a freed soul. In the freed soul alone the subordination of the one to the other is effectively abolished and all disputes hushed."

ਭਾਵ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸ ਦੀ (ਇਸਤਰੀ) ਦੀ ਸ਼੍ਰੇਸ਼ਟਤਾ ਬੇਅੰਤ ਹੈ ਅਤੇ ਉਸਦੀ ਆਜ਼ਾਦੀ ਉੱਚਤਮ ਦਰਜੇ ਦੀ। ਇੱਥੇ ਇਸਤਰੀ ਦੀ ਆਵਾਜ਼ ਵਿਚ ਮਰਦ ਅਤੇ ਔਰਤ ਇਕ ਹੀ ਹੋ ਜਾਂਦੇ ਹਨ ਅਤੇ ਉਹ ਇਕ ਆਜ਼ਾਦ ਆਤਮਾ ਬਣ ਉੱਚ ਦਰਜੇ ਦੇ ਸੱਚ ਦੀ ਧਾਰਨੀ ਬਣ ਜਾਂਦੀ ਹੈ। ਕੇਵਲ ਇਕ ਆਜ਼ਾਦ ਆਤਮਾ ਹੀ ਸਾਰੇ ਸੰਸਾਰ ਉੱਤੇ ਸਮਾਜਿਕ ਝਗੜੇ ਖਤਮ ਕਰਨ ਦੀ ਸ਼ਕਤੀ ਰੱਖਦੀ ਹੈ।

ਇਸ ਦੇ ਉਲਟ ਬੀਮਾਰ ਅਤੇ ਗੁਲਾਮ ਮਾਨਸਿਕਤਾ ਦੇ ਧਾਰਨੀ ਪੁਰਸ਼ ਇਸਤਰੀਆਂ ਹੀ ਸਮਾਜਿਕ ਅਨਿਆਂ ਕਰਦੇ ਅਤੇ ਸਹਾਰਦੇ ਹਨ। ਮਨੋਵਿਗਿਆਨੀਆਂ ਅਨੁਸਾਰ ਅਜਿਹੇ ਵਿਅਕਤੀਆਂ ਦੀ ਸ਼ਖਸ਼ੀਅਤ ਹੇਠ ਲਿਖੇ ਲੱਛਣਾਂ ਦੀ ਸ਼ਿਕਾਰ ਹੁੰਦੀ ਹੈ :

1. ਆਪਣੇ ਬਾਰੇ ਉੱਚੀ ਰਾਏ ਨਾ ਰੱਖਣਾ ।
2. ਆਤਮ ਸਨਮਾਨ ਦੀ ਘਾਟ ।
3. ਉਦਾਸ ਰਹਿਣ ਦੀ ਪ੍ਰਵਿਰਤੀ ।
4. ਪਰਿਵਾਰਿਕ ਮਾਹੌਲ ਤਣਾਉ ਪੂਰਨ ਰਹਿਣਾ ।
5. ਨਸ਼ਿਆਂ ਦਾ ਸੇਵਨ ਅਤੇ ਸ਼ੱਕੀ ਸੁਭਾਉ ।
6. ਬਚਪਨ ਵਿਚ ਅਨਿਆਂ ਅਤੇ ਹਿੰਸਾ ਦਾ ਸ਼ਿਕਾਰ ਹੋਣਾ।



ਇਕ ਮਹਾਨ ਮਨੋਵਿਗਿਆਨੀ ਹੋਣ ਦੇ ਨਾਤੇ ਸਾਰੇ ਗੁਰੂ ਸਾਹਿਬਾਨ ਇਹਨਾਂ ਸੱਚਾਈਆਂ ਤੋਂ ਵਾਕਫ ਸਨ। ਇਸੇ ਲਈ ਉਹਨਾਂ ਸਮਾਜ ਦੀ ਸਿਰਜਕ ਇਸਤਰੀ ਨੂੰ ਆਤਮਕ ਤੌਰ ਤੇ ਆਜ਼ਾਦ ਕਰਨ ਲਈ ਉਸ ਵਿਚੋਂ ਨੀਵੇਂਪਣ ਦੀ ਭਾਵਨਾ ਨੂੰ ਖਤਮ ਕਰਕੇ ਆਤਮ ਸਨਮਾਨ ਭਰਿਆ ਜੀਵਨ ਜੀਊਣ ਦੇ ਕਾਬਲ ਬਣਾਉਣ ਲਈ ਅਮਲੀ ਕਦਮ ਚੁੱਕੇ।

ਇਸਤਰੀ ਨੂੰ ਨੀਵੇਂਪਣ ਦੀ ਡੂੰਘੀ ਖੱਡ ਵਿਚ ਸੁੱਟਣ ਵਾਲੀ ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਰਸਮ ਨੂੰ ਹੁਕਮਨ ਮਨ੍ਹਾਂ ਕਰ ਦਿੱਤਾ। ਦਸਮ ਪਾਤਸ਼ਾਹ ਦਾ ਜੂਨ, 1699 ਵਿਚ ਕਾਬਲ ਦੀ ਸੰਗਤ ਦੇ ਨਾਮ ਭੇਜਿਆ ਹੁਕਮਨਾਮਾ ਵੀ ਇਸੇ ਗੱਲ ਦੀ ਦ੍ਰਿੜਤਾ ਕਰਵਾਉਂਦਾ ਹੈ: **"ਭਾਦਨੀ ਤਥਾ ਕੰਨਿਆ ਮਾਰਨੇ ਵਾਲੇ ਸੇ ਮੇਲ ਨਾ ਰਖੇ"** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਤਾ ਗੰਗਾ ਜੀ ਕੋਲੋਂ ਇਹ ਅਸੀਸ ਮੰਗੀ :

**ਸੀਲ ਕੰਨਿਆ ਇਕ ਹੋਵੈ ਨਹੀ ਤੋ ਮਾ ਗ੍ਰਹਿਸਤ ਵਿਗੋਵੈ ।** (ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਬਾਬਲ ਦੇ ਘਰ ਪਿਆਰ ਭਰਿਆ ਜੀਵਨ ਜੀਊਦੀ ਬੇਟੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ :

**ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੯੩੫)

ਅਫਸੋਸ ਹੈ ਕਿ ਅੱਜ ਗੁਰੂਆਂ ਦੀ ਸਿਖਿਆ ਦੇ ਉਲਟ ਚੱਲਣ ਵਾਲੇ ਪੁਰਸ਼ ਸਾਇੰਸ ਦੀ ਮੱਦਦ ਨਾਲ ਬੇਟੀ ਨੂੰ ਮਾਰ ਕੇ ਵੀ ਸਮਾਜ ਵਿਚ ਬੀਬੇ ਬਣ ਬਹਿੰਦੇ ਹਨ। ਇਸਤਰੀਆਂ ਪ੍ਰਤੀ ਇਸ ਘੋਰ ਸਮਾਜਿਕ ਅਨਿਆਂ ਨੂੰ ਖਤਮ ਕਰਨਾ ਸਮਾਜ ਵਿਗਿਆਨੀਆਂ ਲਈ ਇਕ ਵੱਡੀ ਚੁਣੌਤੀ ਹੈ।

ਇਸਤਰੀਆਂ ਨੂੰ ਮਾਨਸਿਕ ਘੁਟਣ ਦੇ ਮਾਹੌਲ ਵਿਚੋਂ ਕੱਢ ਸਿਰ ਉੱਚਾ ਚੁੱਕ ਕੇ ਤੁਰ ਸਕਣ ਦੇ ਕਾਬਲ ਬਣਾਉਣ ਲਈ ਗੁਰੂ ਸਾਹਿਬ ਨੇ ਪ੍ਰਚੱਲਿਤ ਸਮਾਜਿਕ ਕੁਰੀਤੀਆਂ ਵਿਰੁੱਧ ਭਰਵੀਂ ਆਵਾਜ਼ ਉਠਾਈ ਅਤੇ ਸਮਾਜ ਸੁਧਾਰ ਦੇ ਅਨੇਕਾਂ ਅਮਲੀ ਕਦਮ ਚੁੱਕੇ : ਬਾਲ ਵਿਆਹ, ਪਰਦਾ, ਸਤੀ ਅਤੇ ਸੂਤਕ ਆਦਿ ਇਸਤਰੀ ਵਿਰੋਧੀ ਰਸਮਾਂ ਦਾ ਖਾਤਮਾ ਕਰਕੇ ਵਿਧਵਾ ਵਿਆਹ ਖੁੱਲ੍ਹ ਦਿੱਤੀ। ਲਾਲਚ ਅਤੇ ਦਿਖਾਵੇ ਵੱਸ ਦਾਜ ਦੀ ਲਾਹਨਤ, ਜੋ ਅੱਜ ਵੀ ਕਈ ਮਾਸੂਮ ਇਸਤਰੀਆਂ ਨੂੰ ਨਿਗਲ ਚੁੱਕੀ ਹੈ, ਬਾਰੇ ਵੀ ਗੁਰੂ ਸਾਹਿਬ ਨੇ ਅਗਵਾਈ ਦਿੱਤੀ।

**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜ ਅਹੰਕਾਰੁ ਕਚ ਪਾਜੋ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੯ )

ਇਸਤਰੀਆਂ ਵਿਚ ਆਤਮ ਸਨਮਾਨ ਦੀ ਭਾਵਨਾ ਭਰਨ ਲਈ, ਉਹਨਾਂ ਨੂੰ ਦੂਰ-ਦੁਰਾਡੇ ਪ੍ਰਚਾਰਕ ਬਣਾ ਕੇ ਭੇਜਿਆ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਬਣਾਏ ਗਏ ਪ੍ਰਚਾਰ ਕੇਂਦਰਾਂ ਦੀਆਂ ਮੁਖੀ ਇਸਤਰੀਆਂ ਵੀ ਸਨ। ਬੀਬੀ ਭਾਗਭਰੀ, ਮਥੋ ਮੁਰਾਰੀ ਅਤੇ ਸੱਚਨ ਸਚ ਨਾਮ ਸਿੱਖ ਇਤਿਹਾਸ ਵਿੱਚ ਇਸਤਰੀ ਪ੍ਰਚਾਰਕਾਂ ਦੇ ਨਾਮ ਨਾਲ ਜੁੜੇ ਹਨ। ਇਹਨਾਂ ਇਸਤਰੀਆਂ ਨੂੰ ਆਪਣੇ ਅਧੀਨ ਆਉਂਦੇ ਖੇਤਰਾਂ ਵਿੱਚ ਸਾਰੇ ਫੈਸਲੇ ਆਪ ਲੈਣ ਦਾ ਪੂਰਾ ਅਧਿਕਾਰ ਸੀ।

Extra marital ਸੰਬੰਧਾਂ ਦੀ ਸਮੱਸਿਆ ਇਕ ਹੋਰ ਵੱਡੀ ਸਮਾਜਿਕ ਸਮੱਸਿਆ ਹੈ। ਹਰ ਵਰਗ ਦੇ ਪੜ੍ਹੇ ਲਿਖੇ ਭੱਦਰ ਪੁਰਸ਼ ਵੀ ਇਸ ਸਮੱਸਿਆ ਦੀ ਜਕੜ ਵਿਚ ਆਉਂਦੇ ਦੇਖੇ ਗਏ ਹਨ। ਗੁਰੂ ਸਾਹਿਬ ਨੇ **'ਏਕਾ ਨਾਰੀ ਜਤੀ ਹੋਇ'** ਦਾ ਆਦਰਸ਼ ਦਿੱਤਾ। ਇਸਤਰੀ ਦੀ ਤਰ੍ਹਾਂ ਮਰਦ ਤੋਂ ਵੀ ਵਿਵਾਹਿਕ ਸੰਬੰਧਾਂ ਵਿਚ ਵਫਾਦਾਰੀ ਦੀ ਤਵੱਕੋ ਰੱਖੀ ਗਈ। ਪਰਾਈ ਇਸਤਰੀ ਨਾਲ ਸੰਬੰਧ ਰੱਖਣ ਵਾਲੇ ਮਰਦ ਨੂੰ 'ਪਾਪੀ' ਅਤੇ 'ਅੰਧਾ' ਕਹਿ ਕੇ ਦੁਰਕਾਰਿਆ ਗਿਆ ਹੈ :

**ਘਰਿ ਕੀ ਨਾਰਿ ਤਿਆਗੈ ਅੰਧਾ ॥**
**ਪਰ ਨਾਰੀ ਸਿਉ ਘਾਲੈ ਧੰਧਾ ॥** ...
**ਪਾਪੀ ਕਾ ਘਰੁ ਅਗਨੈ ਮਾਹਿ ॥**
**ਜਲਤ ਰਹੈ ਮਿਟਵੈ ਕਬ ਨਾਹਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੧੧੬੫)

ਸਮਾਜਿਕ ਅਤੇ ਘਰੇਲੂ ਅਨਿਆਂ ਦੇ ਸ਼ਿਕਾਰ ਮਰਦ ਅਤੇ ਇਸਤਰੀਆਂ ਕਈ ਹੋਰ ਸਮਾਜਿਕ ਸਮੱਸਿਆਵਾਂ ਨੂੰ ਜਨਮ ਦੇਂਦੇ ਹਨ। ਖਾਸ ਤੌਰ ਤੇ ਜਦੋਂ ਇਸਤਰੀ ਤਨਾਅ ਕਾਰਣ ਮਾਨਸਿਕ ਉਲਾਰ ਦੀ ਸ਼ਿਕਾਰ ਹੋ ਗਈ ਹੋਵੇ, ਤਾਂ ਸਾਰਾ ਪਰਿਵਾਰ ਸਮੱਸਿਆਵਾਂ ਨਾਲ ਪੀੜਤ ਹੋ ਜਾਂਦਾ ਹੈ। ਗੁਰੂ ਸਾਹਿਬ ਸਮੱਸਿਆ ਦੇ ਹੱਲ ਲਈ ਜੜ੍ਹ ਤੱਕ ਪੁੱਜੇ। ਆਪ ਸਮਝਦੇ ਸਨ ਕਿ ਕੇਵਲ ਓਪਰੇ ਕਦਮ ਚੁੱਕਣ ਨਾਲ ਸਮਾਜ ਵਕਤੀ ਤੌਰ ਤੇ ਤਾਂ ਬਦਲਿਆ ਜਾ ਸਕਦਾ ਹੈ, ਇਸ ਵਿਚ ਕੋਈ ਸਥਾਈ ਤਬਦੀਲੀ ਨਹੀਂ ਲਿਆਈ ਜਾ ਸਕਦੀ। ਸਥਾਈ ਤਬਦੀਲੀ ਤਾਂ ਸਮਾਜਿਕ ਵਾਤਾਵਰਣ ਬਦਲਣ ਨਾਲ ਹੀ ਸੰਭਵ ਹੋ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਲੋਕ ਮਾਨਸਿਕਤਾ ਬਦਲੀ ਜਾਏ। ਮੁੱਢਲੀਆਂ ਕਦਰਾਂ-ਕੀਮਤਾਂ ਨੂੰ ਬਦਲ ਸਕਣ ਵਾਲਾ ਅੰਦਰੂਨੀ ਮਾਨਸਿਕ ਅਤੇ ਵੀਚਾਰ ਧਾਰਕ ਇਨਕਲਾਬ ਹੀ ਇਕ ਵਧੀਆ ਸਮਾਜਿਕ ਵਾਤਾਵਰਣ ਸਿਰਜ ਸਕਦਾ ਹੈ।

ਗੁਰੂ ਸਾਹਿਬਾਨ ਦੁਆਰਾ ਲਿਆਂਦੇ ਗਏ ਅੰਦਰੂਨੀ ਇਨਕਲਾਬ ਨੇ ਇਸਤਰੀਆਂ ਦੇ



ਮਨਾਂ ਵਿਚੋਂ ਹੀਨ ਭਾਵਨਾ ਖਤਮ ਕਰ ਦਿੱਤੀ ਅਤੇ ਸਮਾਂ ਆਉਣ ਤੇ ਸਦੀਆਂ ਤੋਂ ਪੈਰਾਂ ਹੇਠ ਲਤਾੜੀ ਗਈ ਇਸਤਰੀ ਇਸ ਯੋਗ ਹੋ ਗਈ ਕਿ ਜੰਗ ਦੇ ਮੈਦਾਨ ਵਿਚ ਆਪਣੇ ਭਰਾਵਾਂ ਨਾਲ ਰਲ ਕੇ ਜੂਝ ਸਕੇ, ਲੋੜ ਪੈਣ ਤੇ ਸੂਹੀਏ ਦਾ ਜੋਖਿਮ ਭਰਿਆ ਕੰਮ ਕਰ ਸਕੇ। ਅਠ੍ਹਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਅੰਗਰੇਜ਼ ਸਰਕਾਰ ਅਨੁਸਾਰ ਪੰਜਾਬ ਵਿਚ ਇਕੋ-ਇਕ ਮਰਦ ਸੀ ਤੇ ਉਹ ਸੀ ਰਾਣੀ ਜਿੰਦਾਂ। ਰਾਣੀ ਸਦਾ ਕੌਰ ਨੇ ਜੰਗ ਦੇ ਮੈਦਾਨ ਵਿਚ ਪਤੀ ਦੀ ਲੋਥ ਤੋਂ ਹਥਿਆਰ ਲੈ ਆਪ ਜੂਝ ਦਿਖਾਇਆ।ਰਾਣੀ ਸਾਹਿਬ ਕੌਰ ਪਟਿਆਲਾ ਦੀ ਮਰਾਠਿਆਂ ਤੇ ਜਿੱਤ ਇਤਿਹਾਸ ਦਾ ਇਕ ਸੁਨਹਿਰੀ ਪੰਨਾ ਹੈ। ਸਿੱਖ ਰਾਜ ਦੀ ਕਾਇਮੀ ਦਾ ਸਿਹਰਾ ਰਾਣੀ ਸਦਾ ਕੌਰ ਦੇ ਸਿਰ ਜਾਂਦਾ ਹੈ। ਧਿਆਨ ਰਹੇ ਕਿ ਅਜਿਹੀਆਂ ਇਸਤਰੀਆਂ ਇਤਿਹਾਸ ਵਿਚ ਇਕਾ-ਦੁਕਾ ਨਹੀਂ ਅਣਗਿਣਤ ਸਨ, ਕੁਝ ਜਾਣੀਆਂ ਪਹਿਚਾਣੀਆਂ ਅਤੇ ਅਣਗਿਣਤ ਗੁੰਮਨਾਮ। ਕੌਣ ਕਹਿੰਦਾ ਹੈ ਕਿ ਇਸਤਰੀ ਕਮਜ਼ੋਰ ਹੈ ਅਤੇ ਨਿਮਾਣੀ ਨਿਤਾਣੀ ਹੈ ?

ਲੋੜ ਹੈ ਸਮਾਜ ਵਿਚ ਢੁੱਕਵਾਂ ਮਾਹੌਲ ਸਿਰਜਿਆ ਜਾਵੇ, ਜਿੱਥੇ ਇਸਤਰੀ ਨੂੰ ਸਤਿਕਾਰਯੋਗ ਦਰਜਾ ਹਾਸਿਲ ਹੋਏ। ਅੱਜ ਦੇ ਮੀਡੀਆ ਪ੍ਰਧਾਨ ਯੁੱਗ ਵਿਚ ਇਹ ਗੱਲ ਹੋਰ ਵੀ ਜ਼ਰੂਰੀ ਹੋ ਗਈ ਹੈ। ਇਸਤਰੀ ਦੀ ਸਮਾਜਿਕ ਦਸ਼ਾ ਸੁਧਾਰਨ ਲਈ ਕੇਵਲ ਕਾਨੂੰਨ ਬਣਾਉਣੇ ਹੀ ਕਾਫੀ ਨਹੀਂ ਬਲਕਿ ਅਜਿਹਾ ਸਮਾਜਕ ਵਾਤਾਵਰਣ ਸਿਰਜਣ ਦੀ ਲੋੜ ਹੈ ਜਿੱਥੇ ਉਸ ਨੂੰ ਸੁਭਾਵਕ ਹੀ ਨਿਆਂ ਮਿਲ ਸਕੇ। ਭਾਰਤ ਦੀ ਪਹਿਲੀ ਮਹਿਲਾ ਆਈ. ਪੀ. ਐਸ. ਸ੍ਰੀਮਤੀ ਕਿਰਨ ਬੇਦੀ, ਜੋ ਬਹੁਤ ਸਮਾਂ ਅਪਰਾਧੀਆਂ ਅਤੇ ਬਲਾਤਕਾਰੀਆਂ ਨਾਲ ਪੇਸ਼ ਆਉਂਦੇ ਰਹੇ ਟ੍ਰਿਬਿਊਨ ਵਿਚ ਛਪੇ ਆਪਣੇ ਇਕ ਲੇਖ ਵਿਚ ਇਹੋ-ਜਿਹੇ ਵਿਚਾਰ ਹੀ ਪ੍ਰਗਟ ਕਰਦੇ ਹਨ :

What we need is a whole concerted mindset of respecting the dignity of women and this becoming integral to our whole way of living and thinking. Respect for women is not in isolation. It is integral to the respect for values in society.

ਭਾਵ : ਸਾਨੂੰ ਲੋੜ ਹੈ ਇਕ ਅਜਿਹੀ ਲੋਕ ਮਾਨਸਿਕਤਾ ਦੀ, ਜੋ ਇਸਤਰੀ ਦੇ ਸਨਮਾਨ ਨੂੰ ਜੀਵਨ ਅਤੇ ਵਿਚਾਰਧਾਰਾ ਦਾ ਇਕ ਅਟੁੱਟ ਅੰਗ ਬਣਾ ਦੇਵੇ। ਇਸਤਰੀ ਜਾਤੀ ਦਾ ਸਨਮਾਨ ਕੇਵਲ ਤੇ ਕੇਵਲ ਸਮੁੱਚੇ ਸਮਾਜ ਵਿਚ ਪ੍ਰਚੱਲਿਤ ਸ੍ਰੇਸ਼ਟ ਕਦਰਾਂ-ਕੀਮਤਾਂ ਨਾਲ ਹੀ ਹੋ ਸਕਦਾ ਹੈ, ਇਸ ਲਈ ਸਾਨੂੰ ਅਜਿਹਾ ਸਮਾਜ ਸਿਰਜਣਾ ਪਵੇਗਾ, ਜਿੱਥੇ ਮੁੱਢਲੀਆਂ ਕਦਰਾਂ-ਕੀਮਤਾਂ ਜੀਵਨ ਦਾ ਜ਼ਰੂਰੀ ਅੰਗ ਹੋਣ।

ਅਜਿਹਾ ਸਮਾਜ ਜਿੱਥੇ ਇਸਤਰੀ ਨੂੰ ਸਨਮਾਨਜਨਕ ਸਥਾਨ ਪ੍ਰਾਪਤ ਹੋਵੇ, ਸਿਰਜਣ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕਦਮ ਚੁੱਕਣੇ ਜ਼ਰੂਰੀ ਹਨ ਅਤੇ ਨਾਲ ਹੀ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਪਏਗਾ। ਸਰਕਾਰ ਅਤੇ ਕਾਨੂੰਨ ਜਿਸ ਕੰਮ ਨੂੰ ਪੂਰਾ ਕਰਨ ਵਿਚ ਅਸਫਲ ਰਹਿੰਦੇ ਹਨ, ਉਸ ਕੰਮ ਨੂੰ ਸਵੈ ਸੇਵੀ ਸੰਸਥਾਵਾਂ ਸਮਾਜਕ ਵਾਤਾਵਰਣ ਸਿਰਜ ਕੇ ਸਹਿਜੇ ਹੀ ਕਰ ਲੈਂਦੀਆਂ ਹਨ।

ਬਿਜਲਈ (Electronic) ਮੀਡੀਆ ਦਾ ਰੋਲ ਇਸ ਪਾਸੇ ਬੜਾ ਸਾਰਥਕ ਹੋ ਸਕਦਾ ਹੈ। T.V. Serials ਬਣਾਉਣ ਵਾਲੇ ਖਿਆਲ ਰੱਖਣ ਕਿ ਹਿੰਸਾ ਅਤੇ ਵਾਸਨਾ ਭੜਕਾਊ ਅੱਧ-ਨੰਗੇ ਦ੍ਰਿਸ਼ ਨਾ ਦਿਖਾਏ ਜਾਣ। ਇਹਨਾਂ ਦ੍ਰਿਸ਼ਾਂ ਦਾ ਨੌਜਆਨਾਂ ਦੀ ਮਾਨਸਿਕਤਾ ਤੇ ਅਸਰ ਕਦੇ ਵੀ ਸਿਹਤਮੰਦ ਨਹੀਂ ਹੋ ਸਕਦਾ। ਸਹੀ ਵਿਦਿਆ ਦਾ ਚਾਨਣ ਸਮਾਜ ਵਿਚੋ ਹਰ ਤਰ੍ਹਾਂ ਦੇ ਕੂਹਜ ਦੂਰ ਕਰ ਦੇਂਦਾ ਹੈ। ਕੀਮਤਾਂ ਅਧਾਰਿਤ ਸਿਖਿਆ (Value-based education) ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਵਿਦਿਆ ਦਾ ਵਪਾਰੀਕਰਣ ਬੰਦ ਕੀਤਾ ਜਾਏ।

ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਇਸਤਰੀ ਆਪਣੇ ਮਨ ਵਿਚੋਂ ਨੀਵੇਂਪਨ ਦਾ ਅਹਿਸਾਸ ਕੱਢ ਕੇ ਸਵੈ-ਵਿਸਵਾਸ਼ ਦੀ ਮੂਰਤ ਬਣੇ। ਔਰਤ ਪਰਮਾਤਮਾ ਦੀ ਕਾਰੀਗਰੀ ਦਾ ਬੇਹਤਰੀਨ ਨਮੂਨਾ ਹੈ। ਬਾਹਰੋਂ ਅੱਤ ਦਰਜੇ ਦੀ ਕੋਮਲ ਔਰਤ ਬੇਹੱਦ ਅੰਦਰੂਨੀ ਸ਼ਕਤੀ ਦੀ ਮਾਲਕ ਹੈ, ਜਿਸ ਵੱਲੋਂ ਉਹ ਪੂਰੀ ਤਰ੍ਹਾਂ ਬੇਖਬਰ ਹੈ। ਇਸ ਸਮੇਂ ਲੋੜ ਹੈ ਕਿ ਔਰਤ ਆਪਣੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਏ। ਬਾਹਰ ਦੀ ਕੋਮਲਤਾ ਕਾਇਮ ਰੱਖਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਚੱਲ ਕੇ ਅੰਦਰੂਨੀ ਸ਼ਕਤੀ ਦੀ ਸੰਭਾਲ ਕਰ, ਆਤਮ-ਸਨਮਾਨ ਭਰਿਆ ਜੀਵਨ ਜੀਉਦਿਆਂ ਆਪਣੇ ਆਪ ਨੂੰ ਸਭ ਤਰ੍ਹਾਂ ਦੇ ਸਮਾਜਿਕ ਅਨਿਆਂ ਦੀ ਸੰਭਾਵਨਾ ਤੋਂ ਬਚਾ ਕੇ ਰੱਖੇ।

❊ ❊

> ਇਕ ਕਮਜ਼ੋਰ ਅਤੇ ਕਾਇਰ ਔਰਤ ਆਪਣੇ ਪਰਿਵਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀ ਹੈ। ਅੱਤ ਦਰਜੇ ਦੀ ਕਮਜ਼ੋਰੀ ਨੂੰ ਨਿਮਰਤਾ ਨਹੀਂ ਕਿਹਾ ਜਾ ਸਕਦਾ। ਇਕ ਰੋਂਦੂ ਔਰਤ ਜਿਸ ਨੂੰ ਹਰ ਸਮੇਂ ਦੁਨੀਆਂ ਤੋਂ ਬਚਾ ਕੇ ਰੱਖਣ ਦੀ ਲੋੜ ਹੋਵੇ, ਕਦੀ ਵੀ ਆਪਣੇ ਪਰਿਵਾਰ ਤੇ ਹਾਂ ਵਾਚੀ ਪ੍ਰਭਾਵ ਨਹੀਂ ਪਾ ਸਕਦੀ। (Eugenia Price in 'Woman to Woman')



# ਕੰਮਕਾਜੀ ਗ੍ਰਹਿਣੀ – ਜ਼ਿੰਮੇਵਾਰੀਆਂ ਅਤੇ ਚੁਣੌਤੀਆਂ

ਪਿਛਲੇ ਕੁਝ ਦਹਾਕਿਆਂ ਤੋਂ ਇਲੈਕਟ੍ਰੋਨਿਕ ਮੀਡੀਆ, ਸੰਚਾਰ ਆਦਿ ਸਾਧਨਾਂ ਅਤੇ ਹੋਰ ਅਨੇਕਾਂ ਗਿਆਨ ਵਿਗਿਆਨਾਂ ਦੇ ਪ੍ਰਸਾਰ ਦੇ ਨਤੀਜੇ ਵਜੋਂ ਹੋਏ ਸੰਸਾਰੀਕਰਣ ਨੇ ਭਾਰਤੀ ਸਮਾਜ ਵਿਚ ਵੀ ਕ੍ਰਾਂਤੀਕਾਰੀ ਤਬਦੀਲੀ ਲੈ ਆਂਦੀ ਹੈ। ਇਸਤਰੀ ਜਗਤ ਦੇ ਕਾਰਜ ਖੇਤਰ ਵਿਚ ਆਈ ਤਬਦੀਲੀ ਇਸ ਕ੍ਰਾਂਤੀ ਨੂੰ ਹੋਰ ਵੀ ਮਹੱਤਵਪੂਰਨ ਅਰਥ ਪ੍ਰਦਾਨ ਕਰਦੀ ਹੈ। ਉਚੇਰੀ ਵਿਦਿਆ ਦੇ ਪਸਾਰ ਨੇ ਘਰ ਦੀ ਚਾਰ ਦੀਵਾਰੀ ਵਿਚ ਪਰਦਿਆਂ ਹੇਠ ਬੰਦ ਇਸਤਰੀ ਨੂੰ ਸਮਾਜ ਦੇ ਇਕ ਚੇਤੰਨ ਮੈਂਬਰ ਵਜੋਂ ਵਿਚਰਣ ਯੋਗ ਬਣਾ ਦਿੱਤਾ ਹੈ।

ਅੱਜ ਇਸਤਰੀ ਹਰ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾ ਨਾਮਣਾ ਖੱਟ ਰਹੀ ਹੈ। ਇਹਨਾਂ ਹਾਲਤਾਂ ਵਿਚ, ਜਦੋਂ ਕੰਮਕਾਜੀ ਇਸਤਰੀ ਹਰ ਖੇਤਰ ਵਿਚ ਆਪਣੀ ਕਾਬਲੀਅਤ ਨਾਲ ਮਾਣ-ਸਤਿਕਾਰ ਹਾਸਿਲ ਕਰ ਰਹੀ ਹੈ, ਤਾਂ ਉਸ ਦੇ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਵੀ ਖੜ੍ਹੀ ਹੈ। ਕੀ ਉਹ ਕੰਮ-ਕਾਜੀ ਹੋਣ ਕਾਰਨ ਗ੍ਰਹਿਣੀ ਵਜੋਂ ਨਿਭਾਏ ਜਾਣ ਵਾਲੇ ਫਰਜ਼ਾਂ ਤੋਂ ਮੁਕਤ ਹੋ ਸਕਦੀ ਹੈ ?

ਜਿਹਾ ਕਿ ਸ਼ਬਦ 'ਗ੍ਰਹਿਣੀ' ਤੋਂ ਹੀ ਸਪੱਸ਼ਟ ਹੈ, ਗ੍ਰਹਿ (ਘਰ-ਪਰਿਵਾਰ) ਦੀ ਸੰਭਾਲ ਕਰਨਾ ਗ੍ਰਹਿਣੀ ਦਾ ਮੁੱਖ ਫਰਜ਼ ਹੈ। ਦਫਤਰੀ, ਵਪਾਰਕ ਅਤੇ ਹੋਰ ਧੰਦਿਆਂ ਨਾਲ ਸਬੰਧਤ ਕੰਮਾਂ ਨੂੰ ਯੋਗਤਾ ਨਾਲ ਨਿਭਾਉਣਾ ਕੰਮ-ਕਾਜੀ ਇਸਤਰੀ ਦਾ ਮੁੱਖ ਫਰਜ਼ ਹੈ। ਇਸ ਤਰ੍ਹਾਂ ਕੰਮ-ਕਾਜੀ ਇਸਤਰੀ ਨੌਕਰੀ ਵਪਾਰ ਕਰਕੇ ਘਰ ਦੀ ਆਮਦਨ ਵਿਚ ਵਾਧਾ ਕਰਦੀ ਹੈ। ਇਕ ਕੰਮਕਾਜੀ ਇਸਤਰੀ, ਜੋ ਆਪਣੇ ਵਿਵਸਾਇਕ ਕੰਮਾਂ ਦੇ ਨਾਲ-ਨਾਲ ਗ੍ਰਹਿਣੀ ਦੇ ਫਰਜ਼ ਵੀ ਨਿਭਾਉਂਦੀ ਹੈ, ਕਿਵੇਂ ਇਹਨਾਂ ਹਾਲਤਾਂ ਵਿਚ, ਬਿਨ੍ਹਾਂ ਕਸੂਰਵਾਰ ਮਹਿਸੂਸ ਕੀਤੇ, ਸਹਿਜ ਜੀਵਨ ਜੀਊ ਸਕਦੀ ਹੈ ? ਇਹ ਪ੍ਰਸ਼ਨ ਚੁਣੌਤੀ ਬਣ ਸਮਾਜ ਦੇ ਸਾਹਮਣੇ ਹੈ।

ਇਹ ਹਕੀਕਤ ਹੈ ਕਿ ਹਰ ਕੰਮ-ਕਾਜੀ ਇਸਤਰੀ ਆਪਣੀਆਂ ਪੂਰੀਆਂ ਦਫਤਰੀ ਡਿਊਟੀਆਂ ਨਿਭਾਉਣ ਦੇ ਨਾਲ-ਨਾਲ ਘਰ ਦੀਆਂ ਹਰ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਵੀ ਵਚਨਬੱਧ ਹੈ। ਉੱਚ ਵਿਦਿਆ ਪ੍ਰਾਪਤੀ ਤੋਂ ਬਾਅਦ, ਹਰ ਔਰਤ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਸਮਝੇ, ਆਪਣੀਆਂ ਸੁੱਤੀਆਂ ਸ਼ਕਤੀਆਂ ਜਗਾਏ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੇ ਗੁਣਾਂ ਦੀ ਯੋਗ ਵਰਤੋਂ ਕਰਦਿਆਂ ਇਕ

ਨਵਾਂ ਅਤੇ ਬਿਹਤਰ ਸੰਸਾਰ ਰਚਣ ਲਈ ਯਤਨਸ਼ੀਲ ਹੋਏ। ਕੇਵਲ ਔਰਤ ਹੀ ਨਹੀਂ, ਅੱਜ ਹਰ ਨੌਜਆਨ ਵੀ ਇਹ ਇੱਛਾ ਰੱਖਦਾ ਹੈ ਕਿ ਉਸਨੂੰ ਅਜਿਹੀ ਜੀਵਨ ਸਾਥਣ ਮਿਲੇ, ਜੋ ਪੜ੍ਹੀ-ਲਿਖੀ, ਸੁਸ਼ੀਲ ਅਤੇ ਕਮਾਊ ਤਾਂ ਹੋਵੇ ਹੀ, ਸਮਾਜ ਵਿਚ ਵਿਚਰਦਿਆਂ ਹਰ ਤਰ੍ਹਾਂ ਦੇ ਸਮਾਜਿਕ ਫਰਜ਼ ਪੂਰੇ ਕਰੇ ਅਤੇ ਸਭ ਤੋਂ ਜ਼ਰੂਰੀ ਗ੍ਰਹਿਣੀ ਦੇ ਸਭ ਤਰ੍ਹਾਂ ਦੇ ਫਰਜ਼ ਵੀ ਪੂਰੀ ਯੋਗਤਾ ਸਹਿਤ ਨਿਭਾਏ। ਕਹਿਣ ਤੋਂ ਭਾਵ ਮਰਦ ਅਤੇ ਇਸਤਰੀ ਦੋਵੇਂ ਇਸ ਸੰਬੰਧ ਵਿਚ ਸਾਂਝੀਆਂ ਇੱਛਾਵਾਂ ਰੱਖਦੇ ਹਨ। ਤਾਂ ਫਿਰ ਕਿਉਂ ਇਸ ਕਾਰਣ ਉਪਜੀਆਂ ਸਮੱਸਿਆਵਾਂ, ਜ਼ਿੰਮੇਵਾਰੀਆਂ ਅਤੇ ਚੁਣੌਤੀਆਂ ਦੀ ਗੱਲ ਕਰਦਿਆਂ ਕੇਵਲ ਔਰਤ ਨੂੰ ਹੀ ਸੰਬੋਧਨ ਕੀਤਾ ਜਾਂਦਾ ਹੈ ? ਕਿਉਂ ਇਹ ਸਾਰੀਆਂ ਚੁਣੌਤੀਆਂ ਮਰਦ ਅਤੇ ਇਸਤਰੀ ਦੀਆਂ ਸਾਂਝੀਆਂ ਨਹੀਂ ਸਮਝੀਆਂ ਜਾਂਦੀਆਂ ?

ਸੱਭਿਅਤਾ ਦੇ ਐਨੇ ਵਿਕਾਸ ਦੇ ਬਾਵਜੂਦ ਵੀ ਸ਼ਾਇਦ ਮਰਦ ਹਾਲੇ ਇਸ ਗੱਲ ਨਾਲ ਸਮਝੌਤਾ ਨਹੀਂ ਕਰ ਸਕਿਆ ਕਿ ਘਰ ਦੀ ਦੇਖਭਾਲ, ਬੱਚਿਆਂ ਦੀ ਸੰਭਾਲ ਅਤੇ ਹੋਰ ਸਬੰਧਤ ਸਮੱਸਿਆਵਾਂ ਦੇ ਹੱਲ ਵਿਚ, ਉਸ ਦੇ ਯੋਗਦਾਨ ਦੀ ਵੀ ਉੱਨੀ ਹੀ ਜ਼ਰੂਰਤ ਹੈ, ਜਿਤਨੀ ਕਿ ਔਰਤ ਦੀ। ਇਸ ਦੇ ਦੋ ਮੁੱਖ ਕਾਰਨ ਹਨ - ਇਕ ਤਾਂ ਸਦੀਆਂ ਤੋਂ ਚੱਲੀ ਆ ਰਹੀ ਮਰਦ ਮਾਨਸਿਕਤਾ ਅਤੇ ਅਜਿਹਾ ਸਮਾਜਿਕ ਵਾਤਾਵਰਣ, ਜਿੱਥੇ ਮਰਦ ਨੂੰ ਘਰੋਗੀ ਜ਼ਿੰਮੇਵਾਰੀਆਂ ਤੋਂ ਮੁਕਤ ਸਮਝਿਆ ਜਾਂਦਾ ਹੈ, ਦੂਜਾ ਇਸਤਰੀ ਦੀ ਸਰੀਰਕ, ਮਾਨਸਿਕ ਮਨੋਵਿਗਿਆਨਕ ਅਤੇ ਭਾਵਨਾਤਮਕ ਬਣਤਰ, ਜੋ ਕੁਦਰਤੀ ਤੌਰ ਤੇ ਉਸ ਨੂੰ ਇਹ ਜ਼ਿੰਮੇਵਾਰੀਆਂ ਨਿਭਾਉਣ ਲਈ ਜ਼ਿਆਦਾ ਯੋਗਤਾ ਬਖਸ਼ਦੀ ਹੈ।

ਅਕਾਲਪੁਰਖ ਨੇ ਇਸਤਰੀ ਨੂੰ ਅਥਾਹ ਸ਼ਕਤੀ ਦੀ ਮਾਲਕ ਬਣਾਇਆ ਹੈ ਅਤੇ ਉਸਨੂੰ ਇਹ ਸਮਰੱਥਾ ਬਖਸ਼ੀ ਹੈ ਕਿ ਉਹ ਆਪਣੀਆਂ ਕੁਦਰਤੀ ਸ਼ਕਤੀਆਂ ਦਾ ਪੂਰਾ ਵਿਕਾਸ ਕਰਕੇ, ਇਹਨਾਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਯੋਗਤਾ ਸਹਿਤ ਨਿਭਾ ਸਕੇ ਅਤੇ ਇਸ ਕੁਦਰਤੀ ਗੁਣ ਦੀ ਮਾਲਕ ਹੋਣ ਕਰਕੇ ਸਮਾਜ ਨੇ ਵੀ ਉਸ ਤੋਂ ਤਵੱਕੋ ਰੱਖੀ ਹੈ ਕਿ ਉਹ ਇਹ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲਏ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਅੱਜ ਦੀ ਔਰਤ ਇਹਨਾਂ ਸਾਰੀਆਂ ਚੁਣੌਤੀਆਂ ਨੂੰ ਕਬੂਲ ਕਰਨ ਦੀ ਪੂਰੀ ਸਮਰੱਥਾ ਰੱਖਦੀ ਹੈ ? ਇਸ ਪ੍ਰਸ਼ਨ ਦਾ ਜੁਆਬ ਪ੍ਰਾਪਤ ਕਰਨ ਲਈ ਸਾਨੂੰ ਨਜ਼ਰ ਮਾਰਨੀ ਪਏਗੀ, ਅੱਜ ਦੇ ਸਮਾਜ ਦੀ ਹਾਲਤ ਤੇ। ਅੱਜ ਦਾ ਸਮਾਜ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਇਆ ਨਜ਼ਰ ਆਉਂਦਾ ਹੈ। ਭ੍ਰਿਸ਼ਟਾਚਾਰ, ਹਿੰਸਾ, ਜੁਰਮ, ਲੁੱਟ-ਖਸੁੱਟ, ਦਿਨ-ਦਿਹਾੜੇ ਕਤਲ ਤੇ ਡਾਕੇ, ਨੌਜਵਾਨਾਂ ਵਿਚ ਨਸ਼ਿਆਂ ਦੀ ਵਰਤੋਂ, ਪਤੀ-ਪਤਨੀ ਦੀ ਆਪਸੀ ਖਟ-ਪਟ ਆਦਿ ਕਿਹੜੀ-ਕਿਹੜੀ ਬੀਮਾਰੀ ਦਾ ਨਾਮ ਲਈਏ।



ਕਿਹਾ ਜਾਂਦਾ ਹੈ ਕਿ ਕਿਸੇ ਵੀ ਸਮਾਜ ਵਿਚ ਔਰਤ ਨੂੰ ਪ੍ਰਾਪਤ ਦਰਜਾ ਹੀ, ਉਸ ਸਮਾਜ ਦੀ ਤਰੱਕੀ ਦਾ ਮਾਪਦੰਡ ਹੁੰਦਾ ਹੈ। ਕੀ ਵਿਡੰਬਨਾ ਹੈ ਕਿ ਅੱਜ ਸਮਾਜ ਦੀ ਉੱਪਰ ਚਿਤਰੀ ਹਾਲਤ ਉਸ ਸਮੇਂ ਹੈ, ਜਦੋਂ ਸਮਝਿਆ ਜਾ ਰਿਹਾ ਹੈ ਕਿ ਔਰਤ ਨੇ ਅੰਤਾਂ ਦੀ ਤਰੱਕੀ ਕਰ ਲਈ ਹੈ? ਕਿਹੜਾ ਖੇਤਰ ਹੈ, ਜਿੱਥੇ ਔਰਤ ਸਫਲਤਾ ਪੂਰਵਕ ਨਹੀਂ ਵਿਚਰ ਰਹੀ ? ਅੰਕੜੇ ਦੱਸਦੇ ਹਨ ਕਿ ਹਰ ਉਸ ਅਦਾਰੇ ਨੇ ਅੰਤਾਂ ਦੀ ਤਰੱਕੀ ਕੀਤੀ ਹੈ, ਜਿਸਨੇ ਔਰਤ ਨੂੰ ਪੂਰਾ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕੀਤੇ ਹਨ। ਇੱਥੇ ਹੀ ਬਸ ਨਹੀਂ ਇਸਤਰੀਆਂ ਦੀਆਂ ਕੁਝ ਸੰਸਥਾਵਾਂ ਦੀ ਕਾਰਗੁਜ਼ਾਰੀ ਮਰਦਾਂ ਦੀਆਂ ਸੰਸਥਾਵਾਂ ਨਾਲੋਂ ਕਿਤੇ ਵਧੀਆ ਹੈ।

ਭਾਰਤ ਵਿਚ Self-Employed Women's Association (SEWA) Bank ਜਿਹੜਾ ਅਸੁਰੱਖਿਅਤ ਥਾਵਾਂ ਤੇ ਕਰਜ਼ੇ ਦੇਂਦਾ ਹੈ, ਦੀ ਕਰਜ਼ਾ ਵਾਪਸੀ ਦੀ ਦਰ 96% ਹੈ, ਜੋ ਹੋਰ ਕਿਸੇ ਵੀ ਅਦਾਰੇ ਨਾਲੋਂ ਜ਼ਿਆਦਾ ਹੈ। ਸੰਸਾਰ ਭਰ ਵਿਚ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਹੋਰ ਹਰ ਖੇਤਰ ਵਿਚ ਔਰਤਾਂ ਦੀ ਕਾਰਗੁਜ਼ਾਰੀ ਗੁਣਾਤਮਕ ਅਤੇ ਗਿਣਾਤਮਕ ਤੌਰ ਤੇ ਲਗਾਤਾਰ ਵਧੀਆ ਹੁੰਦੀ ਜਾ ਰਹੀ ਹੈ।

ਹਰ ਖੇਤਰ ਵਿਚ ਬੇਅੰਤ ਤਰੱਕੀ ਹੋਣ ਦੇ ਬਾਵਜੂਦ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਾਨਸਿਕ ਬਿਮਾਰੀਆਂ ਅਤੇ ਹਸਪਤਾਲਾਂ ਦੀ ਗਿਣਤੀ ਵੀ ਉਸੇ ਦਰ ਨਾਲ ਹੀ ਵਧਦੀ ਜਾ ਰਹੀ ਹੈ। ਹਰ ਮਨੁੱਖ ਆਪਣੇ ਅੰਦਰ ਇਕ ਖਾਲੀਪਨ ਜਿਹਾ ਮਹਿਸੂਸ ਕਰਦਾ ਹੈ, ਜਿਸ ਕਾਰਣ ਉਹ ਸਭ ਤਰ੍ਹਾਂ ਦੇ ਮਾਇਕ ਸੁੱਖਾਂ ਦੇ ਹੁੰਦਿਆਂ ਵੀ, ਆਪਣੇ ਆਪ ਵਿਚ ਸੰਤੁਸ਼ਟ ਨਜ਼ਰ ਨਹੀਂ ਆਉਂਦਾ। ਇਹ ਖਾਲੀਪਨ ਨਤੀਜਾ ਹੈ, ਇਕ ਅਜਿਹੇ ਸੱਭਿਆਚਾਰ ਦਾ, ਜਿੱਥੇ ਪੈਸੇ ਦੀ ਦੌੜ ਵਿਚ ਹੋਰ ਸਭ ਰਿਸ਼ਤੇ ਪਿੱਛੇ ਰਹਿ ਗਏ ਹਨ, ਜਿੱਥੇ ਸਰੀਰਕ ਸੁੱਖਾਂ ਲਈ, ਹਰ ਤਰ੍ਹਾਂ ਦੇ ਸਾਜ਼ੋ-ਸਾਮਾਨ ਦੀ ਪ੍ਰਾਪਤੀ ਨੂੰ ਹੀ ਵਿਕਾਸ ਦੀ ਇਕੋ-ਇਕ ਨਿਸ਼ਾਨੀ ਸਮਝ ਲਿਆ ਗਿਆ ਹੈ। ਮਾਤਾ, ਪਿਤਾ, ਬਜ਼ੁਰਗਾਂ ਅਤੇ ਬੱਚਿਆਂ ਦਰਮਿਆਨ ਰਿਸ਼ਤਿਆਂ ਵਿਚ ਭਾਵਨਾਤਮਕ ਪੱਧਰ ਤੇ ਖਲਾਅ ਪੈਦਾ ਹੋ ਗਿਆ ਹੈ। ਸਵੇਰ ਤੋਂ ਰਾਤ ਤੱਕ ਇਕ ਦੌੜ ਜਿਹੀ ਲੱਗੀ ਹੋਈ ਹੈ, ਜਿਸਨੇ ਮਨੁੱਖ ਦਾ ਮਸ਼ੀਨੀਕਰਨ ਕਰ ਦਿੱਤਾ ਹੈ।

ਵਿਸਵ ਬਾਜ਼ਾਰ (Global Market) ਨੇ ਪੈਸਾ ਬਣਾਉਣ ਦੇ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਮਾਰਕਿਟ ਵਿਚ ਪੈਸੇ ਦਾ ਹੜ੍ਹ ਆ ਗਿਆ ਲੱਗਦਾ ਹੈ। ਅੱਜ ਇਕ ਕੰਪਨੀ ਵਿਚ ਕੰਮ ਕੀਤਾ ਜਾ ਰਿਹਾ ਹੈ ਤੇ ਕੱਲ ਜ਼ਿਆਦਾ ਤਨਖਾਹ ਲਈ ਦੂਸਰੀ ਕੰਪਨੀ ਵੱਲ ਦੌੜਿਆ ਜਾ ਰਿਹਾ ਹੈ। ਮਾਲਕ ਅਤੇ ਕਾਮੇ ਵਿਚ ਵਫਾਦਾਰੀ ਦਾ ਲਫਜ਼ ਹੀ ਗਾਇਬ ਹੋ ਗਿਆ ਹੈ। ਬਾਰ-ਬਾਰ ਨੌਕਰੀਆਂ ਬਦਲਣ ਕਾਰਨ ਪਰਿਵਾਰ ਵਿਚ ਪੈਦਾ ਹੋਈ ਅਸਥਿਰਤਾ ਵੱਲ ਕਿਸੇ ਦਾ ਧਿਆਨ ਹੀ ਨਹੀਂ । ਇਕ ਸਰਵੇਖਣ ਅਨੁਸਾਰ ਘੜੀ ਮੁੜੀ ਬਦਲੀ ਜਾਣ ਵਾਲੀ ਨੌਕਰੀ ਕਾਰਣ ਜਿਨ੍ਹਾਂ

ਬੱਚਿਆਂ ਦੇ ਸਕੂਲ ਤੇ ਰਿਹਾਇਸ਼ ਦੀ ਥਾਂ ਜਲਦੀ -ਜਲਦੀ ਬਦਲਦੀ ਰਹਿੰਦੀ ਹੈ, ਉਹਨਾਂ ਵਿਚ ਭਾਵਨਾਤਮਕ ਵਿਗਾੜ ਜ਼ਿਆਦਾ ਪਾਏ ਜਾਂਦੇ ਹਨ। ਦੋਸਤਾਂ ਮਿੱਤਰਾਂ ਨਾਲ ਰਿਸ਼ਤੇ ਵਿੱਚ ਅਸਥਿਰਤਾ ਆ ਜਾਂਦੀ ਹੈ। ਮਾਤਾ-ਪਿਤਾ ਆਪਣੀ ਦੌੜ ਕਾਰਨ ਬੱਚੇ ਨੂੰ ਸਮਾਂ ਨਹੀਂ ਦੇ ਸਕਦੇ। ਸੰਯੁਕਤ ਪਰਿਵਾਰ ਵਿਚ ਦਾਦੇ-ਦਾਦੀ ਦੀ ਪਿਆਰ ਭਰੀ ਨਿਗਰਾਨੀ ਹੇਠ ਰਹਿਣ ਦਾ ਤਾਂ ਰਿਵਾਜ ਹੀ ਖਤਮ ਹੋ ਗਿਆ ਹੈ।

ਇਸ ਸਭ ਕੁਝ ਕਾਰਣ ਬੱਚੇ ਦੇ ਮਨ ਵਿਚ ਅਸੁੱਰਖਿਆ ਦੀ ਭਾਵਨਾ ਆ ਜਾਂਦੀ ਹੈ ਅਤੇ ਉਸਦੇ ਅੰਦਰ ਇਕ ਖਲਾਅ ਪੈਦਾ ਹੋ ਜਾਂਦਾ ਹੈ, ਜੋ ਅਸਾਵਾਂਪਨ ਤਾਂ ਪੈਦਾ ਕਰਦਾ ਹੀ ਹੈ, ਪਰ ਨਾਲ ਹੀ ਪਿਆਰ ਅਤੇ ਧਿਆਨ ਦੀ ਕਮੀ ਕਾਰਣ, ਇਕ ਅਜਿਹੀ ਭੁੱਖ ਵੀ ਪੈਦਾ ਹੋ ਜਾਂਦੀ ਹੈ, ਜੋ ਜਿੱਥੋਂ ਵੀ ਥੋੜ੍ਹੀ ਜਿਹੀ ਵੀ ਪੂਰੀ ਹੁੰਦੀ ਨਜ਼ਰ ਆਏ, ਉਸ ਪਾਸੇ ਤੁਰ ਪੈਂਦਾ ਹੈ। ਇਸ ਹਾਲਤ ਦਾ ਅਸਮਾਜਿਕ ਤੱਤ ਸ਼ੋਸ਼ਣ ਕਰਦੇ ਹਨ ਅਤੇ ਬੱਚਾ ਇਕ ਅਜਿਹੇ ਚੱਕਰਵਿਊ ਵਿਚ ਫਸ ਜਾਂਦਾ ਹੈ, ਜਿੱਥੋਂ ਨਿਕਲਣਾ ਬਹੁਤੀ ਵਾਰੀ ਸੰਭਵ ਨਹੀਂ ਹੁੰਦਾ। ਇਹੀ ਕਾਰਣ ਹੈ ਕਿ ਅੱਜ ਬਹੁਤੇ ਕਤਲ ਅਤੇ ਚੋਰੀਆਂ ਉਹਨਾਂ ਨੌਜਆਨਾਂ ਦੁਆਰਾ ਕੀਤੇ ਜਾ ਰਹੇ ਹਨ, ਜੋ ਕਈ ਵਾਰ ਆਰਥਿਕ, ਪਰ ਬਹੁਤੀ ਵਾਰੀ ਭਾਵਨਾਤਮਕ ਗਰੀਬੀ ਦੇ ਮਾਰੇ ਹੁੰਦੇ ਹਨ - "Children are often endangered not only by poverty and sickness but also by neglect or rejection, lack of security and love".

(Diana Gittins in "Is Family in crisis")

ਭਾਵ : ਬੱਚਿਆਂ ਨੂੰ ਕੇਵਲ ਗਰੀਬੀ ਅਤੇ ਬਿਮਾਰੀ ਤੋਂ ਹੀ ਖਤਰਾ ਨਹੀਂ, ਸਗੋਂ ਅਸੁਰੱਖਿਅਤਾ ਦੀ ਭਾਵਨਾ, ਅਸਵੀਕਾਰੇ ਜਾਣ ਦਾ ਡਰ ਅਤੇ ਪਿਆਰ ਦੀ ਘਾਟ ਹੋਰ ਵੀ ਵਧੇਰੇ ਖਤਰੇ ਦਾ ਕਾਰਣ ਬਣ ਸਕਦੇ ਹਨ।

ਹੁਣ ਪ੍ਰਸ਼ਨ ਹੈ ਕਿ ਇਸ ਭਾਵਨਾਤਮਕ ਗਰੀਬੀ ਨੂੰ ਦੂਰ ਕਰਨ ਦਾ ਇਲਾਜ ਕੀ ਹੈ? ਕੁਝ ਸਮਾਂ ਪਹਿਲਾਂ ਦੇ ਸਮਾਜ ਵਿਚ ਔਰਤ ਦਾ ਕਾਰਜ ਖੇਤਰ ਕੇਵਲ ਘਰ ਤੱਕ ਹੀ ਸੀਮਿਤ ਸੀ। ਬਜ਼ੁਰਗਾਂ ਅਤੇ ਬੱਚਿਆਂ ਦੀ ਦੇਖਭਾਲ ਕਰਨਾ, ਘਰ ਦੀ ਸੰਭਾਲ ਅਤੇ ਮਹਿਮਾਨਾਂ ਦੀ ਆਉ-ਭਗਤ ਹੀ ਉਸ ਦੇ ਮੁੱਖ ਕੰਮ ਸਨ। ਅਜਿਹੇ ਨਿਜ਼ਾਮ ਵਿਚ ਬੱਚੇ ਨਾ ਕੇਵਲ ਸਰੀਰਕ ਸਗੋਂ ਭਾਵਨਾਤਮਕ ਪੱਧਰ ਤੇ ਵੀ ਪੂਰੀ ਤਰ੍ਹਾਂ ਸਮਾਜ ਦੀ ਦੇਖ-ਰੇਖ ਵਿਚ ਹੋਣ ਕਰਕੇ ਕੁਰਾਹੇ ਪੈਣੋਂ ਬਚੇ ਰਹਿੰਦੇ ਸਨ ਅਤੇ ਸਮਾਜ ਉਹਨਾਂ ਸਾਰੀਆਂ ਬੁਰਾਈਆਂ ਤੋਂ ਮੁਕਤ ਸੀ, ਜਿਹੜੀਆਂ ਅੱਜ ਇਤਨੀ ਤਰੱਕੀ ਤੋਂ ਬਾਅਦ ਵੀ ਸਮਾਜ ਨੂੰ ਜਕੜੀ ਬੈਠੀਆਂ ਹਨ। ਇਹ ਗੱਲ ਵੱਖ ਹੈ ਕਿ ਉਸ ਸਮੇਂ ਸਮਾਜ ਹੋਰਨਾਂ ਸਮੱਸਿਆਵਾਂ ਦਾ ਸ਼ਿਕਾਰ ਸੀ।



ਅੱਜ ਦੇ ਵਿਚਾਰਵਾਨਾਂ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਤਰੀਕੇ ਲੱਭੇ ਜਾਣ। ਕੀ ਫਿਰ ਮੱਧਕਾਲ ਦਾ ਸਮਾਂ ਲੈ ਆਂਦਾ ਜਾਏ, ਜਦੋਂ ਔਰਤ ਦਾ ਕਾਰਜ ਖੇਤਰ ਕੇਵਲ ਅਤੇ ਕੇਵਲ ਘਰ ਹੀ ਸੀ ? ਕੀ ਅੱਜ ਦੇ ਹਾਲਾਤ ਵਿਚ ਇਹ ਮੁਮਕਿਨ ਹੈ ਜਾਂ ਕੋਈ ਹੋਰ ਰਸਤਾ ਵੀ ਨਿਕਲ ਸਕਦਾ ਹੈ ?

ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਜਿਸ ਮੁਕਾਮ ਤੇ ਅੱਜ ਸਮਾਜ ਪੁੱਜ ਚੁਕਿਆ ਹੈ, ਉਥੇ ਇਹ ਮੁਮਕਿਨ ਨਹੀਂ ਕਿ ਔਰਤਾਂ ਸਿਵਾਏ ਬੱਚਿਆਂ ਅਤੇ ਘਰ ਦੀ ਸੰਭਾਲ ਦੇ ਹੋਰ ਕੁਝ ਨਾ ਕਰਨ। ਸੱਚ ਤਾਂ ਇਹ ਹੈ ਕਿ ਅਜਿਹਾ ਕਿਸੇ ਵੀ ਸਮੇਂ ਨਹੀਂ ਹੋ ਸਕਿਆ। ਉਂਞ ਵੀ ਅਜਿਹਾ ਕਰਨ ਦਾ ਅਰਥ ਹੋਵੇਗਾ ਕਿ ਸਮਾਜ ਦਾ ਅੱਧਾ ਹਿੱਸਾ, ਆਪਣੇ ਸਾਰੇ ਗੁਣਾਂ ਦੀ ਯੋਗ ਵਰਤੋਂ ਨਹੀਂ ਕਰ ਰਿਹਾ ਹੋਵੇਗਾ।

ਔਰਤਾਂ ਪ੍ਰਾਪਤ ਮਨੁੱਖੀ ਸ੍ਰੋਤ (Human Resource) ਦਾ ਅੱਧਾ ਹਿੱਸਾ ਅਤੇ ਸ਼ਾਇਦ ਚੰਗੇਰਾ ਅੱਧ (Better half) ਹਨ। ਕੀ ਇਨ੍ਹਾਂ ਨੂੰ ਸਮਾਜ ਉਸਾਰੀ ਵਿਚ ਬਣਦਾ ਯੋਗਦਾਨ ਪਾਉਣ ਤੋਂ ਵਾਂਝਿਆ ਰੱਖਿਆ ਜਾਏਗਾ ? ਇਹ ਔਰਤਾਂ ਨਾਲ ਹੀ ਨਹੀਂ ਸਗੋਂ ਸਾਰੇ ਸਮਾਜ ਨਾਲ ਅਨਿਆਂ ਹੋਵੇਗਾ। ਇਸ ਸਮਾਜ ਨੂੰ ਹੋਰ ਸੋਹਣਾ ਅਤੇ ਚੰਗੇਰਾ ਬਣਾਉਣਾ ਸਮਾਜ ਦੇ ਹਰ ਮੈਂਬਰ ਦਾ ਪੂਰਾ ਫਰਜ਼ ਅਤੇ ਹੱਕ ਹੈ। ਸੋ ਸਾਨੂੰ ਸੋਚਣਾ ਪਏਗਾ ਕਿ ਸਮਾਜਿਕ ਵਾਤਾਵਰਣ ਵਿਚ ਅਜਿਹੀਆਂ ਕੀ ਤਬਦੀਲੀਆਂ ਲਿਆਂਦੀਆਂ ਜਾਣ, ਕਿ ਔਰਤਾਂ ਆਪਣੇ ਘਰ ਪਰਿਵਾਰ ਸੰਬੰਧੀ ਜ਼ਿੰਮੇਵਾਰੀ ਸੁਚੱਜੇ ਤਰੀਕੇ ਨਿਭਾਉਣ ਦੇ ਨਾਲ-ਨਾਲ ਆਪਣੇ ਕਿੱਤੇ ਵਿਚ ਵੀ ਵਧੀਆ ਕਾਰਗੁਜ਼ਾਰੀ ਦਿਖਾ ਸਕਣ। ਸਮਾਜ ਵਿਚ ਅਜਿਹੀ ਉਸਾਰੂ ਤਬਦੀਲੀ ਲਿਆਉਣੀ ਹੀ ਅੱਜ ਦੀ ਪੜ੍ਹੀ-ਲਿਖੀ ਔਰਤ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਹੈ।

ਇਸ ਦਿਸ਼ਾ ਵਿਚ ਸਭ ਤੋਂ ਪਹਿਲਾ ਕਦਮ ਹੈ, ਔਰਤ ਅਤੇ ਮਰਦ ਸੰਬੰਧੀ ਮੁੱਦਿਆਂ ਪ੍ਰਤੀ ਆਪਣੀ ਸੋਚ ਵਿਚ ਤਬਦੀਲੀ ਲਿਆ ਕੇ ਇਕ ਅਜਿਹਾ ਸਮਾਜਿਕ ਵਾਤਾਵਰਣ ਸਿਰਜਿਆ ਜਾਏ, ਜਿਸ ਵਿਚ ਮਰਦ ਅਤੇ ਇਸਤਰੀ ਇਕ ਦੂਜੇ ਦੇ ਵਿਰੋਧੀ ਨਾ ਹੋ ਕੇ, ਇਕ ਦੂਜੇ ਦੇ ਪੂਰਕ ਬਣ ਸਕਣ। ਸੱਚ ਤਾਂ ਇਹ ਹੈ ਕਿ ਮੁੱਢ ਕਦੀਮ ਤੋਂ ਹੀ ਇਸਤਰੀ ਅਤੇ ਮਰਦ ਇਕ ਦੂਜੇ ਦੇ ਪੂਰਕ ਬਣ ਕੇ ਵਿਚਰ ਰਹੇ ਹਨ।

ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵੀ ਔਰਤ, ਹਰ ਕੰਮ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕਰਦੀ ਰਹੀ ਹੈ। ਜੇ ਜੁਲਾਹੇ ਨੇ ਕੱਪੜਾ ਬੁਣਿਆ ਤਾਂ ਜੁਲਾਹੀ ਨੇ ਸੂਤ ਕੱਤ ਲਿਆ। ਕਿਸਾਨ ਨੇ ਫਸਲ ਬੀਜੀ ਅਤੇ ਕੱਟੀ ਅਤੇ ਪਤਨੀ ਪਤੀ ਲਈ ਖੇਤਾਂ ਵਿਚ ਭੱਤਾ ਲੈ ਗਈ। ਫਸਲ ਦੀ ਸਾਂਭ-ਸੰਭਾਲ ਦਾ, ਜੋ ਕੰਮ ਅੱਜ-ਕੱਲ ਸਰਕਾਰੀ ਏਜੰਸੀਆਂ ਦੇ ਤਨਖਾਹਦਾਰ ਬੰਦੇ ਕਰਦੇ ਹਨ, ਦੀ ਜ਼ਿੰਮੇਵਾਰੀ ਘਰ ਦੀ ਸੁਆਣੀ ਤੇ ਹੀ ਸੀ। ਗੱਲ ਕੀ ਹਰ ਕਾਲ ਅਤੇ ਹਰ ਕਿੱਤੇ

ਵਿਚ ਔਰਤ ਨੇ ਮਰਦ ਦੇ ਬਰਾਬਰ ਦਾ ਕੰਮ ਕਰਕੇ ਪਰਿਵਾਰ ਦੀ ਆਰਥਿਕਤਾ ਵਿਚ ਪੂਰਾ ਹਿੱਸਾ ਪਾਇਆ ਹੈ।

ਉਦਯੋਗਿਕ ਕ੍ਰਾਂਤੀ ਤੋਂ ਬਾਅਦ ਸਮਾਜ ਵਿਚ ਵੱਡੀ ਤਬਦੀਲੀ ਆ ਗਈ। ਕੰਮ ਘਰਾਂ ਵਿਚੋਂ ਨਿੱਕਲ ਕੇ ਫੈਕਟਰੀਆਂ ਵਿਚ ਪਹੁੰਚ ਗਿਆ, ਤਾਂ ਮਰਦ ਦੇ ਨਾਲ ਔਰਤ ਨੂੰ ਵੀ ਘਰੋਂ ਨਿੱਕਲਣਾ ਪਿਆ। ਫੈਕਟਰੀ ਵਿਚ ਕੰਮ ਲੈਣ ਲਈ ਔਰਤ ਦਾ ਮਰਦ ਨਾਲ ਪੂਰਾ ਮੁਕਾਬਲਾ ਹੋ ਗਿਆ ਅਤੇ ਇਸ ਸਾਰੇ ਚੱਕਰ ਵਿਚ ਔਰਤ ਮਰਦ ਦੀ ਪੂਰਕ ਨਾ ਹੋ ਕੇ, ਉਸ ਦੇ ਮੁਕਾਬਲੇ ਤੇ ਆ ਖੜ੍ਹੀ ਹੋਈ। ਉਹਨਾਂ ਦੀ ਸਾਂਝ ਉਸਾਰੂ ਨਾ ਰਹੀ ਅਤੇ ਉਹ ਇਕ ਦੂਜੇ ਦੇ ਵਿਰੋਧੀ ਬਣ ਗਏ।

ਇੱਥੋਂ ਹੀ ਸ਼ੁਰੂਆਤ ਹੁੰਦੀ ਹੈ – ਮਰਦ ਅਤੇ ਇਸਤਰੀ ਦੇ ਰਿਸ਼ਤੇ ਦੀ ਆਪਸੀ ਕੁੜੱਤਣ ਅਤੇ ਔਰਤ ਦੇ ਇਕ ਮਨੋਵਿਗਿਆਨ ਇਨਕਲਾਬ (psychological revolution) ਦੀ ਜਿਸ ਨੂੰ ਨਾਰੀਵਾਦ (feminism) ਦਾ ਨਾਮ ਦਿੱਤਾ ਜਾਂਦਾ ਹੈ।

ਨਾਰੀਵਾਦ (feminism) ਦੀ ਵੀਚਾਰਧਾਰਾ ਨੇ ਨਾਰੀ ਮੁਕਤੀ ਲਹਿਰ (Women's Liberation Movement) ਨੂੰ ਜਨਮ ਦਿੱਤਾ, ਜਿਸ ਨੇ ਔਰਤਾਂ ਦੀ ਭਲਾਈ ਲਈ ਬੜੀਆਂ ਮੱਲਾਂ ਮਾਰੀਆਂ ਅਤੇ ਬੜੇ ਅਜਿਹੇ ਮੁੱਦਿਆਂ ਤੇ ਕੰਮ ਕੀਤਾ, ਜਿਨ੍ਹਾਂ ਵੱਲ ਪਹਿਲਾਂ ਕਿਸੇ ਦਾ ਧਿਆਨ ਹੀ ਨਹੀਂ ਸੀ। ਪਰ ਨਤੀਜੇ ਵਜੋਂ ਸਮਾਜ ਅਜਿਹੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਗਿਆ, ਕਿ ਨਾਰੀਵਾਦ ਨੂੰ ਹੀ ਇਹਨਾਂ ਪਰਿਵਾਰਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਕਾਰਨ ਸਮਝਿਆ ਜਾਣ ਲੱਗਾ ਅਤੇ ਅਮਰੀਕਾ ਵਿਚ ਨਾਰੀ ਮੁਕਤੀ ਲਹਿਰ ਦੀ ਮਾਂ ਕਰਕੇ ਜਾਣੀ ਜਾਂਦੀ Betty Friedan ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ

" I and other femisists dread to admit or discuss out loud these troubling symptoms……… but we cannot go on denying these puzzling symptoms of distress. If they mean something is seriously wrong, we had better to find out and change direction yet again before it is too late."

ਭਾਵ – ਮੈਂ ਅਤੇ ਹੋਰ ਨਾਰੀਵਾਦੀ ਔਰਤਾਂ ਉੱਚੀ ਆਵਾਜ਼ ਵਿਚ ਇਹ ਗੱਲ ਕਰਨ ਤੋਂ ਵੀ ਘਬਰਾਉਂਦੀਆਂ ਹਾਂ ਕਿ ਨਾਰੀਵਾਦ ਦੇ ਨਤੀਜੇ ਵਜੋਂ ਸਮਾਜ ਕਿੰਨੀਆਂ ਗੰਭੀਰ ਸਮੱਸਿਆਵਾਂ ਵਿਚ ਘਿਰ ਗਿਆ ਹੈ, ਪਰ ਇਹ ਸੱਚ ਹੈ ਕਿ ਅਸੀਂ ਇਹਨਾਂ ਗੰਭੀਰ ਲੱਛਣਾਂ ਦੇ



ਕਾਰਣਾਂ ਨੂੰ ਹੋਰ ਵਧੇਰੇ ਸਮੇਂ ਲਈ ਅੱਖੋਂ ਉਹਲੇ ਨਹੀਂ ਕਰ ਸਕਦੇ ਅਤੇ ਸਮਾਜ ਵਿਚ ਜੋ ਗਲਤ ਹੋ ਰਿਹਾ ਹੈ, ਉਸਨੂੰ ਦੂਰ ਕਰਨ ਲਈ ਸਾਨੂੰ ਬਿਨਾਂ ਹੋਰ ਦੇਰੀ ਕੀਤੇ ਆਪਣੇ ਰਸਤੇ ਬਦਲਣੇ ਪੈਣਗੇ।

ਅੱਜ ਲੋੜ ਹੈ ਕਿ ਮਨੁੱਖਤਾ ਨੂੰ ਲਿੰਗ ਦੇ ਆਧਾਰ ਤੇ (Masuline and feminine gender) ਨਾ ਵੰਡ ਕੇ, ਇਕ ਵਿਅਕਤੀ (Individual) ਦੇ ਤੌਰ ਤੇ ਜਾਣਿਆ ਜਾਏ ਅਤੇ ਮਰਦ ਅਤੇ ਇਸਤਰੀ ਇਕ ਦੂਜੇ ਦੇ ਪੂਰਕ ਬਣਨ, ਨਾ ਕਿ ਉਹਨਾਂ ਵਿਚ ਵਿਤਕਰੇ ਪਾ ਕੇ ਕੰਮ ਦੀਆਂ ਅਜਿਹੀਆਂ ਵੰਡੀਆਂ ਪਾਈਆਂ ਜਾਣ ਕਿ ਇਸਤਰੀ ਕਹਾਉਂਦਾ ਇਕ ਹਿੱਸਾ ਕੰਮ ਦੇ ਭਾਰ ਥੱਲੇ ਇਤਨਾ ਦਬਿਆ ਜਾਏ ਕਿ ਇਸ ਦੇ ਨਤੀਜੇ ਵਜੋਂ ਸਮਾਜ ਵਿਚ ਅਸੁਖਾਵਾਂਪਨ ਅਤੇ ਅਸਾਵਾਂਪਨ ਪੈਦਾ ਹੋ ਜਾਏ।

ਇਸਤਰੀ ਪਰਿਵਾਰ ਦਾ ਮੁੱਢਲਾ ਧੁਰਾ ਹੈ ਅਤੇ ਪਰਿਵਾਰ ਨੂੰ ਸੱਭਿਅਤਾ ਦੀ ਟਕਸਾਲ (Workshop of civilization) ਕਿਹਾ ਗਿਆ ਹੈ। ਇਸਤਰੀ ਦੀ ਸ਼ਖਸ਼ੀਅਤ ਵਿਚ ਕੋਈ ਵੀ ਅਸਾਵਾਂਪਨ ਜਾਂ ਵਿਗਾੜ ਸਾਰੇ ਸਮਾਜ ਵਿਚ ਗੁੰਝਲਦਾਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

ਅੱਜ ਮਰਦ ਨੂੰ ਔਰਤ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ। ਜੇ ਔਰਤ ਨੌਕਰੀ ਤੇ ਜਾ ਕੇ ਘਰ ਦੀ ਆਮਦਨ ਵਿਚ ਵਾਧਾ ਕਰ ਸਕਦੀ ਹੈ, ਤਾਂ ਮਰਦ ਦਾ ਵੀ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਦੀ ਪਰਵਰਿਸ਼ ਅਤੇ ਘਰ ਦੇ ਕੰਮ ਵਿਚ ਬਣਦਾ ਯੋਗਦਾਨ ਪਾਏ। ਸਾਰੇ ਪਰਿਵਾਰ ਦੀ ਭਲਾਈ ਦਾ ਧਿਆਨ ਰੱਖਣਾ, ਉਸ ਦਾ ਵੀ ਉਤਨਾ ਹੀ ਫਰਜ਼ ਬਣਦਾ ਹੈ, ਜਿਤਨਾ ਕਿ ਇਸਤਰੀ ਦਾ। ਕੇਵਲ ਭਾਰਤ ਹੀ ਨਹੀਂ, ਅੱਜ ਸਾਰੇ ਸੰਸਾਰ ਦੀਆਂ ਔਰਤਾਂ ਸਾਹਮਣੇ ਇਹ ਚੁਣੌਤੀ ਹੈ ਕਿ ਮਰਦਾਂ ਦੇ ਨਜ਼ਰੀਏ ਵਿਚ ਅਜਿਹੀ ਤਬਦੀਲੀ ਕਿਵੇਂ ਲਿਆਂਦੀ ਜਾਏ।

ਔਰਤ ਮਾਂ ਦੇ ਰੂਪ ਵਿਚ ਬਚਪਨ ਤੋਂ ਹੀ, ਇਹ ਗੱਲ ਆਪਣੇ ਬੱਚਿਆਂ ਤੇ ਖਾਸ ਤੌਰ ਤੇ ਲੜਕਿਆਂ ਦੇ ਮਨ ਵਿਚ ਬਿਠਾਏ ਕਿ ਕੰਮ ਦੀ ਵੰਡ ਸਖਤ ਰੂਪ ਵਿਚ ਲਿੰਗ ਨਾਲ ਨਹੀਂ ਜੁੜੀ ਹੋਈ। ਹਰ ਮਰਦ-ਔਰਤ ਹਰ ਤਰ੍ਹਾਂ ਦਾ ਕੰਮ ਕਰਨ ਦੇ ਸਮਰਥ ਤਾਂ ਹਨ ਹੀ ਸਗੋਂ ਜ਼ਿੰਦਗੀ ਵਿਚ ਜ਼ਿਆਦਾ ਸਫਲ ਇਨਸਾਨ ਉਹ ਹੀ ਹੁੰਦੇ ਹਨ, ਜੋ ਸਭ ਤਰ੍ਹਾਂ ਦੇ ਕੰਮ ਕਰ ਸਕਦੇ ਹੋਣ। " One-dimensional men and women are doomed to failure. ------- A successful human being possesses both feminine and masculine qualities."

ਭਾਵ : ਇਕ ਪਾਸੜ ਆਦਮੀ ਅਤੇ ਔਰਤਾਂ ਜ਼ਰੂਰੀ ਤੌਰ ਤੇ ਜੀਵਨ ਵਿਚ ਅਸਫਲ ਹੀ ਰਹਿੰਦੇ ਹਨ। ਇਕ ਸਫਲ ਇਨਸਾਨ ਵਿਚ ਜਨਾਨਾ ਅਤੇ ਮਰਦਾਨਾ ਦੋਵੇਂ ਗੁਣ ਹੋਣੇ

ਚਾਹੀਦੇ ਹਨ।

ਅਕਾਲਪੁਰਖ ਨੇ ਮਨੁੱਖ ਨੂੰ ਹਰ ਤਰ੍ਹਾਂ ਦਾ ਕੰਮ ਕਰਨ ਦੀ ਸਮਰੱਥਾ ਬਖਸ਼ੀ ਹੈ। ਲੋੜ ਹੈ ਆਪਣੀਆਂ ਸ਼ਕਤੀਆਂ ਨੂੰ ਪਹਿਚਾਨਣ ਦੀ, ਅੱਜ ਭਾਰਤੀ ਘਰਾਂ ਵਿਚ ਜਿੱਥੇ ਲੜਕੀਆਂ ਦੀ ਪਰਵਰਿਸ਼ ਗਲਤ ਤਰੀਕੇ ਨਾਲ ਹੋ ਰਹੀ ਹੈ, ਉਥੇ ਲੜਕਿਆਂ ਨੂੰ ਵੀ ਮਰਦ ਜਾਤ ਦੇ ਹੋਣ ਕਰਕੇ, ਉਹਨਾਂ ਵਿਚ ਉੱਤਮ ਹੋਣ ਦੀ ਉਤਨੀ ਹੀ ਹਾਨੀਕਾਰਕ ਭਾਵਨਾ ਭਰ ਦਿੱਤੀ ਜਾਂਦੀ ਹੈ ਅਤੇ ਅਜਿਹੇ ਗਲਤ ਪ੍ਰਭਾਵ ਹੀ ਬਾਅਦ ਦੀ ਜ਼ਿੰਦਗੀ ਵਿਚ ਉਹਨਾਂ ਲਈ ਦੁਫਾੜ ਦਾ ਕਾਰਣ ਬਣਦੇ ਹਨ।

ਲੋੜ ਹੈ ਇਸ ਅਵਸਥਾ ਨੂੰ ਉਲਟਾਇਆ ਜਾਏ। ਕਿਸੇ ਸਿਆਣੇ ਨੇ ਕਿਹਾ ਹੈ, ਵਿਆਹ ਪਰਿਵਾਰ ਦਾ ਧੁਰਾ ਹੈ ਅਤੇ ਪਰਿਵਾਰ ਸਮਾਜ ਦਾ । ਪਰਿਵਾਰ ਦਾ ਵਿਗਾੜ ਸਮਾਜ ਦਾ, ਅਤੇ ਸਮਾਜ ਦਾ ਵਿਗਾੜ ਦੇਸ਼ ਦਾ ਵਿਗਾੜ ਹੈ। ਅੱਜ ਇਸਤਰੀ ਪੁਰਸ਼ ਵਿਚ ਦੂਈ ਭਾਵ ਹੋਣ ਕਰਕੇ, ਪਰਿਵਾਰ ਅਤੇ ਨਤੀਜੇ ਵਜੋਂ ਸਮਾਜ ਖਤਰੇ ਵਿਚ ਹੈ ਅਤੇ ਇਸ ਨੂੰ ਇਸ ਖਤਰੇ ਵਿਚੋਂ ਕੱਢਣ ਦਾ ਇਕ ਰਸਤਾ ਹੈ, ਇਕਸੁਰਤਾ ਵਾਲੇ ਪਰਿਵਾਰ--- (Unity based family as against power based family) ਤਿਆਰ ਕੀਤੇ ਜਾਣ। ਪਰਿਵਾਰ ਦੀ ਭਲਾਈ ਲਈ ਅਤਿ ਜ਼ਰੂਰੀ ਹੈ ਕਿ ਪਤੀ- ਪਤਨੀ ਦੇ ਰਿਸ਼ਤੇ ਦੀ ਨੀਂਹ ਹਉਮੈ ਦੀ ਭਾਵਨਾ ਤੇ ਨਹੀਂ, ਸਗੋਂ ਨਿਮਰਤਾ ਤੇ ਟਿਕੀ ਹੋਵੇ ਤਾਂ ਹੀ ਪਰਿਵਾਰ ਵਿਚ ਇਕਸੁਰਤਾ (Unity and harmony) ਬਣੀ ਰਹਿ ਸਕਦੀ ਹੈ।

Judith Bardwick ਨੇ ਠੀਕ ਕਿਹਾ ਹੈ "Ego-centric gratification and extreme self pre-occupation and healthy parenting can't go together as they are antithetic."

ਭਾਵ : ਅਤਿ ਦਰਜੇ ਦੇ ਹਉਮੈਂ ਗ੍ਰਸਤ ਅਤੇ ਸਵੈ-ਪ੍ਰਸਤ ਹੋਣਾ ਅਤੇ ਚੰਗੇ ਮਾਪੇ ਬਣ ਸਕਣਾ, ਇਕ ਦੂਜੇ ਦੇ ਵਿਰੋਧੀ ਗੁਣ ਹਨ। ਬੱਚਿਆਂ ਦੀ ਠੀਕ ਪਰਵਰਿਸ਼ ਲਈ ਜ਼ਰੂਰੀ ਹੈ ਕਿ ਪਰਿਵਾਰ ਦੀ ਨੀਂਹ ਇਕਸੁਰਤਾ ਤੇ ਰੱਖੀ ਜਾਏ। ਪਤੀ-ਪਤਨੀ ਦੇ ਇਕਸੁਰਤਾ ਵਾਲੇ ਸੰਬੰਧਾਂ 'ਤੇ ਜ਼ੋਰ ਦਿੰਦਿਆਂ ਗੁਰੂ ਅਮਰਦਾਸ ਜੀ ਨੇ ਇਸੇ ਤਰ੍ਹਾਂ ਦੇ ਪਰਿਵਾਰ ਦੀ ਹੀ ਕਲਪਨਾ ਕੀਤੀ ਹੈ:

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੭੮੮)

ਇਕਸੁਰਤਾ ਵਾਲੇ ਪਰਿਵਾਰ ਦੀ, 'ਜਿਥੇ ਏਕ ਜੋਤ ਦੁਇ ਮੂਰਤੀ ਵਾਲਾ' ਰਿਸ਼ਤਾ ਹੋਵੇ, ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਲੋੜ ਹੈ ਕਿਉਂਕਿ ਅੱਜ ਆਦਮੀ ਔਰਤ ਦੇ ਕੰਮਾਂ ਵਿਚ



ਪਹਿਲਾਂ ਵਾਂਗ ਲਕੀਰਾਂ ਨਹੀਂ ਖਿੱਚੀਆਂ ਹੋਈਆਂ।

ਅੱਜ ਜੇ ਪਤੀ ਡਾਕਟਰ ਹੈ ਤਾਂ ਪਤਨੀ ਵੀ ਡਾਕਟਰ, ਵਕੀਲ, ਪ੍ਰੋਫੈਸਰ ਜਾਂ ਹੋਰ ਕੋਈ ਹੋਰ ਪੇਸ਼ੇਵਾਰ। ਸਾਂਝੇ ਪਰਿਵਾਰ ਟੁੱਟ ਚੁੱਕੇ ਹਨ ਅਤੇ ਇਕ ਇਕਾਈ ਵਾਲੇ ਪਰਿਵਾਰਾਂ ਦਾ ਹੀ ਦੌਰ ਆ ਗਿਆ ਹੈ। ਪਤੀ-ਪਤਨੀ ਵਿਚਕਾਰ ਪੈਦਾ ਹੁੰਦੇ ਛੋਟੇ-ਛੋਟੇ ਝਗੜੇ ਵੀ ਕਈ ਵਾਰ ਬੱਚਿਆਂ ਲਈ ਅਤੇ ਸਮਾਜ ਲਈ ਨੁਕਸਾਨਦੇਹ ਸਾਬਤ ਹੁੰਦੇ ਹਨ। ਅਜਿਹੇ ਦੌਰ ਵਿਚ ਇਕਸੁਰਤਾ ਵਿਹੂਣੇ ਪਰਿਵਾਰ ਸਮਾਜ ਦੀ ਸਿਹਤ ਲਈ ਹਾਨੀਕਾਰਕ ਸਾਬਤ ਹੋ ਸਕਦੇ ਹਨ।

**'ਏਕ ਜੋਤਿ ਦੁਇ ਮੂਰਤੀ'**

ਭਾਵ - ਇਕਸੁਰਤਾ ਵਾਲਾ ਸੱਭਿਆਚਾਰ ਕੇਵਲ ਅਤੇ ਕੇਵਲ 'ਗਰੀਬੀ ਗਦਾ ਹਮਾਰੀ ਖੰਨਾ ਸਗਲ ਰੇਨ ਛਾਰੀ' ਅਨੁਸਾਰ ਗਰੀਬੀ ਅਤੇ ਨਿਮਰਤਾ ਦਾ ਹਥਿਆਰ ਵਰਤ ਕੇ ਹੀ ਬਣਾਇਆ ਜਾ ਸਕਦਾ ਹੈ। ਸ੍ਰੀਮਤੀ ਮਨਸੂਰਾ ਹੈਦਰ ਵੀ ਆਪਣੇ ਲੇਖ 'Woman : Search for Self and Survival' ਵਿਚ ਇਸੇ ਵੀਚਾਰ ਦੀ ਹਾਮੀ ਭਰਦੇ ਹਨ, " A woman with all her charm and inherent softness and persuasive methods can still be the champion without playing a second fiddle to man."

ਭਾਵ : ਇਕ ਔਰਤ ਆਪਣੀ ਕੁਦਰਤੀ ਹਲੀਮੀ ਅਤੇ ਦੂਜੇ ਨੂੰ ਮਨਾ ਸਕਣ ਦੀ ਸਮਰੱਥ ਹੋਣ ਕਾਰਨ, ਬਿਨਾਂ ਮਰਦ ਦੇ ਅਧੀਨ ਹੋਏ ਹਰ ਖੇਤਰ ਵਿਚ ਜੇਤੂ ਸਾਬਤ ਹੋ ਸਕਦੀ ਹੈ। ਅੱਜ ਔਰਤ ਆਪਣੇ ਹੱਕਾਂ ਦੀ ਰਾਖੀ ਲਈ ਕਾਨੂੰਨ ਦਾ ਦਰਵਾਜਾ ਖੜਕਾ ਰਹੀ ਹੈ। ਰਾਜਨੀਤਿਕ ਪੱਧਰ ਤੇ ਸੀਟਾਂ ਦੀ ਮੰਗ ਕਰ ਰਹੀ ਹੈ। ਪਰ ਔਰਤ ਦੀ ਕਾਇਆ ਕਲਪ ਕਰਨ ਲਈ ਨਵੇਂ-ਨਵੇਂ ਕਾਨੂੰਨ, ਜਿਨ੍ਹਾਂ ਨੂੰ ਤੋੜਨ ਦਾ ਤਰੀਕਾ ਆਸਾਨੀ ਨਾਲ ਲੱਭ ਲਿਆ ਜਾਂਦਾ ਹੈ, ਬਣਾਉਣਾ ਸਮੱਸਿਆ ਦਾ ਹੱਲ ਨਹੀਂ।

ਸਮੱਸਿਆ ਦਾ ਕੇਵਲ ਇਕੋ-ਇਕ ਇਲਾਜ ਹੈ ਕਿ ਅਜਿਹੀਆਂ ਸਮਾਜਿਕ ਪਰੰਪਰਾਵਾਂ ਨੂੰ ਤੋੜਿਆ ਜਾਏ, ਜੋ ਲੜਕੇ-ਲੜਕੀ ਵਿਚ ਭੇਦ ਭਾਵ ਪੈਦਾ ਕਰਦੀਆਂ ਹਨ। ਇਕ ਅਜਿਹਾ ਸਮਾਜਿਕ ਵਾਤਾਵਰਣ ਸਿਰਜਿਆ ਜਾਏ, ਜਿੱਥੇ ਲੜਕੀਆਂ ਨੂੰ ਆਪਣੇ ਸੁਭਾਵਕ ਅਤੇ ਦੈਵੀ ਗੁਣਾਂ ਦੇ ਵਿਕਾਸ ਦੇ ਮੌਕੇ ਮਿਲ ਸਕਣ ਤਾਂ ਕਿ ਬਦਲਦੇ ਹਾਲਾਤ ਵਿਚ, ਉਹ ਘਰ ਅਤੇ ਦਫਤਰ ਦੇ ਕੰਮ ਵਿਚ ,ਸਾਵਾਂਪਣ ਕਾਇਮ ਰੱਖ ਸਕਣ ਦੇ ਕਾਬਿਲ ਬਣ ਸਕਣ। ਮਾਂ, ਭੈਣ, ਅਤੇ ਪਤਨੀ ਦੇ ਰੂਪ ਵਿਚ ਔਰਤ ਅਜਿਹਾ ਵਾਤਾਵਰਣ ਸਿਰਜਣ ਵਿਚ ਨਿਸਚੇ ਹੀ ਨਿੱਗਰ ਯੋਗਦਾਨ ਪਾ ਸਕਦੀ ਹੈ।

Œ Œ

# ਅਧਿਆਤਮਕ ਵਿਰਸੇ ਦੀ ਸੰਭਾਲ ਵਿਚ ਨਾਰੀ ਦਾ ਯੋਗਦਾਨ

'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿਚ 'ਵਿਰਸਾ' ਸ਼ਬਦ ਦਾ ਅਰਥ ਦੇਂਦੇ ਹੋਏ, ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ; "ਪੁਰਖਿਆਂ ਤੋਂ ਪ੍ਰਾਪਤ ਕੀਤੀ ਜਾਇਦਾਦ ਜਿਸ ਤੇ ਸਾਡਾ ਕਾਨੂੰਨੀ ਹੱਕ ਵੀ ਹੁੰਦਾ ਹੈ, ਵਿਰਾਸਤ ਜਾਂ ਵਿਰਸਾ ਅਖਵਾਉਂਦੀ ਹੈ"। ਕਿਸੇ ਵੀ ਕੌਮ ਦਾ ਵਡਮੁੱਲਾ ਵਿਰਸਾ, ਉਸ ਦੇ ਪੁਰਖਿਆਂ ਤੋਂ ਪ੍ਰਾਪਤ ਕੀਤਾ, ਵਿਚਾਰਧਾਰਕ ਅਤੇ ਸੱਭਿਆਚਾਰਕ ਸਰਮਾਇਆ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :

**ਹਮ ਧਨਵੰਤ ਭਾਗਠ ਸਚ ਨਾਇ ॥**
**ਹਰਿ ਗੁਣ ਗਾਵਹ ਸਹਜਿ ਸੁਭਾਇ ॥ ਰਹਾਉ॥**
**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨ ਭਇਆ ਨਿਧਾਨਾ ॥**
**ਰਤਨ ਲਾਲ ਜਾ ਕਾ ਕਛੂ ਕਾ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥**
**ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥**
**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥**
**ਸੁ ਏਤੁ ਖਜਾਨੈ ਲਇਆ ਰਲਾਇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੧੮੫-੮੬)

ਗੁਰੂ ਸਾਹਿਬ, ਜਿਸ ਪਿਉ-ਦਾਦੇ ਦੇ ਖਜ਼ਾਨੇ ਦੀ ਗੱਲ ਕਰ ਰਹੇ ਹਨ, ਉਸਨੂੰ ਖੋਲ੍ਹ ਕੇ ਦੇਖਿਆਂ ਆਤਮਕ ਅਨੰਦ ਮਿਲਦਾ ਹੈ। ਇਹ ਖਜ਼ਾਨਾ ਹੈ ਕੀ ? ਰਹਾਉ ਵਾਲੀ ਤੁਕ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ :

**ਹਮ ਧਨਵੰਤ ਭਾਗਠ ਸਚ ਨਾਇ॥**
**ਹਰਿ ਗੁਣ ਗਾਵਹ ਸਹਜਿ ਸੁਭਾਇ ॥**

ਭਾਵ - ਅਸੀਂ ਅਜਿਹੇ ਭਾਗਾਂ ਵਾਲੇ ਧਨਵੰਤ ਇਨਸਾਨ ਹਾਂ, ਜਿਨ੍ਹਾਂ ਨੂੰ ਵਿਰਾਸਤ ਵਿਚ 'ਸੱਚ' ਰੂਪੀ ਨਾਮ ਧਨ ਮਿਲਿਆ ਹੈ। ਇਸ ਸੱਚ ਨਾਮ ਦਾ ਗਾਇਨ ਅਸੀਂ 'ਸਹਜਿ ਸੁਭਾਇ' ਕਰਨਾ ਹੈ, ਮਨ-ਹਠ ਕਰਕੇ ਨਹੀਂ। ਰਤਨ ਅਤੇ ਲਾਲ ਵਰਗੀਆਂ ਕੀਮਤੀ ਵਸਤੂਆਂ ਵੀ, ਇਸ ਖਜ਼ਾਨੇ ਦੇ ਸਾਹਮਣੇ ਨਿਗੂਣੀਆਂ ਹਨ। ਜਿੰਨਾਂ ਇਸ ਖਜ਼ਾਨੇ ਨੂੰ ਰਲ-



ਮਿਲ ਕੇ ਖਾਵਾਂਗੇ, ਉਤਨਾ ਹੀ ਇਹ ਵਧੇਗਾ। ਜਿਸ ਮਨੁੱਖ 'ਤੇ ਪ੍ਰਭੂ ਦੀ ਕਿਰਪਾ ਹੋ ਜਾਏ, ਉਹ ਹੀ ਇਸ ਖਜ਼ਾਨੇ ਦਾ ਆਤਮਕ ਅਨੰਦ ਮਾਣ ਸਕਦਾ ਹੈ।

ਸੰਸਾਰ ਦੇ ਧਰਮਾਂ ਦਾ ਅਧਿਅਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਕੋਈ ਦੇਵੀ-ਦੇਵਤਿਆਂ ਦੀ ਪੂਜਾ ਤੱਕ ਸੀਮਤ ਹੈ ਅਤੇ ਕੋਈ ਪ੍ਰਭੂ ਦੀ ਹੋਂਦ ਤੋਂ ਹੀ ਮੁਨਕਰ ਹੋ ਕੇ ਕੇਵਲ ਸਦਾਚਾਰ (ਅਸ਼ਟਮਾਰਗ) ਨੂੰ ਹੀ ਆਪਣਾ ਟੀਚਾ ਮਿਥ ਲੈਂਦਾ ਹੈ। ਬ੍ਰਾਹਮਣਾਂ ਨੇ ਤਾਂ ਕਰਮਕਾਂਡਾ ਦਾ ਅਜਿਹਾ ਜਾਲ ਵਿਛਾਇਆ, ਜਿਸ ਤੋਂ ਅੱਜ ਤੱਕ ਛੁਟਕਾਰਾ ਨਹੀਂ ਪਾਇਆ ਜਾ ਸਕਿਆ। ਕੇਵਲ ਭਗਤੀ ਲਹਿਰ ਦੇ ਕੁਝ ਸੰਤਾਂ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ, ਨੇ ਪ੍ਰੇਮਾ ਭਗਤੀ ਤੇ ਜ਼ੋਰ ਦੇ ਕੇ ਨਾਮ ਜਪਣ ਦਾ ਰਸਤਾ ਦੱਸਿਆ ਹੈ। ਗੁਰੂ ਸਾਹਿਬ ਦੀ ਰੂਹਾਨੀਅਤ ਸਾਡਾ ਮਹਾਨ ਵਿਰਸਾ ਹੈ, ਜਿਸ ਵਿਚ ਨਾਮ ਜਪਣ ਅਤੇ ਉੱਚ ਆਚਾਰ ਤੇ ਪੂਰਾ ਜ਼ੋਰ ਹੈ। ਗੁਰਬਾਣੀ ਅਨੁਸਾਰ ਨਾਮ ਜਪਣ ਵਾਲੇ ਮਨੁੱਖ ਗੁਣਵਾਨ ਅਤੇ ਗਿਆਨਵਾਨ ਹੋ ਜਾਂਦੇ ਹਨ:

**ਮੰਨੈ ਸੁਰਤਿ ਹੋਵੈ ਮਨ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੩)

ਅਜ ਸਿਖ ਵੀਚਾਰਧਾਰਾ ਨੂੰ ਜੀਵਨ ਦੇ ਹਰ ਪਹਿਲੂ ਤੋਂ ਸਮਝਣ ਲਈ ਬੜੀ ਖੋਜ ਹੋ ਰਹੀ ਹੈ। ਸਾਰੇ ਗੁਰੂ ਸਾਹਿਬਾਨ ਬੜੇ ਚੇਤੰਨ ਵਿਅਕਤੀਤਵ ਦੇ ਮਾਲਕ ਸਨ। ਆਪ ਸਮਾਜ ਵਿਚ ਇਤਨਾ ਚੇਤੰਨ ਹੋ ਕੇ ਵਿਚਰੇ ਕਿ ਸਮੇਂ ਦੇ ਬਾਦਸ਼ਾਹ ਵੀ ਆਪ ਦੀਆਂ ਸਰਗਰਮੀਆਂ ਵੱਲ ਧਿਆਨ ਦੇਣੋਂ ਨਾਂਹ ਰਹਿ ਸਕੇ। ਅੱਜ ਇਹ ਸਾਬਤ ਹੋ ਗਿਆ ਹੈ ਕਿ ਗੁਰਬਾਣੀ, ਵਿਗਿਆਨ ਅਤੇ ਹੋਰ ਸਭ ਤਰ੍ਹਾਂ ਦੇ ਗਿਆਨ ਦੀ ਹਰ ਕਸਵੱਟੀ 'ਤੇ ਪੂਰੀ ਉਤਰਦੀ ਹੈ। ਜਦੋਂ ਅਜਿਹੀ ਚੇਤੰਨ ਅਵਸਥਾ ਦੇ ਮਾਲਕ ਗੁਰੂ ਸਾਹਿਬ 'ਆਸਾ ਕੀ ਵਾਰ' ਵਿਚ ਫੁਰਮਾਉਂਦੇ ਹਨ:

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥**
**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੬੩੨)

ਤਾਂ ਇਸ ਦਾ ਇਹ ਅਰਥ ਹਰਗਿਜ਼ ਨਹੀਂ ਹੋ ਸਕਦਾ ਹੈ ਕਿ ਪੜ੍ਹਨਾ-ਲਿਖਣਾ ਜਾਂ

ਵਿਦਿਆ ਪ੍ਰਾਪਤ ਕਰਨਾ ਫਜ਼ੂਲ ਹੈ। ਗਿਆਨ ਦੇ ਹਰ ਖੇਤਰ ਦੀ ਸੂਝ ਰੱਖਣ ਵਾਲੇ ਗੁਰੂ ਸਾਹਿਬ ਪੜ੍ਹਾਈ ਦੀ ਨਿੰਦਿਆ ਕਰ, ਅਨਪੜ੍ਹਤਾ ਦੇ ਹੱਕ ਵਿਚ ਭਲਾ ਕਿਵੇਂ ਬੋਲ ਸਕਦੇ ਹਨ? ਆਪ ਤਾਂ ਇੱਥੇ ਦ੍ਰਿੜ ਕਰਾ ਰਹੇ ਹਨ ਕਿ ਅਧਿਆਤਮਕ ਆਪੇ ਨਾਲੋਂ ਟੁੱਟੇ ਹੋਏ ਮਨੁੱਖ ਦੀ ਉੱਚ ਪੱਧਰੀ ਦੁਨਿਆਵੀ ਵਿਦਿਆ ਵੀ ਨਿਸਫਲ ਹੈ, ਜੋ ਕੇਵਲ 'ਹਉਮੈ ਝਖਣਾ ਝਾਖ' ਹੈ ਭਾਵ ਝੱਖ ਮਾਰਨ ਦੇ ਬਰਾਬਰ ਹੈ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਅਜੋਕੀ ਵਿਦਿਆ ਪ੍ਰਣਾਲੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਧਰਮ ਦੀਆਂ ਕਦਰਾਂ ਕੀਮਤਾਂ ਤੋਂ ਜਾਣੂੰ ਕਰਵਾ ਕੇ ਮਨੁੱਖੀ ਸ਼ਖਸ਼ੀਅਤ ਨੂੰ ਪੂਰਾ ਵਿਕਸਿਤ ਕਰ ਰਹੀ ਹੈ? ਕਿਸੇ ਵੀ ਮਨੁੱਖ ਦੇ ਵਿਅਕਤੀਤਵ ਦੀ ਘਾੜਤ ਵਿਚ ਦੋ ਵਿਅਕਤੀ ਵਿਸੇਸ਼ ਯੋਗਦਾਨ ਪਾਉਂਦੇ ਹਨ- ਇਕ ਅਧਿਆਪਕ ਅਤੇ ਦੂਜੀ ਮਾਤਾ। ਅਧਿਆਪਕ ਦੇ ਯੋਗਦਾਨ ਨੂੰ ਛੁਟਿਆਏ ਬਿਨਾਂ ਇਹ ਕਿਹਾ ਜਾ ਸਕਦਾ ਹੈ ਕਿ ਜੋ ਕੰਮ ਮਾਤਾ ਕਰ ਸਕਦੀ ਹੈ, ਉਹ ਕਿਸੇ ਵੀ ਅਧਿਆਪਕ ਦੇ ਕੰਮ ਨਾਲੋਂ ਉਚੇਰਾ ਹੈ। ਜਾਰਜ ਹਰਬਰਟ ਨੇ ਕਿਹਾ ਹੈ "A good mother is worth a hundred school masters".

ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਕੂਲ ਦੇ ਨਾਲ ਘਰ ਵਿਚ ਵੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਅਧਿਆਤਮਕ ਸਿਖਿਆ ਵੀ ਦਿੱਤੀ ਜਾਏ। ਗੁਰਬਾਣੀ ਇਸ ਸਿਖਿਆ ਦਾ ਵੱਡਾ ਸਰੋਤ ਹੈ। ਗੌਰਵਮਈ ਸਿੱਖ ਇਤਿਹਾਸ ਵੀ, ਇਸ ਅਧਿਆਤਮਕ ਵਿਰਸੇ ਦੀ ਹੀ ਦੇਣ ਹੈ।

**ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥**

ਬਹਾਦਰ ਸੂਰਮਿਆਂ ਨੇ ਆਤਮ ਗਿਆਨ ਦਾ ਹਥਿਆਰ ਹੱਥ ਵਿਚ ਲੈ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦਿੱਤਾ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੬੭੦)

ਬਹਾਦਰ ਸਿੰਘਾਂ ਨੇ ਗੁਰਬਾਣੀ ਤੋਂ ਅਜਿਹੀ ਸ਼ਕਤੀ ਪ੍ਰਾਪਤ ਕੀਤੀ ਕਿ '**ਨਿਰਭਉ ਜਪੈ ਸਗਲ ਭਉ ਮਿਟੈ**' ਅਨੁਸਾਰ ਉਹਨਾਂ ਦੇ ਸਾਰੇ ਡਰ ਮਿਟ ਗਏ ਅਤੇ ਉਹ ਅਣਖ ਦੀ ਲੜਾਈ ਲੜਦੇ ਬੇਮਿਸਾਲ ਪੂਰਨੇ ਪਾ ਗਏ। ਖੰਡੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ, ਗੁਰੂ ਸਾਹਿਬ ਨੇ ਸ਼ਕਤੀ ਗੁਰਬਾਣੀ ਤੋਂ ਹੀ ਲਈ। ਜੋਤੀ-ਜੋਤ ਸਮਾਉਣ ਸਮੇਂ ਦਸਮ ਪਾਤਸ਼ਾਹ ਨੇ ਗੁਰਬਾਣੀ ਦੇ ਇਸ ਬਹੁਮੁੱਲੇ ਵਿਰਸੇ, ਪਿਉ-ਦਾਦੇ ਦੇ ਇਸ ਖਜ਼ਾਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ, ਇਸ ਨੂੰ ਇਸਦੇ ਅਸਲ ਵਾਰਿਸ ਖਾਲਸਾ ਪੰਥ ਦੇ ਹਵਾਲੇ ਕਰ ਦਿੱਤਾ।



ਹੁਣ ਸਾਡਾ ਫਰਜ਼ ਬਣਦਾ ਹੈ ਕਿ ਇਸ ਖਜ਼ਾਨੇ ਦੀ ਸੰਭਾਲ ਕਰੀਏ ਅਤੇ ਇਸਨੂੰ ਮਨੁੱਖ-ਮਾਤਰ ਦੀ ਸੇਵਾ ਵਿਚ ਵਰਤੀਏ !

ਦੇਖਣ ਵਾਲੀ ਗੱਲ ਹੈ ਕਿ ਇਸ ਗੌਰਵਮਈ ਵਿਰਸੇ ਦੀ ਮਾਲਕ ਕੌਮ ਅੱਜ ਕਿੱਥੇ ਖੜੀ ਹੈ ? ਪਤਨ ਦੀਆਂ ਡੂੰਘੀਆਂ ਖੱਡਾਂ ਵਿਚ ਗਿਰ ਰਹੀ ਕੌਮ ਅੱਜ ਕਿਉਂ ਇਸ ਦਿਸ਼ਾ ਵੱਲ ਜਾ ਰਹੀ ਹੈ? ਕਿਸੇ ਸਮੇਂ ਦਾ ਬਹੁਤ ਵੱਡਾ ਰੋਮਨ ਸਾਮਰਾਜ ਅੱਜ ਕਿਤੇ ਨਜ਼ਰ ਨਹੀਂ ਆ ਰਿਹਾ। 'Rise and Fall of Roman Empire' ਦਾ ਲੇਖਕ ਗਿਬਨ, ਇਸ ਦੇ ਕੁਝ ਕੁ ਕਾਰਨ ਇਸ ਤਰ੍ਹਾਂ ਦੱਸਦਾ ਹੈ :

1. ਕੇਂਦਰੀ ਹਕੂਮਤ ਦਾ ਅੰਨ੍ਹੇਵਾਹ ਖਰਚ ਕਰੀ ਤੁਰੇ ਜਾਣਾ।
2. ਨੌਜਆਨਾਂ ਦਾ ਦੇਸ਼ ਲਈ ਹਥਿਆਰ ਚੁੱਕਣ ਤੋਂ ਕੰਨੀਂ ਕਤਰਾਉਣਾ ।
3. ਐਸ਼ਾਂ ਵਿਚ ਖਚਿਤ ਹੋ ਜਾਣਾ, ਵਿਭਚਾਰ ਅਤੇ ਜਿਨਸੀ ਭੁੱਖ ਦਾ ਵੱਧ ਜਾਣਾ।
4. ਘਰ ਦੀ ਪਵਿੱਤਰਤਾ ਖਤਮ ਹੋ ਜਾਣੀ।
5. ਨਜ਼ਾਕਤ ਤੇ ਮਰਦਊਪੁਣੇ ਦਾ ਖਤਮ ਹੋ ਜਾਣਾ। ਕੁੜੀਆਂ ਦਾ ਮਰਦਾਂ ਵਾਂਗ ਅਤੇ ਮਰਦਾਂ ਦਾ ਔਰਤਾਂ ਵਾਂਗ ਵਿਚਰਨਾ ।
6. ਸਭ ਤੋਂ ਵੱਧ ਧਰਮ ਲਈ ਸਤਿਕਾਰ ਅਤੇ ਆਦਰ ਦਾ ਉੱਡ-ਪੁੱਡ ਜਾਣਾ।

ਅੱਜ ਉੱਪਰ ਲਿਖੀਆਂ ਗੱਲਾਂ ਸਾਡੇ ਨਾਲ ਵੀ ਵਾਪਰਦੀਆਂ ਨਜ਼ਰ ਆ ਰਹੀਆਂ ਹਨ। ਐਸ਼-ਪ੍ਰਸਤੀ ਵਿਚ ਖਚਿਤ ਨੌਜਆਨ ਪੀੜ੍ਹੀ ਜਿਨਸੀ ਭੁੱਖ ਦਾ ਸ਼ਿਕਾਰ ਹੋ ਰਹੀ ਹੈ। ਮਰਦ ਮਰਦਊਪੁਣਾ ਗੁਆ ਕੇ ਅਤੇ ਇਸਤਰੀਆਂ ਸ਼ੁਭ ਗੁਣਾਂ ਨੂੰ ਤਿਲਾਂਜਲੀ ਦੇ ਕੇ, ਇਕ-ਦੂਜੇ ਦੀ ਨਕਲ ਕਰਨ ਨੂੰ ਅਗਾਂਹ ਵਧੂ ਹੋਣ ਦੀ ਨਿਸ਼ਾਨੀ ਸਮਝ ਰਹੇ ਹਨ। ਔਰਤ ਅਤੇ ਮਰਦ ਦੀ ਬਰਾਬਰੀ ਦੇ ਨਾਮ ਥੱਲੇ ਪਤੀ-ਪਤਨੀ ਦੇ ਰਿਸ਼ਤੇ ਦੀ ਅਤੇ ਨਤੀਜੇ ਵਜੋਂ ਘਰ ਦੀ ਪਵਿੱਤਰਤਾ ਖਤਮ ਹੋ ਰਹੀ ਹੈ। ਇਸ ਸਭ ਕੁਝ ਦੇ ਨਤੀਜੇ ਵਜੋਂ ਨਵੀਂ ਪੀੜ੍ਹੀ ਦਿਸ਼ਾਹੀਣ ਹੋ ਕੇ, ਆਪਣੇ ਵਿਰਸੇ ਨਾਲੋਂ ਟੁੱਟ ਕੇ ਕਈ ਤਰ੍ਹਾਂ ਦੀਆਂ ਅਲਾਮਤਾਂ ਦੀ ਸ਼ਿਕਾਰ ਹੋ ਰਹੀ ਹੈ।

ਡਾ. ਦਿਨੇਸ਼, ਪ੍ਰੋਫੈਸਰ ਆਫ ਫੈਮਿਲੀ ਮੈਡੀਸਨ, ਆਪਣੀ ਕਿਤਾਬ " Violence Free Family' ਵਿਚ ਪਰਿਵਾਰ ਨੂੰ ਸੱਭਿਅਤਾ ਦੀ ਕਾਰਜਸ਼ਾਲਾ ਕਹਿੰਦੇ ਹਨ । 'Family is the Workshop of Civilization' ਪਰਿਵਾਰ ਵਿਚ ਹੀ ਬੱਚੇ ਦੇ ਆਚਰਣ ਦੀ ਘਾੜਤ ਘੜੀ ਜਾਂਦੀ ਹੈ। ਡਾ. ਸਾਹਿਬ ਦੇ ਵਿਚਾਰ ਅਨੁਸਾਰ ਇਕਸੁਰਤਾ ਵਾਲੇ ਪਰਿਵਾਰ (Unity based family) ਹੀ ਇਸ ਕੰਮ ਨੂੰ ਯੋਗ ਤਰੀਕੇ ਨਾਲ ਕਰ ਸਕਦੇ ਹਨ। ਇਹੋ ਜਿਹੇ ਪਰਿਵਾਰ ਦੇ ਲੱਛਣ ਦੱਸਦਿਆਂ ਆਪ ਲਿਖਦੇ ਹਨ :

In a unity based family or society,the individuals

endeavour to their utmost to serve one another, while at the same time family and society make certain that justice will be the modus operandi of the group.

ਭਾਵ - ਇਕਸੁਰਤਾ ਵਾਲੇ ਪਰਿਵਾਰ ਅਤੇ ਸਮਾਜ ਵਿਚ, ਹਰ ਵਿਅਕਤੀ ਦੂਜੇ ਦੀ ਸੇਵਾ ਨੂੰ ਆਪਣਾ ਪਰਮ-ਧਰਮ ਸਮਝਦਾ ਹੈ, ਜਦੋਂ ਕਿ ਪਰਿਵਾਰ ਅਤੇ ਸਮਾਜ ਯਕੀਨੀ ਬਣਾਉਂਦੇ ਹਨ ਕਿ ਸਮਾਜ ਵਿਚ ਹਰ ਵਿਅਕਤੀ ਨੂੰ ਨਿਆਂ ਮਿਲੇ। ਇਕਸੁਰਤਾ ਵਾਲੇ ਪਰਿਵਾਰ ਦੇ ਲੱਛਣ ਦੱਸਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ:

**ਧਨ ਪਿਰੁ ਏਹਿ ਨਾ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੭੮੮)

ਜਦੋਂ ਪਰਿਵਾਰ ਰੂਪੀ ਗੱਡੀ ਦੇ ਦੋ ਪਹੀਏ (ਧਨ ਪਿਰ) ਇਤਨੇ ਇਕਸੁਰ ਹੋ ਕੇ ਚੱਲਣ ਕਿ ਦੇਖਣ ਵਿਚ ਦੋ ਹੁੰਦਿਆਂ ਵੀ ਇਕ ਜੋਤ ਹੀ ਜਾਪਣ ਤਾਂ ਹੀ ਪਰਿਵਾਰ ਵਿਚ ਇਕਸੁਰਤਾ ਆ ਸਕਦੀ ਹੈ ਅਤੇ ਜੀਵਨ ਸੁੱਖਮਈ ਹੋ ਸਕਦਾ ਹੈ। ਅਜਿਹੇ ਰਿਸ਼ਤੇ ਵਿਚੋਂ ਪੈਦਾ ਹੋਈ ਸੰਤਾਨ ਸਤਿਗੁਰ ਦੇ ਆਦਰਸ਼ਾਂ 'ਤੇ ਚੱਲਣ ਵਾਲੀ ਹੀ ਹੋਵੇਗੀ :

**"ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥"**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੭੯)

ਸਤਿਗੁਰ ਦਾ ਵਿਰਸਾ ਸੰਭਾਲਣ ਵਾਲੀ ਨਵੀਂ ਪੀੜ੍ਹੀ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਮਾਂ-ਬਾਪ ਆਪ ਅਧਿਆਤਮਕ ਕਦਰਾਂ-ਕੀਮਤਾਂ ਦੇ ਧਾਰਨੀ ਹੋਣ। ਸੱਚ ਤਾਂ ਇਹ ਹੈ ਕਿ ਅਜਿਹੀਆਂ ਕਦਰਾਂ-ਕੀਮਤਾਂ ਤੋਂ ਵਿਹੂਣੇ ਪਰਿਵਾਰ 'ਏਕ ਜੋਤ ਦੁਇ ਮੂਰਤੀ' ਵਾਲੀ ਅਵਸਥਾ ਵਾਲੇ ਹੋ ਹੀ ਨਹੀਂ ਸਕਦੇ।

ਡਾ. ਦਿਨੇਸ਼ ਅਨੁਸਾਰ - ਵਿਅਕਤੀਗਤ, ਸਮਾਜਿਕ ਅਤੇ ਪਰਿਵਾਰਕ ਪੱਧਰ ਤੇ ਆਤਮਕ ਅਤੇ ਵਿਗਿਆਨਕ ਭਾਵਾਂ ਨੂੰ ਇਕਸੁਰ ਕੀਤੇ ਬਿਨਾਂ ਇਕਸੁਰਤਾ ਵਾਲਾ ਪਰਿਵਾਰ ਸੰਭਵ ਨਹੀਂ ਹੋ ਸਕਦਾ। ਅਜਿਹੀ ਇਕਸੁਰਤਾ (Integration) ਬਿਨਾਂ ਇਸ ਸੰਸਾਰ ਵਿਚ ਵਾਪਰੀ ਹਰ ਤਬਦੀਲੀ ਵਿਕਾਸ ਨਾ ਹੋ ਕੇ, ਕੇਵਲ ਅਤੇ ਕੇਵਲ ਗਿਰਾਵਟ ਦਾ ਸਾਧਨ ਹੀ ਬਣ ਸਕਦੀ ਹੈ।

No individual or society will be able to transform it self from power-or indulgence-orientation to unity orientation without first integrating scientific and spiritual principles and



then applying these to all aspects of life-individual, family and community. Without such integration we will experience the kind of change and transformation that is an indication of deterioration and destruction rather than that of growth and transformation.
(The Violence Free Family, Page. 24)

ਗੁਰੂ ਸਾਹਿਬ ਅਧਿਆਤਮਕ ਆਧਾਰ ਵਿਹੂਣੀ ਦੁਨਿਆਵੀ ਵਿਦਿਆ ਨੂੰ ਝਖਣਾ-ਝਾਖ ਹੀ ਮੰਨਦੇ ਹਨ। ਗੁਰੂ ਨਾਨਕ ਸਾਹਿਬ ਦੇ ਇਹ ਫੁਰਮਾਨ ਗੁਰੂ ਸਾਹਿਬ ਨੂੰ ਇਕ ਸਫਲ ਵਿਦਿਆ ਸ਼ਾਸ਼ਤਰੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਮਨੁੱਖ ਨੂੰ ਇਕ ਵਧੀਆ ਇਨਸਾਨ ਬਣਾਉਣ ਵਾਲੀ ਅਧਿਆਤਮਕ ਵਿਦਿਆ ਤੋਂ ਬਿਨਾਂ ਸੱਚ ਆਚਾਰ ਵਾਲੇ ਮਨੁੱਖਾਂ ਜਾਂ ਦੂਸਰੇ ਸ਼ਬਦਾਂ ਵਿਚ ਗੁਰਮੁਖਾਂ ਦੀ ਕੌਮ ਦੀ ਉਸਾਰੀ ਨਹੀਂ ਹੋ ਸਕਦੀ। ਇਸ ਲਈ ਮਾਤਾ-ਪਿਤਾ ਦਾ ਫਰਜ਼ ਬਣ ਜਾਂਦਾ ਹੈ ਕਿ ਬਚਪਨ ਤੋਂ ਹੀ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਬੱਚਿਆਂ ਦੇ ਅਚੇਤ ਮਨ ਦੀਆਂ ਤੈਹਾਂ ਵਿਚ ਗੁਰਬਾਣੀ ਵਸਾ ਦਿੱਤੀ ਜਾਏ।

ਪ੍ਰੋ. ਪੂਰਨ ਸਿੰਘ ਆਪਣੇ ਲੇਖ 'ਘਰ ਕੀ ਗੀਹਨ' ਵਿਚ ਪੰਜਾਬੀ ਮਾਤਾ ਦਾ ਸ਼ਬਦ-ਚਿੱਤਰ ਖਿੱਚਦੇ ਹੋਏ ਲਿਖਦੇ ਹਨ ਕਿ ਸਾਡੀਆਂ ਮਾਤਾਵਾਂ ਦੁੱਧ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਹਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸਦੇ ਕੰਨੀਂ ਪਹਿਲੀ ਆਵਾਜ਼ ਗੁਰਬਾਣੀ ਦਾ ਫੁਰਮਾਨ ਹੀ ਪੈਂਦਾ ਸੀ। ਪਰ ਅੱਜ ਤਾਂ ਬੱਚੇ ਦੇ ਉਠਣ ਤੋਂ ਪਹਿਲਾਂ ਹੀ ਘਰ ਵਿਚ ਟੈਲੀਵੀਜ਼ਨ 'ਤੇ ਅਸ਼ਲੀਲ ਗਾਣੇ ਲੱਗੇ ਹੁੰਦੇ ਹਨ।

ਮਨੋਵਿਗਿਆਨ ਕਹਿੰਦਾ ਹੈ ਕਿ ਸੁਚੇਤ ਮਨ ਨਾਲੋ ਅਚੇਤ ਮਨ ਨੂੰ ਕੀਤੀ ਹੋਈ ਪ੍ਰੇਰਨਾ ਵਧੇਰੇ ਅਸਰਦਾਇਕ ਅਤੇ ਸਥਿਰ ਰਹਿਣ ਵਾਲੀ ਹੁੰਦੀ ਹੈ। ਰਾਤ ਨੂੰ ਸੌਂਦੇ ਸਮੇਂ ਅਤੇ ਸਵੇਰੇ ਉਠਦੇ ਸਮੇਂ, ਸਾਡਾ ਸੁਚੇਤ ਮਨ ਆਲਸ ਵਿਚ ਹੁੰਦਾ ਹੈ ਅਤੇ ਅਚੇਤ ਮਨ ਵਧੇਰੇ ਕੰਮ ਕਰ ਰਿਹਾ ਹੁੰਦਾ ਹੈ। ਇਸ ਸਮੇਂ ਮਨ ਨੂੰ ਦਿੱਤੀ ਗਈ ਪ੍ਰੇਰਨਾ ਵਧੇਰੇ ਸਮੇਂ ਤੱਕ ਰਹਿੰਦੀ ਹੈ। ਸੋ ਰਾਤੀਂ ਸੌਣ ਦਾ ਸਮਾਂ ਅਤੇ ਸਵੇਰੇ ਉੱਠਣ ਦਾ ਸਮਾਂ ਦੋ ਅਜਿਹੇ ਸਮੇਂ ਹਨ, ਜਦੋਂ ਚੇਤੰਨ ਤੌਰ 'ਤੇ ਬੱਚਿਆਂ ਨੂੰ ਗਲਤ ਪ੍ਰਭਾਵਾਂ ਤੋਂ ਬਚਾਉਣ ਦੀ ਲੋੜ ਹੈ। ਕਿਸੇ ਵੀ ਉਪਜ ਵਾਸਤੇ ਅਨੁਕੂਲ ਧਰਤੀ, ਵਾਤਾਵਰਣ, ਬੀਜ ਅਤੇ ਪਾਣੀ ਦੀ ਲੋੜ ਹੁੰਦੀ ਹੈ। ਧਰਮ ਦੀ ਉਪਜ ਵਾਸਤੇ ਅਨੁਕੂਲ ਵਾਤਾਵਰਣ ਇਹਨਾਂ ਦੋ ਸਮਿਆਂ ਦਾ ਹੈ।

ਇਸੇ ਲਈ ਗੁਰੂ ਸਾਹਿਬ ਨੇ ਅੰਮ੍ਰਿਤ ਵੇਲਾ ਸੰਭਾਲਣ ਦਾ ਆਦੇਸ਼ ਦਿੱਤਾ ਹੈ ਅਤੇ

ਨਾਲ ਹੀ ਰਾਤ ਨੂੰ ਸੌਣ ਸਮੇਂ ਸੋਹਿਲਾ ਸਾਹਿਬ ਦਾ ਪਾਠ ਕਰਨ ਦੀ ਹਦਾਇਤ ਹੈ। ਸੋ ਇਹ ਦੋ ਸਮੇਂ ਬੜੇ ਮਹੱਤਵਪੂਰਨ ਹਨ, ਜਦੋਂ ਅਸੀਂ ਆਪਣੇ ਬੱਚਿਆਂ ਨੂੰ ਸੰਭਾਲਣਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਕੰਮ ਕੇਵਲ ਮਾਂ-ਬਾਪ ਹੀ ਕਰ ਸਕਦੇ ਹਨ। ਮਾਂ-ਬਾਪ ਵਿਚੋਂ ਵੀ ਵਧੇਰੇ ਜ਼ਿੰਮੇਵਾਰੀ ਮਾਂ ਦੀ ਬਣ ਜਾਂਦੀ ਹੈ ਕਿਉਂਕਿ ਵਧੇਰੇ ਤੌਰ ਤੇ ਇਹਨਾਂ ਵੇਲਿਆਂ'ਤੇ, ਉਹ ਹੀ ਬੱਚੇ ਕੋਲ ਹੁੰਦੀ ਹੈ। ਗੁਰਬਾਣੀ ਅਨੁਸਾਰ ਵੀ 'ਮਤਿ ਮਾਤਾ' ਅਤੇ 'ਸੰਤੋਖ ਪਿਤਾ' ਹੈ, ਭਾਵ ਮੱਤ ਤਾਂ ਮਾਤਾ ਨੇ ਹੀ ਦੇਣੀ ਹੁੰਦੀ ਹੈ।

ਸਿੱਖ ਇਤਿਹਾਸ ਵਿਚ ਅਨੇਕਾਂ ਹੀ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਦੋਂ ਮਾਵਾਂ ਨੇ ਬਾਪ ਦੀ ਗੈਰ ਹਾਜ਼ਰੀ ਵਿਚ, ਇਕੱਲਿਆਂ ਹੀ ਬੱਚਿਆਂ ਨੂੰ ਅਜਿਹੀ ਸਿਖਿਆ ਦਿੱਤੀ ਕਿ ਉਹ ਮਹਾਨ ਸ਼ਖਸ਼ੀਅਤਾਂ ਹੋ ਨਿਬੜੇ। ਇਕ ਗਰੀਬ ਕਿਰਤੀ ਸਿੰਘ ਭਾਈ ਦਿਆਲ ਸਿੰਘ ਗੁਜ਼ਰ ਗਿਆ ਤਾਂ ਉਸ ਦੀ ਪਤਨੀ ਨੇ ਬਾਪ ਵਿਹੂਣੇ ਬੱਚੇ ਦਾ ਪਾਲਣ-ਪੋਸ਼ਣ, ਇਸ ਸ਼ਾਨਦਾਰ ਢੰਗ ਨਾਲ ਕੀਤਾ ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਣ ਗਿਆ। ਮਹਾਰਾਣੀ ਜਿੰਦਾਂ ਨੇ ਉਤਨੀ ਦੇਰ ਚੈਨ ਦਾ ਸਾਹ ਨਾ ਲਿਆ, ਜਿਤਨੀ ਦੇਰ ਉਸਨੇ ਦਲੀਪ ਸਿੰਘ ਨੂੰ ਮੁੜ੍ਹ ਸਿੱਖੀ ਸਰੂਪ ਵਿਚ ਨਹੀਂ ਦੇਖ ਲਿਆ।

ਬਾਲ ਗੋਬਿੰਦ ਰਾਏ ਜੀ ਨੌਂ ਸਾਲ ਦੀ ਉਮਰ ਵਿਚ ਗੁਰੂ ਬਣ ਗਏ। ਇਤਨੀ ਉਮਰ ਵਿਚ ਆਪ ਕੇਵਲ ਦੋ ਸਾਲ ਹੀ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਗਤ ਵਿਚ ਰਹੇ। ਬਾਕੀ ਦੇ ਸੱਤ ਸਾਲ, ਜੀਵਨ ਦੇ ਮੁੱਢਲੇ ਸਾਲਾਂ ਵਿਚ ਮਾਤਾ ਜੀ ਨੇ ਹੀ ਬਾਲ ਗੋਬਿੰਦ ਰਾਏ ਜੀ ਨੂੰ 'ਦੀਨੀ ਭਾਂਤ ਭਾਂਤ ਕੀ ਸਿੱਛਾ'। ਮਾਤਾ ਜੀ ਨੇ ਗੁਰੂ ਜੀ ਨੂੰ ਬਾਲ ਅਵਸਥਾ ਵਿਚ ਹੀ ਅਜਿਹੀ ਸਿਖਿਆ ਦਿੱਤੀ, ਕਿ ਉਹਨਾਂ ਨੇ ਨੌਂ ਸਾਲ ਦੀ ਉਮਰ ਵਿਚ ਹੀ ਡਾਢੇ ਬਿਖੜੇ ਸਮੇਂ ਗੁਰਗੱਦੀ ਦੀਆਂ ਜਿੰਮੇਵਾਰੀਆਂ ਨਿਭਾਉਣ ਲਈ ਕਮਰਕੱਸਾ ਕਰ ਲਿਆ। ਛੋਟੇ ਸਾਹਿਬਜਾਦਿਆਂ ਪ੍ਰਤੀ ਵੀ ਮਾਤਾ ਜੀ ਨੇ ਅੰਤਿਮ ਸਮੇਂ ਤੱਕ 'ਮਤਿ-ਮਾਤਾ' ਦਾ ਅਜਿਹਾ ਫਰਜ਼ ਨਿਭਾਇਆ ਕਿ ਉਹ ਸਾਰੇ ਸੰਸਾਰ ਲਈ ਪੂਰਨੇ ਪਾ ਗਏ।

ਅੱਜ ਲੋੜ ਹੈ, ਮਾਤਾਵਾਂ ਨੂੰ ਮਾਤਾ ਗੁਜਰੀ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ, ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਲੜ ਲਾਉਣ ਦੀ, ਤਾਂ ਕਿ ਸਤਿਗੁਰ ਦੀ ਵਡਮੁੱਲੀ ਵਿਰਾਸਤ ਨੂੰ ਸੰਭਾਲਣ ਵਾਲੀ ਪੀੜ੍ਹੀ ਜੁਗੋ-ਜੁਗ ਤੱਕ ਕਾਇਮ ਰਹਿ ਸਕੇ :

**ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੭੯)

❊ ❊



# ਗੁਰਬਾਣੀ, ਸੱਭਿਆਚਾਰ ਅਤੇ ਇਸਤਰੀ

'ਸੱਭਿਆਚਾਰ' ਸ਼ਬਦ ਦੋ ਸ਼ਬਦਾਂ 'ਸੱਭਿਅ + ਆਚਾਰ' ਦੇ ਸੁਮੇਲ ਤੋਂ ਬਣਿਆ ਹੈ, ਜਿਸ ਤੋਂ ਭਾਵ ਹੈ, ਸਾਊ ਜਾਂ ਸੁਲਝਿਆ ਹੋਇਆ (ਵਿਅਕਤੀਗਤ ਤੇ ਸਮਾਜਕ) ਆਚਰਣ, ਜੋ ਕਿਸੇ ਵੀ ਸਮਾਜ ਦੀ ਉੱਨਤ ਹੋਈ ਦਸ਼ਾ ਦਾ ਸੂਚਕ ਹੈ। ਇਹ ਸਮੂਹਕ ਮਨ ਦੇ ਅੰਦਰਲੇ ਸੁਹਜ ਦਾ ਬਾਹਰੀ ਪ੍ਰਗਟਾਅ ਹੈ। ਇਸ ਤਰ੍ਹਾਂ ਸੱਭਿਆਚਾਰ ਰੂਹ ਦੀ ਵਸਤੂ ਹੈ, ਆਤਮਾ ਦੀ ਉੱਨਤੀ ਦੀ ਪਉੜੀ ਹੈ ਅਤੇ ਆਤਮਿਕ ਸੁੰਦਰਤਾ ਦਾ ਡੂੰਘਾ ਤੱਤ ਹੈ। ਬੌਧਿਕ, ਮਾਨਸਿਕ ਭਾਵਨਾਤਮਕ ਅਤੇ ਸੁਹਜਾਤਮਕ ਸੰਸਾਰ ਨੂੰ, ਸੰਤੁਸ਼ਟ ਕਰਨ ਲਈ ਵਿਚਾਰ ਖੇਤਰ ਅਤੇ ਕਰਮ-ਖੇਤਰ ਵਿਚ, ਜੋ ਸਿਰਜਣਾ ਕੀਤੀ ਜਾਂਦੀ ਹੈ, ਉਹ ਸੱਭਿਆਚਾਰ ਹੈ।

ਸੱਭਿਆਚਾਰ ਦਾ ਅੰਗਰੇਜ਼ੀ ਵਿਚ ਸਮਾਨਾਰਥਕ ਸ਼ਬਦ 'Culture' ਹੈ, ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਕਲਟਸ' ਤੋਂ ਬਣਿਆ ਹੈ, ਜਿਸ ਦਾ ਭਾਵ 'Cultivate' ਹੈ। ਖੇਤੀ ਤੋਂ ਲੈ ਕੇ ਵਿਅਕਤੀਗਤ ਸ਼ਖਸੀਅਤ ਦੀ ਸਾਧਨਾ ਇਸਦਾ ਵਿਕਾਸ ਹੈ। ਮਨ ਅਤੇ ਬੁੱਧੀ ਨੂੰ ਸਾਧਨਾ, ਚੰਗੀਆਂ ਆਦਤਾਂ ਪਾਉਣੀਆਂ, ਸ਼ਖਸ਼ੀਅਤ ਨੂੰ ਉੱਜਲ ਬਨਾਉਣਾ ਅਤੇ ਜ਼ਿੰਦਗੀ ਨੂੰ ਹੋਰ ਸੁਹਣਾ ਬਣਾਉਣ ਲਈ ਸਾਧਨ ਪੈਦਾ ਕਰਨੇ ਹੀ ਪ੍ਰਾਕ੍ਰਿਤਿਕ ਜੀਵ ਤੋਂ ਸੱਭਿਆਚਾਰਕ ਜੀਵ ਬਣਨਾ ਹੈ।

ਸਮਾਜ ਵਿਗਿਆਨੀਆਂ ਨੇ ਸੱਭਿਆਚਾਰ ਨੂੰ ਸਮਾਜਿਕ ਵਿਰਾਸਤ ਕਿਹਾ ਹੈ। ਔਗਬਰਨ ਅਤੇ ਨਿਮਕੋਫ (Ogburn and Nimkoff) ਨੇ ਆਪਣੀ ਕਿਤਾਬ 'A Handbook of Sociology' ਵਿਚ ਸੱਭਿਆਚਾਰ ਨੂੰ ਦੋ ਭਾਗਾਂ-ਪਦਾਰਥਕ ਅਤੇ ਅਪਦਾਰਥਕ ਵਿਚ ਵੰਡਿਆ ਹੈ। ਪਦਾਰਥਕ ਸੱਭਿਆਚਾਰ ਵਿਚ ਸਭ ਸਥੂਲ ਵਸਤਾਂ-ਘਰ, ਬਰਤਨ, ਔਜ਼ਾਰ, ਪਹਿਨਣ ਦੇ ਕੱਪੜੇ ਆਦਿ ਹਨ ਅਤੇ ਅਪਦਾਰਥਕ ਭਾਗ ਵਿਚ ਉਹ ਚੀਜ਼ਾਂ ਸ਼ਾਮਿਲ ਹਨ, ਜਿਨ੍ਹਾਂ ਦੇ ਪਿੱਛੇ ਲੁਕੇ ਵਿਚਾਰ, ਸੰਕਲਪ, ਚਿੰਤਨ ਅਤੇ ਕਾਰਜ ਦੇ ਢੰਗ, ਭਾਵਨਾਤਮਕ ਕ੍ਰਿਆਵਾਂ, ਭਾਸ਼ਾ, ਸਾਹਿਤ ਅਤੇ ਧਰਮ ਆਦਿ ਆਉਂਦਾ ਹੈ ਭਾਵ ਸੱਭਿਆਚਾਰ ਸਾਡੇ ਰਹਿਣ

ਅਤੇ ਸੋਚਣ ਦੇ ਤਰੀਕਿਆਂ ਵਿਚ, ਰੋਜ਼ ਦੀਆਂ ਅੰਤਰ ਕ੍ਰਿਆਵਾਂ ਵਿਚ, ਕਲਾ ਵਿਚ, ਧਰਮ ਵਿਚ, ਮਨੋਰੰਜਨ ਅਤੇ ਆਨੰਦ ਵਿਚ ਸਾਂਝੀ ਪ੍ਰਕ੍ਰਿਤੀ ਦਾ ਪ੍ਰਗਟਾਵਾ ਹੀ ਹੈ।

ਇਸ ਤਰ੍ਹਾਂ ਸੱਭਿਆਚਾਰ ਸੱਚਮੁੱਚ ਹੀ ਕਿਸੇ ਦੇਸ਼, ਕੌਮ ਅਤੇ ਜਨ ਸਮੂਹ ਦਾ ਜੀਵਨ ਢੰਗ ਹੈ, ਤਰਜ਼ੇ ਜ਼ਿੰਦਗੀ ਹੈ ਜਿਸ ਨੂੰ ਅੰਗ੍ਰੇਜ਼ੀ ਵਿਚ way of life ਵੀ ਕਿਹਾ ਜਾਂਦਾ ਹੈ। ਇਸ ਦੀ ਪਹੁੰਚ ਦਿਮਾਗ ਨਾਲੋਂ ਦਿਲ ਤੱਕ ਵਧੇਰੇ ਹੁੰਦੀ ਹੈ, ਬਲਕਿ ਇਹ ਤਾਂ ਦਿਮਾਗ ਤੱਕ ਵੀ ਜਜ਼ਬੇ ਰਾਹੀਂ ਹੀ ਪਹੁੰਚਦਾ ਹੈ। ਇਸ ਤਰ੍ਹਾਂ ਸੱਭਿਆਚਾਰ ਮਨੁੱਖ ਦੇ ਸਮਾਜਿਕ ਅਤੇ ਭਾਵਕ ਜੀਵਨ ਰਾਹੀਂ ਹੀ ਬੋਧਕਿਤਾ ਤੱਕ ਪਹੁੰਚਦਾ ਹੈ ਕਿਉਂਕਿ ਇਸਦਾ ਸੰਬੰਧ ਆਮ ਜਨਤਾ ਦੇ ਸਮੂਹ ਨਾਲ ਹੈ। ਇਸੇ ਲਈ ਸੱਭਿਆਚਾਰ ਦੇ ਪ੍ਰਗਟਾਅ ਦਾ ਮਾਧਿਅਮ ਲੋਕਯਾਨ ਹੀ ਬਣਦਾ ਹੈ, ਜਿਸ ਵਿੱਚ ਲੋਕਗੀਤ, ਲੋਕ-ਕਲਾਵਾਂ, ਲੋਕ ਵਿਸ਼ਵਾਸ, ਲੋਕ-ਧੰਦੇ, ਲੋਕ-ਬੋਲੀ, ਲੋਕ-ਸਾਜ਼, ਲੋਕ-ਮਨੋਰੰਜਨ ਅਤੇ ਲੋਕ-ਖੇਡਾਂ ਆਦਿ ਸਭ ਆ ਜਾਂਦੇ ਹਨ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਲੋਕ ਸੱਭਿਆਚਾਰ ਦਾ ਪ੍ਰਗਟਾਅ ਕਿਵੇਂ ਹੁੰਦਾ ਹੈ ਅਤੇ ਇਸ ਸੱਭਿਆਚਾਰ ਦੀ ਸੰਭਾਲ ਵਿਚ ਇਸਤਰੀ ਕੀ ਹਿੱਸਾ ਪਾ ਸਕਦੀ ਹੈ? ਇਹ ਹੀ ਇਸ ਲੇਖ ਦਾ ਵਿਸਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਿਸੇ ਵੀ ਪੱਖ ਤੋਂ ਅਧਿਅਨ ਕਰਨ ਸਮੇਂ ਇਹ ਸਮਝਣਾ ਜਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਲ ਰੂਪ ਵਿਚ ਅਧਿਆਤਮਕ ਗ੍ਰੰਥ ਹਨ। ਇਸ ਦੀ ਬਾਣੀ ਕਾਰ ਤੋਂ ਕਰਤਾਰ ਤੱਕ ਦਾ ਸਫਰ ਹੈ। ਡਾ. ਮਨਮੋਹਨ ਸਹਿਗਲ ਨੇ ਆਪਣੀ ਕਿਤਾਬ 'ਸ੍ਰੀ ਗੁਰੂ ਗ੍ਰੰਥ ਸਾਹਿਬ-ਇਕ ਸੱਭਿਆਚਾਰਕ ਸਰਵੇਖਣ' ਵਿਚ ਮਨੁੱਖੀ ਅਨੁਭਵਾਂ ਵਿਚ ਸਭ ਤੋਂ ਉਚਾ ਸਥਾਨ ਅਧਿਆਤਮਕਤਾ ਨੂੰ ਅਤੇ ਸਭ ਤੋਂ ਨੀਵਾਂ ਸਥਾਨ 'ਇੰਦ੍ਰੀਆਂ ਸੰਬੰਧੀ ਗਿਆਨ' ਨੂੰ ਦਿੱਤਾ ਹੈ, ਬਾਕੀ ਸਾਰ ਗਿਆਨ, ਵਿਗਿਆਨ ਅਤੇ ਹੋਰ ਸਥੂਲ ਵਸਤੂਆਂ ਸੰਬੰਧੀ ਗਿਆਨ, ਵਿਚਕਾਰ ਦੀ ਪੌੜੀ ਹੈ।

ਧਰਮ ਸੱਭਿਆਚਾਰ ਦੀਆਂ ਕੀਮਤਾਂ ਦੀ ਪ੍ਰਾਪਤੀ ਵਿਚ ਸਭ ਤੋਂ ਉੱਚਾ ਸਥਾਨ ਰੱਖਦਾ ਹੈ ਅਤੇ ਸਮਾਜਕ ਜੀਵਨ ਵਿਚ ਸੰਤੁਲਨ ਬਣਾਈ ਰੱਖਣ ਲਈ ਸਮੁੱਚੀਆਂ ਸੱਭਿਆਚਾਰਕ ਕੀਮਤਾਂ ਵਿਚ ਮੋਹਰੀ ਹੈ। ਅੰਗ੍ਰੇਜ਼ੀ ਦੇ ਕਵੀ T.S. Eliot ਅਨੁਸਾਰ :

"Culture and religion are two different aspects of the same thing; the culture being essentially the incarnation of the religion of the people" (Notes from Definition of Culture. Pg. 28)

ਭਾਵ : ਧਰਮ ਅਤੇ ਸੱਭਿਆਚਾਰ ਇਕੋ ਸਿੱਕੇ ਦੇ ਦੋ ਪਹਿਲੂ ਹਨ। ਅਸਲ ਵਿਚ ਸੱਭਿਆਚਾਰ ਧਰਮ ਦਾ ਅਨਿੱਖੜਵਾਂ ਅੰਗ ਹੈ। ਸੋ ਸੱਭਿਆਚਾਰ ਦਾ ਕਿਆਸ ਧਰਮ ਤੋਂ ਬਿਨਾਂ ਕੀਤਾ ਹੀ ਨਹੀਂ ਜਾ ਸਕਦਾ। ਹਰ ਕੌਮ ਦੇ ਸੱਭਿਆਚਾਰ, ਰੀਤਾਂ, ਰਸਮ-ਰਿਵਾਜਾਂ ਵਿਚ, ਉਹਨਾਂ ਦੇ ਵਿਸ਼ਵਾਸ ਭਾਵ ਧਰਮ, ਇਸ ਤਰ੍ਹਾਂ ਰਲ-ਗੱਡ ਹੋਏ ਹੁੰਦੇ ਹਨ, ਜਿਵੇਂ ਫੁੱਲ



ਵਿਚ ਸੁਗੰਧੀ। ਮਰਨੇ, ਪਰਨੇ ਅਤੇ ਜਨਮ ਸਮੇਂ ਦੇ ਰਿਵਾਜ ਅਤੇ ਹੋਰ ਸਮਾਜਕ ਮੌਕਿਆਂ - ਜਿਵੇਂ ਤਿਉਹਾਰ, ਮੇਲੇ, ਜੋ ਕਿਸੇ ਵੀ ਸੱਭਿਆਚਾਰ ਦਾ ਵਿਸੇਸ ਅੰਗ ਹੁੰਦੇ ਹਨ, ਧਰਮ ਦਾ ਮੁੱਢਲਾ ਯੋਗਦਾਨ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਧਰਮ ਅਤੇ ਸੱਭਿਆਚਾਰ ਇਕ-ਦੂਜੇ ਵਿਚ ਓਤ-ਪੋਤ ਹੋਏ ਪ੍ਰਤੱਖ ਨਜ਼ਰੀਂ ਪੈਂਦੇ ਹਨ। ਪੰਜਾਬ ਦਾ ਜੰਮਿਆ ਯੁਗ-ਪੁਰਸ਼ ਬਾਬਾ ਨਾਨਕ ਇਕ ਧਾਰਮਕ ਆਗੂ ਹੁੰਦੇ ਹੋਏ, ਬਾਣੀ ਵਿਚ ਅਧਿਆਤਮਕ ਭਾਵਾਂ ਨੂੰ ਸੱਭਿਆਚਾਰਕ ਲੋਕ ਧਾਰਾ ਵਿਚ ਪ੍ਰਗਟ ਕਰਕੇ, ਪੰਜਾਬ ਦੇ ਸੱਭਿਆਚਾਰ ਦਾ ਅਟੁੱਟ ਅੰਗ ਬਣ ਗਿਆ। ਲੋਕਧਾਰਾ ਨੇ ਵੀ ਬਾਬੇ ਨੂੰ ਇੰਝ ਅਪਣਾਇਆ ਕਿ ਬਾਬੇ ਤੋਂ ਬਿਨਾਂ ਪੰਜਾਬ ਦਾ ਸੱਭਿਆਚਾਰ ਕਿਆਸਿਆ ਹੀ ਨਹੀਂ ਜਾ ਸਕਦਾ। ਬਾਬਾ ਹਰ ਵਿਹੜੇ ਦਾ ਸ਼ਿੰਗਾਰ ਬਣ ਗਿਆ। ਅਨੇਕਾਂ ਹੀ ਲੋਕ ਗੀਤਾਂ ਵਿਚ ਬਾਬੇ ਦਾ ਜ਼ਿਕਰ ਇਵੇਂ ਹੋਣ ਲੱਗਾ, ਜਿਵੇਂ ਉਹ ਪਰਿਵਾਰ ਦਾ ਮੈਂਬਰ ਹੀ ਹੋਵੇ। ਸੱਚ ਤਾਂ ਇਹ ਹੈ ਕਿ 'ਬਾਬਾ' ਸ਼ਬਦ ਹੀ ਪਰਿਵਾਰ ਦੇ ਵਡੇਰੇ ਲਈ ਵਰਤਿਆ ਜਾਂਦਾ ਹੈ। ਬਾਬਾ ਸਾਰੇ ਪੰਜਾਬੀਆਂ ਦਾ ਵੱਡਾ-ਵਡੇਰਾ ਬਣ ਗਿਆ। ਬਾਬੇ ਦੀ ਬਾਬਰ ਦੇ ਨਾਲ ਮੁਲਾਕਾਤ ਇਕ ਪੁਰਾਣੇ ਲੋਕ-ਗੀਤ ਵਿਚ, ਇਸ ਤਰਾਂ ਸਮਾਈ ਹੋਈ ਹੈ :

ਤਕਿਆ ਮੈ ਬਾਬਰ ਦੇ ਦਰਬਾਰ, ਇਕ ਮਸਤਾਨਾ ਜੋਗੀ।<br>
ਬਾਲਾ ਮਰਦਾਨਾ ਉਹਦੇ ਨਾਲ, ਇਕ ਮਸਤਾਨਾ ਜੋਗੀ।<br>
ਬਾਬਰ ਦੀ ਜੇਲ ਵਿਚ, ਚੱਕੀ ਸੀ ਪੀਸਦਾ<br>
ਚੱਕੀਆਂ ਕਰਨ ਸਤਿ ਕਰਤਾਰ, ਇਕ ਮਸਤਾਨਾ ਜੋਗੀ

ਅਤੇ

ਬਾਬੇ ਨਾਨਕ ਦਾ ਘਰ ਕਿਹੜਾ, ਜਿਹਦਾ ਉਚਾ ਵਿਹੜਾ

ਸ਼ਾਇਦ ਹੀ ਕਿਸੇ ਹੋਰ ਧਰਮ ਦਾ ਬਾਨੀ, ਇਸ ਤਰ੍ਹਾਂ ਪਰਵਾਰਿਕ ਮੈਂਬਰ ਬਣ, ਲੋਕ-ਚੇਤਨਾਂ ਦਾ ਅਟੁੱਟ ਹਿੱਸਾ ਬਣ ਸਕਿਆ ਹੋਵੇ। ਕਿਸੇ ਹਿੰਦੂ ਜਾਂ ਮੁਸਲਮਾਨ ਲਈ ਉਹ ਕੇਵਲ ਅਤੇ ਕੇਵਲ ਬਾਬਾ ਹੈ। ਪਰਿਵਾਰ ਦਾ ਵੱਡਾ-ਵਡੇਰਾ, ਜਿਸ ਦੇ ਨਾਮ ਨਾਲ ਉਹ ਜੀਊਦੇ ਹਨ।

ਪੰਜਾਬ ਹਿੰਦੂ ਨ ਮੁਸਲਮਾਨ<br>
ਪੰਜਾਬ ਜੀਊਂਦਾ ਗੁਰਾਂ ਦੇ ਨਾਮ ਤੇ। (ਪ੍ਰੋ.ਪੂਰਨ ਸਿੰਘ)

ਉਹ ਸੱਭਿਆਚਾਰ ਜੋ ਖੱਤ੍ਰੀ, ਬ੍ਰਾਹਮਣ, ਸੂਦ ਅਤੇ ਵੈਸ਼ ਦੇ ਚਾਰ ਪੱਕੇ, ਨਾ ਟੁੱਟ ਸਕਣ ਵਾਲੇ ਕਿਲ੍ਹਿਆਂ ਵਿਚ ਸੀਲ ਬੰਦ ਸੀ ਅਤੇ ਕਿਸੇ ਇਕ ਕਿਲ੍ਹੇ ਦੇ ਮੈਂਬਰ ਦੀ ਦੂਜੇ ਕਿਲ੍ਹੇ ਵਿਚ ਆਮਦ ਕਿਆਸੀ ਹੀ ਨਹੀਂ ਜਾ ਸਕਦੀ ਸੀ, ਉਥੇ ਬਾਬੇ ਨੇ ਸਾਰੇ ਕਿਲ੍ਹਿਆਂ ਦੀਆਂ ਦੀਵਾਰਾਂ ਤੋੜ ਕੇ ਸਾਰੀ ਲੁਕਾਈ ਨੂੰ '**ਏਕ ਪਿਤਾ ਏਕਸ ਕੇ ਹਮ ਬਾਰਿਕ**' ਦੇ ਅਸਲੀ ਅਰਥ ਸਮਝਾ '**ਚਾਰ ਵਰਣ ਇਕ ਵਰਣ**' ਕਰ ਦਿੱਤਾ।

ਇਹ ਕਰਾਮਾਤ ਇਸ ਲਈ ਸੰਭਵ ਹੋ ਸਕੀ ਕਿ ਬਾਬੇ ਨੇ ਧਰਮ ਨੂੰ ਖੁਸ਼ਕ ਦਾਰਸ਼ਨਿਕਤਾ ਰਾਹੀਂ ਨਹੀਂ, ਸਗੋਂ ਲੋਕ ਧਾਰਾਈ ਸੱਭਿਆਚਾਰਕ ਜਜ਼ਬੇ ਵਿਚ ਗੁੰਨ੍ਹ ਕੇ, ਸਾਰੀ ਲੁਕਾਈ ਨੂੰ ਧਰਮ ਦਾ ਤੱਤ ਸਮਝਾ ਕੇ, ਉਨ੍ਹਾਂ ਦੀ ਰੂਹ ਦਾ ਇਕ ਅੰਗ ਬਣਾ ਦਿੱਤਾ।

ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ
ਜੀਵਨ ਬਿਜਲੀਆਂ ਦੇ ਅਸਗਾਹ ਦਰਿਆ ਵਗ ਉਠੇ।
ਝਨਾ ਅਤੇ ਰਾਵੀ ਤੇ ਸਤਲੁਜ ਤੇ ਬਿਆਸ
ਤੇ ਜਿਹਲਮ ਤੇ ਅਟਕ ਸਭ ਬੋਲ ਉਠੇ।
ਗੁਰੂ ਦਾ ਜਪੁ ਜੀ ਸਾਹਿਬ ਗਾਉਂਦੇ।
ਇਉਂ ਅਥਾਹ ਪ੍ਰਵਾਹ ਹੋਇਆ
ਸੁੱਕਾ ਨਾ ਰਿਹਾ ਕੋਈ ਥਾਂ
ਹਿੰਦੂ ਮੁਸਲਮਾਨ ਪੰਛੀ ਪਸ਼ੂ
ਆਦਮੀ ਸਭ ਭਿੱਜਿਆ
ਡੁੱਬਿਆ ਅੰਮ੍ਰਿਤ ਉਸ ਨਿਗਾਹ ਵਿਚ (ਪ੍ਰੋ . ਪੂਰਨ ਸਿੰਘ)

ਬਾਬੇ ਨੇ ਲੋਕਧਾਰਾ ਅਤੇ ਅਧਿਆਤਮਕਤਾ ਨੂੰ ਇਕ-ਦੂਜੇ ਵਿਚ ਗੜੂੰਦ ਕਰਕੇ, ਇਕ ਅਧਿਆਤਮਕ ਅਤੇ ਸੱਭਿਆਚਾਰਕ ਕ੍ਰਾਂਤੀ ਲੈ ਆਂਦੀ। ਗੁਰੂਆਂ ਦੀ ਬਾਣੀ ਦੇ ਬਹੁਤ ਸਾਰੇ ਕਾਵਿ ਰੂਪਾਂ ਦਾ ਸਰੂਪ ਉਹੀ ਹੈ, ਜੋ ਉਸ ਸਮੇਂ ਸਮਾਜ ਵਿਚ ਪ੍ਰਚੱਲਿਤ ਸੀ। ਬਹੁਤ ਸਾਰੇ ਮੁਹਾਵਰੇ ਗੁਰਬਾਣੀ ਵਿਚ, ਉਸੇ ਤਰ੍ਹਾਂ ਹੀ ਵਰਤੇ ਗਏ ਹਨ - ਜਿਵੇਂ ਉਹ ਲੋਕਧਾਰਾ ਵਿਚ ਮਕਬੂਲ ਸਨ ਅਤੇ ਜੋ ਨਵੇਂ ਸਿਰਜੇ ਗਏ, ਉਹ ਵੀ ਲੋਕਾਂ ਦੇ ਮੂੰਹ ਤੇ ਇਵੇਂ ਚੜ੍ਹ ਗਏ - ਜਿਵੇਂ ਉਹ ਸਦੀਆਂ ਤੋਂ ਸੁਣਦੇ ਆ ਰਹੇ ਹੋਣ :

**ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੪੭੪)

**ਕੰਧੀ ਉਤੈ ਰੁਖੜਾ ਕਿਚਰਕ ਬੰਨੈ ਧੀਰ॥**
**ਫਰੀਦਾ ਕਚੈ ਭਾਡੈ ਰਖੀਐ ਕਿਚਰੁ ਤਾਈ ਨੀਰੁ॥** (ਅੰਗ: ੧੩੮੨)

**ਜੋ ਤੁਧੁ ਭਾਵੈ ਸਾਈ ਭਲੀ ਕਾਰ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪)

**ਵਰਮੀ ਮਾਰੀ ਸਾਪੁ ਨ ਮੂਆ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੪੮)

**ਮਨਿ ਜੀਤੈ ਜਗੁ ਜੀਤੁ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭)

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੭੦)

**ਟੂਟਿ ਪਰੀਤਿ ਗਈ ਬੁਰ ਬੋਲਿ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੯੩੩)

ਗੁਰੂ ਸਾਹਿਬ ਦੀ ਚੇਤਨਾ ਅਤੇ ਸੰਵੇਦਨਾ ਲੋਕ ਭਾਸ਼ਾ ਵਾਲੀ ਹੈ। ਗੁਰਬਾਣੀ ਵਿਚ 'ਵਕਤ' ਲਈ 'ਵਖਤ', 'ਪੁਲਸਰਾਤ' ਲਈ 'ਪੁਰਸਲਾਤ' ਆਦਿ ਲੌਕਿਕ ਰੂਪ ਲੋਕ ਸੱਭਿਆਚਾਰ ਨਾਲ ਨੇੜਤਾ ਪੈਦਾ ਕਰਨ ਦਾ ਯਤਨ ਕਰਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ



ਸਾਰੀ ਸ਼ਬਦਾਵਲੀ ਉਹ ਵਰਤੀ ਗਈ ਹੈ, ਜੋ ਲੋਕ ਮਨ ਵਿਚ ਘਰ ਕਰਨ ਦੇ ਸਮਰੱਥ ਹੋ ਸਕੇ। ਮੂਲ ਰੂਪ ਵਿਚ ਅਧਿਆਤਮਕ ਅਤੇ ਦਾਰਸ਼ਨਿਕ ਹੁੰਦਿਆਂ ਵੀ ਕੁਝ ਵਿਸੇਸ਼ ਇਲਾਕਾਈ ਸ਼ਬਦਾਂ ਦਾ ਪ੍ਰਯੋਗ ਬਾਣੀ ਨੂੰ ਆਮ ਜਨਤਾ ਦੇ ਸਮਝਣ ਯੋਗ ਬਣਾ ਦੇਂਦਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਤੁਰਕੀ ਅਤੇ ਮਰਾਠੀ ਆਦਿ ਭਾਸ਼ਾਵਾਂ ਦੇ ਸ਼ਬਦ ਇਸ ਤਰੀਕੇ ਨਾਲ ਵਰਤੇ ਕਿ ਉਹਨਾਂ ਦਾ ਸੁਭਾਅ ਪੰਜਾਬੀ ਬਣ ਗਿਆ। ਆਪ ਪੰਜਾਬੀ ਸੱਭਿਆਚਾਰ ਨੂੰ ਸ਼ਿੱਦਤ ਨਾਲ ਪ੍ਰਭਾਵਿਤ ਕਰਨਾ ਲੋਚਦੇ ਸਨ। ਇਸੇ ਲਈ ਪੰਜਾਬੀ ਸੱਭਿਆਚਾਰ ਦੇ ਹਰ ਪ੍ਰਚੱਲਤ ਲੋਕ ਰੂਪ ਨੂੰ ਉਹਨਾਂ ਗੁਰਬਾਣੀ ਵਿਚ ਕੇਵਲ ਸਵੀਕਾਰਿਆ ਹੀ ਨਹੀਂ ਬਲਕਿ ਸਤਿਕਾਰਿਆ ਵੀ। ਲੋਕ ਰੂਪਾਂ ਦਾ ਉਦਾਤੀਕਰਣ ਕਰਕੇ ਪੰਜਾਬੀ ਸੱਭਿਆਚਾਰ ਨੂੰ ਨੀਵੀਂ ਥਾਂ ਤੋਂ ਚੁੱਕ ਕੇ ਇਸਨੂੰ ਉਚੀ ਥਾਂ ਤੇ ਬਿਠਾ ਦਿੱਤਾ।

ਵਿਆਹ ਸਮੇਂ ਪੜ੍ਹੇ ਜਾਂਦੇ ਛੰਦ, ਮੌਤ ਸਮੇਂ ਪੜ੍ਹੀਆਂ ਜਾਂਦੀਆਂ ਅਲਾਹਣੀਆਂ ਸਦ ਆਦਿ, ਰੁੱਤਾਂ ਥਿਤਾਂ ਨਾਲ ਸੰਬੰਧ ਰੱਖਣ ਵਾਲੇ ਪਹਿਰੇ, ਦਿਨ ਰੈਣ, ਸਤਵਾਰੇ ਬਾਰਹਮਾਹ ਅਤੇ ਹੋਰ ਕਾਵਿ ਰੂਪ, ਪਟੀ, ਵਾਰਾਂ, ਕਰਹਲੇ, ਬਿਰਹੜੇ, ਫੁਨਹੇ ਆਦਿ ਲੋਕ ਰੂਪਾਂ ਵਿਚ ਬਾਣੀ ਰਚੀ। ਪ੍ਰਚੱਲਤ ਲੋਕ ਧੁਨੀਆਂ ਜਿਵੇਂ **'ਟੁੰਡੇ ਅਸਰਾਜੇ ਕੀ ਧੁਨੀ', 'ਲਲਾ ਬਹਿਲੀਮਾਂ ਦੀ ਧੁਨੀ'** ਆਦਿ, ਜੋ ਉਸ ਸਮੇਂ ਦੀਆ ਵਾਰਾਂ ਵਿਚ ਆਮ ਵਰਤੀਆਂ ਜਾਂਦੀਆਂ ਸਨ, ਦਾ ਵੀ ਉਦਾਤੀਕਰਣ (Sublimation) ਕਰਕੇ, ਇਹਨਾਂ ਧੁਨੀਆਂ ਨੂੰ ਅਧਿਆਤਮਕ ਰੰਗਣ ਦੇ ਕੇ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਨੂੰ ਲੋਕ ਚੇਤਨਾ ਦਾ ਅਟੁੱਟ ਅੰਗ ਬਣਾ ਦਿੱਤਾ।

ਕੋਈ ਵੀ ਕਵੀ, ਸਾਹਿਤਕਾਰ ਉਨ੍ਹੀ ਦੇਰ ਤਕ ਲੋਕਾਂ ਵਿਚ ਮਕਬੂਲ ਨਹੀਂ ਹੋ ਸਕਦਾ, ਜਿੰਨ੍ਹੀ ਦੇਰ ਤਕ ਉਹ ਜਨਮਾਨਸ ਦੀ ਚੇਤਨਾ ਨੂੰ ਨਹੀਂ ਟੁੰਬਦਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅੰਦਰਲੇ ਸਾਹਿਤਕਾਰ ਨੇ ਜਨ ਚੇਤਨਾ ਨਾਲ ਜੁੜੇ ਹਰ ਪਹਿਲੂ ਨੂੰ ਸੰਬੋਧਨ ਕੀਤਾ ਹੈ।

ਨੂੰਹ ਸੱਸ ਦੀ ਤਕਰਾਰ, ਸਖੀਆਂ ਸਹੇਲੀਆਂ ਦੀ ਅਪਣੱਤ, ਦਿਉਰ ਜੇਠ ਦੇ ਰਿਸ਼ਤੇ ਵਿਚਲਾ ਸੱਚ, ਸਾਵਣ ਦੇ ਮਹੀਨੇ ਵਿਚ ਦੁਲਹਨ ਦਾ ਬਿਰਹਾ, ਆਦਿ ਪੰਜਾਬੀ ਸੱਭਿਆਚਾਰ ਦੇ ਅਟੁੱਟ ਅੰਗ ਹਨ। ਇਹਨਾਂ ਭਾਵਨਾਵਾਂ ਨੂੰ ਅਧਿਆਤਮਕ ਰੰਗਣ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਣਦਾ ਥਾਂ ਦਿੱਤਾ ਗਿਆ।

**ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: ੩੫੫)

**ਸਸੂ ਤੇ ਪਿਰਿ ਕੀਨੀ ਵਾਖਿ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ॥**
**ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੭੦)

**ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥**
**ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੮੨)

**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੯੨)

ਇਸਤਰੀ ਦੀ ਪਿਆਰੇ ਦੇ ਸੁਹੱਪਣ ਤੇ ਮੋਹਿਤ ਹੋਣ ਦੀ ਤੀਬਰ ਇੱਛਾ ਵੀ ਪਰਗਟ ਹੈ :

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੁਹਣੇ ਨਕ ਜਿਨ ਲੰਮੜੇ ਵਾਲਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੬੭)

ਸੁਹਾਗਣ ਇਸਤਰੀ ਦਾ ਪਤੀ ਨੂੰ ਮਿਲਣ ਲਈ ਤਿਆਰ ਹੋਣਾ ਅਤੇ ਸ਼ਿੰਗਾਰ ਕਰਨ ਆਦਿ ਨੂੰ ਅਧਿਆਤਮਕ ਰੰਗਣ ਦੇ ਕੇ ਉਚ ਦਰਜੇ ਦਾ ਬਣਾਇਆ ਹੈ। ਇਸ ਪ੍ਰਤੀ ਨਾਂਹਵਾਦੀ ਪਹੁੰਚ ਨਹੀਂ ਰਖੀ :

**ਬਸਤ੍ਰ ਹਮਾਰੇ ਰੰਗਿ ਚਲੂਲ॥ ਸਗਲ ਆਭਰਣ ਸੋਭਾ ਕੰਠਿ ਫੂਲ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੭੨)

**ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ**
**ਤਿਸੁ ਬਣਿਆ ਹਭ ਸੀਗਾਰੁ ਸਾਈ ਸੋਹਾਗਣੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੯੨)

**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ**
**ਹਰਿਹਾ ਕੰਤੈ ਬਾਝੁ ਸੀਗਾਰੁ ਸਭ ਬਿਰਥਾ ਜਾਈਐ**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੬੧)

ਪਤਨੀ ਦੀ ਪਤੀ ਲਈ ਤੀਬਰਤਾ :

**ਮੈ ਰੋਵੰਦੀ ਸਭ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥**
**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੬੩੨) (sI gurU gRMQ swihb, AMg: 59)

(sI gur gRMQ swihb, AMg: 492)

ਮਾਂ ਦੇ ਬੱਚੇ ਪ੍ਰਤੀ ਪਿਆਰ ਨੂੰ ਮੋਹ ਦੀ ਨੀਵੀਂ ਮਾਨਸਿਕ ਅਵਸਥਾ ਕਹਿ ਕੇ ਨਕਾਰਿਆ ਨਹੀਂ ਸਗੋਂ ਇਸਨੂੰ ਪਿਆਰ ਦਾ ਆਦਰਸ਼ ਬਣਾ ਭਗਤਾਂ ਦੇ ਸਾਹਮਣੇ ਰੱਖਿਆ ਹੈ :

**ਹਮਰੇ ਪਿਤਾ ਗੋਪਾਲ ਦਇਆਲ ॥**
**ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥੧॥ ਰਹਾਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੬੮੦)

ਲੋਕ ਕਲਾ ਦੇ ਅੱਡ-ਅੱਡ ਰੂਪਾਂ ਬਾਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ। ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਭਵਨ ਦਾ ਅਨੂਠਾ ਨਮੂਨਾ ਹੈ। ਦਰਬਾਰ ਸਾਹਿਬ ਦੀਆਂ ਦੀਵਾਰਾਂ ਤੇ ਹੋਈ ਚਿਤ੍ਰਕਾਰੀ ਗੁਰੂ ਸਾਹਿਬ ਦੀ ਸੂਹਜ ਦ੍ਰਿਸ਼ਟੀ ਦੀ ਪ੍ਰਤੱਖ ਮਿਸਾਲ ਹੈ। '**ਮੋਤੀ ਤ ਮੰਦਰ ਉਸਰਹਿ**' ਸ਼ਬਦ ਵਿਚ ਮੋਤੀਆਂ ਦੇ ਰਤਨਾਂ ਨਾਲ ਜੁੜੇ ਸੁੰਦਰ



ਭਵਨਾਂ ਨੂੰ ਨਿੰਦਿਆ ਨਹੀਂ ਗਿਆ ਸਗੋਂ ਉਦਾਰਵਾਦੀ ਤੇ ਹਾਂ-ਪੱਖੀ ਪਹੁੰਚ ਰੱਖ ਕੇ ਮਨੁੱਖ ਨੂੰ ਚੇਤੰਨ ਕੀਤਾ ਗਿਆ ਹੈ :

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੪)

ਇਸੇ ਤਰ੍ਹਾਂ ਲੋਕ ਮਨੋਰੰਜਨ ਅਤੇ ਹੋਰ ਖੇਡਾਂ ਬਾਰੇ ਵੀ ਗੁਰਬਾਣੀ ਦੀ ਪਹੁੰਚ ਨਾਂਹ-ਪੱਖੀ ਨਹੀਂ।

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੨੨)

**ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥**
**ਰਬਾਬੁ ਪਖਾਵਜ ਤਾਲ ਘੁੰਗਰੂ ਅਨਹਦ ਸਬਦੁ ਵਜਾਵੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੮੧)

**ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥**
**ਸਭ ਹੋਈ ਛਿੰਞ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥**
**ਵਾਤ ਵਜਨਿ ਟੰਮਕ ਭੇਰੀਆ**
**ਮਲ ਲਥੇ ਲੈਦੇ ਫੇਰੀਆ**
**ਨਿਹਤੇ ਪੰਜਿ ਜੁਆਨ ਮੈ**
**ਗੁਰ ਥਾਪੀ ਦਿਤੀ ਕੰਡਿ ਜੀਉ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੪)

**ਕਰਮ ਧਰਮ ਤੁਮ ਚਉਪੜਿ ਸਾਜਹ ਸਤੁ ਕਰਹੁ ਤੁਮ ਸਾਰੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੧੮੫)

**ਆਜੁ ਹਮਾਰੈ ਮੰਗਲਚਾਰ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੧੮੦)

ਖੇਡਾਂ ਗੁਰੂ ਸਾਹਿਬ ਦੇ ਜੀਵਨ ਦਾ ਅਨਿੱਖੜਵਾਂ ਅੰਗ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਲਗਾਏ ਜਾਂਦੇ ਮੱਲ ਅਖਾੜੇ ਸਿੱਖ ਇਤਿਹਾਸ ਦਾ ਹਿੱਸਾ ਹਨ। ਰੰਗ-ਰਲੀਆਂ ਮਾਨਣਾ ਆਮ ਤੌਰ ਤੇ ਨਾਂਹਵਾਚੀ ਭਾਵ ਵਿਚ ਵਰਤਿਆ ਜਾਂਦਾ ਹੈ। ਪਰ ਇਸ ਨਾਂਹਵਾਚੀ ਮੁਹਾਵਰੇ ਨੂੰ ਵੀ ਅਧਿਆਤਮਕ ਰੰਗਣ ਦੇ ਕੇ ਗੁਰੂ ਸਾਹਿਬ ਨੇ ਉਚਿਆ ਦਿੱਤਾ ਹੈ :

**ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੫੧)

**ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੯੩)

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥ ਮਾਨੈ ਹੁਕਮੁ ਤਜੈ ਅਭਿਮਾਨੈ॥**
**ਪ੍ਰਿਅ ਸਿਉ ਰਾਤੀ ਰਲੀਆ ਮਾਨੈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੩੭)

ਛਤੀਹ ਪ੍ਰਕਾਰ ਦੇ ਭੋਜਨ ਤੋਂ ਮਨਾਹੀ ਨਹੀਂ। ਕੇਵਲ ਇਕ ਸ਼ਰਤ ਹੈ :

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥**
**ਤਿਸੁ ਠਾਕੁਰ ਕਉ ਰਖੁ ਮਨ ਮਾਹਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੨੬੯ )

ਬੇਸ਼ਕ ਇਹ ਵੀ ਸੱਚ ਹੈ ਕਿ ਪ੍ਰਭੂ ਦੇ ਪਿਆਰ ਵਿਚ :

**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ॥**
**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੯੩)

ਮਿਥ ਅਤੇ ਪੌਰਾਣਿਕ ਕਥਾਵਾਂ ਕਿਸੇ ਵੀ ਸੱਭਿਆਚਾਰਕ ਵਰਤਾਰੇ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ ਅਤੇ ਉਸ ਦੀ ਵਿਸਾਲਤਾ ਦਾ ਚਿੰਨ੍ਹ ਵੀ। ਸਮਾਜਿਕ ਅਤੇ ਧਾਰਮਿਕ ਜੀਵਨ ਵਿਚ ਮਿਥ ਦਾ ਵਿਸੇਸ਼ ਮਹੱਤਵ ਹੈ। ਮਨੁੱਖ ਦਾ ਸਾਰਾ ਮਿਥ ਸਿਰਜਣ, ਉਸਦੇ ਆਲੇ-ਦੁਆਲੇ ਪਸਰੇ ਯਥਾਰਥ ਨੂੰ ਸਮਝਣ ਅਤੇ ਸਮਝਾਉਣ ਦੇ ਉਦੇਸ਼ ਨਾਲ ਬਣਿਆ ਹੈ। ਮਿਥ ਅਤੇ ਪੌਰਾਣਿਕ ਕਥਾਵਾਂ ਪੰਜਾਬ ਦਾ ਸੱਭਿਆਚਾਰਕ ਵਿਰਸਾ ਹੈ। ਇਸ ਲਈ ਗੁਰੂ ਸਾਹਿਬ ਨੇ ਲੋਕ ਵਿਸ਼ਵਾਸ ਨੂੰ ਸੱਟ ਮਾਰੇ ਬਿਨਾਂ ਇਹਨਾਂ ਦੇ ਅਰਥਾਂ ਦਾ ਵਿਸਤਾਰ ਕਰਕੇ ਮਨੁੱਖ ਨੂੰ ਅਧਿਆਤਮਕਤਾ ਦੇ ਤੱਤ ਤਕ ਪਹੁੰਚਾਇਆ ਹੈ। ਗੁਰਬਾਣੀ ਵਿਚ ਅਜਿਹੇ ਪੌਰਾਣਿਕ ਹਵਾਲਿਆਂ ਦੀ ਭਰਮਾਰ ਹੈ :

**ਰੋਵੈ ਰਾਮ ਨਿਕਾਲਾ ਭਇਆ ਸੀਤਾ ਲਛਮਣ ਵਿਛੁੜਿ ਗਇਆ॥**

**ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥**

**ਸਨਕ ਸਨੰਦ ਮਹੇਸ ਸਮਾਨਾਂ ਸੇਖਨਾਗਿ ਤੇਰੋ ਮਰਮੁ ਨ ਜਾਨਾਂ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੬੯੧)

ਗੁਰਬਾਣੀ ਵਿਚ ਪ੍ਰਮਾਤਮਾ ਦੇ ਅਨੇਕਾਂ ਪੌਰਾਣਿਕ ਅਤੇ ਮੁਸਲਮਾਨੀ ਨਾਮ ਦਰਜ ਹਨ ਕਿਉਂਕਿ ਮੰਤਵ ਸ੍ਰੋਤਿਆਂ ਦੇ ਦਿਲਾਂ ਤੇ ਡੂੰਘਾ ਅਸਰ ਕਰਨਾ ਸੀ। ਇਸ ਤਰ੍ਹਾਂ ਗੁਰਬਾਣੀ ਆਪਣੇ ਸੱਭਿਆਚਾਰਕ ਵਿਰਸੇ ਨਾਲੋਂ ਟੁੱਟਦੀ ਨਹੀਂ, ਸਗੋਂ ਲੋਕ ਮਾਨਸਿਕਤਾ ਨਾਲ ਜੁੜੇ ਪਾਤਰਾਂ ਦੇ ਸ਼ਬਦਾਂ ਵਿਚ ਜਾ ਕੇ ਉਹਨਾਂ ਦੀ ਅਸਲੀਅਤ ਦ੍ਰਿੜਾ ਕੇ ਜੱਗ ਵਾਸੀਆਂ ਨੂੰ ਤੱਤ ਨਾਲ ਜੋੜਦੀ ਹੈ। ਭਗਤੀ ਤੇ ਸਤਿਸੰਗ ਨਾਲ ਜੋੜਨ ਲਈ ਗੁਰੂ ਸਾਹਿਬ ਅਮੀਰ ਲੋਕ ਵਿਰਸੇ ਨੂੰ ਇਸ ਤਰ੍ਹਾਂ ਵਰਤਦੇ ਹਨ:-



**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੩੪)

ਭਾਵ - ਬ੍ਰਹਮਾ, ਬਿਸਨ, ਮੁਨੀ ਤੇ ਇੰਦਰ ਆਦਿ ਵੀ ਅਧੂਰੇ ਹਨ ਤਾਂ ਹੀ ਤਾਂ ਭਗਤੀ ਦਾ ਦਾਨ ਮੰਗਦੇ ਹਨ। ਇਸ ਤਰ੍ਹਾਂ ਗੁਰਬਾਣੀ ਵਿਚ ਗੁਰੂ ਸਾਹਿਬ ਨੇ ਲੋਕ ਕਾਵਿ ਪਰੰਪਰਾ ਨੂੰ ਅਪਣਾਇਆ ਹੈ ਕਿਉਂਕਿ ਇਹ ਰੂਪ ਸਮਾਜਕ ਸੱਭਿਆਚਾਰ ਵਿਚੋਂ ਉਪਜੇ ਹੋਣ ਕਰਕੇ ਅਧਿਆਤਮਕਤਾ ਨੂੰ ਸਮਾਜਿਕਤਾ ਰਾਹੀਂ ਪ੍ਰਗਟਾਉਣ ਦੇ ਸਮੱਰਥ ਸਨ। ਲੋਕ ਮਨ ਅਧਿਆਤਮ ਦੇ ਰਹੱਸਾਂ ਨੂੰ ਦ੍ਰਿਸ਼ਟਮਾਨ ਜਗਤ ਵਿਚੋਂ ਉਦਾਹਰਣਾਂ ਨਾਲ ਜਿਆਦਾ ਚੰਗੀ ਤਰ੍ਹਾਂ ਸਮਝ ਸਕਦੇ ਹਨ।

ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ ਕੋਈ ਰਚਨਾ ਜਿੰਨੀ ਵਡੇਰੀ ਮਾਤਰਾ ਵਿਚ ਲੋਕ ਤੱਤ ਨਾਲ ਓਤ ਪੋਤ ਹੋਵੇ ਉਨ੍ਹਾਂ ਹੀ ਉਹ ਜੀਵਨ ਵਿੱਚ ਰਸੀ ਹੋਈ ਅਤੇ ਸਜੀਵ ਹੋਵੇਗੀ ਅਤੇ ਉਤਨੀ ਹੀ ਵਧੇਰੇ ਮਕਬੂਲ ਹੋਵੇਗੀ।

ਗੁਰਬਾਣੀ ਦੇ ਸੰਦਰਭ ਵਿਚ ਇਹ ਪਰਮ ਸੱਚ ਪ੍ਰਤੀਤ ਹੁੰਦਾ ਹੈ। ਪੰਜ ਸੌ ਵਰ੍ਹਿਆਂ ਤੋਂ ਵੀ ਵਧੀਕ ਸਮਾਂ ਪਹਿਲਾਂ ਲਿਖੀ ਹੋਈ ਬਾਣੀ ਅੱਜ ਵੀ ਉਤਨੀ ਹੀ ਸਜੀਵ ਹੈ ਅਤੇ ਹਰ ਮੱਤ ਦੇ ਅਧਿਆਤਮਕ ਰਾਹ ਦੇ ਪੰਧਾਊਆਂ ਦਾ ਧਿਆਨ ਆਪਣੇ ਵੱਲ ਖਿਚਦੀ ਹੈ। ਗੁਰੂ ਸਾਹਿਬ ਨੇ ਸੱਭਿਆਚਾਰ ਦੇ ਹਥਿਆਰ ਨਾਲ ਇਕ ਅਜਿਹੀ ਅੰਦਰੂਨੀ ਕ੍ਰਾਂਤੀ ਲਿਆਂਦੀ ਜਿਸ ਤੇ ਅੱਜ ਵੀ ਮਾਣ ਕੀਤਾ ਜਾ ਸਕਦਾ ਹੈ।

ਹੁਣ ਦੇਖਣਾ ਹੈ ਕਿ ਜਿਸ ਸੱਭਿਆਚਾਰ, ਲੋਕਯਾਨ ਅਤੇ ਲੋਕ ਬੋਲੀ ਰਾਹੀਂ, ਗੁਰੂ ਸਾਹਿਬ ਨੇ ਆਮ ਮਨਾਂ ਵਿਚ ਥਾਂ ਬਣਾ ਕੇ ਉਨ੍ਹਾਂ ਦੀ ਮਾਨਸਿਕਤਾ ਵਿਚ ਅਜਿਹਾ ਅੰਦਰੂਨੀ ਇਨਕਲਾਬ ਲੈ ਆਂਦਾ ਕਿ ਦੇਸ਼ ਅਤੇ ਕੌਮ ਦੀ ਨੁਹਾਰ ਹੀ ਬਦਲ ਗਈ, ਅੱਜ ਕਿੱਥੇ ਖੜਾ ਹੈ ? ਉਹ ਲੋਕ ਰੂਪ ਜਿਨ੍ਹਾਂ ਦਾ ਉਦਾਤੀਕਰਣ ਕਰਕੇ ਗੁਰੂ ਸਾਹਿਬ ਨੇ ਅਧਿਆਤਮਕ ਕ੍ਰਾਂਤੀ ਲਿਆਂਦੀ ਅੱਜ ਕਿੱਥੇ ਹਨ ?

ਅੱਜ ਵਪਾਰੀਕਰਣ ਦੇ ਜਮਾਨੇ ਵਿਚ ਸੱਭਿਆਚਾਰ ਦਾ ਵੀ ਵਪਾਰੀਕਰਣ ਹੋ ਗਿਆ ਹੈ। ਉਹ ਲੋਕ ਸੰਗੀਤ ਅਤੇ ਬੋਲੀਆਂ, ਜੋ ਆਮ ਲੋਕਾਂ ਅਤੇ ਖਾਸ ਤੌਰ ਤੇ ਇਸਤਰੀਆਂ ਦੇ ਧੁਰ ਅੰਦਰ ਦੇ ਮਨੋਵੇਗ ਪ੍ਰਗਟਾ ਕੇ ਸਮਾਜ ਦਾ ਸਹੀ ਚਿਤਰਣ ਕਰਦੇ ਸਨ, ਅੱਜ ਵਪਾਰਿਕ ਹੱਥਾਂ ਵਿਚ ਆ ਕੇ ਆਪਣੀ ਭਾਵਨਾਤਮਕ ਅਤੇ ਨੈਤਿਕ ਉੱਚਤਾ ਗੁਆ ਚੁੱਕੇ ਹਨ ਅਤੇ ਅਸ਼ਲੀਲਤਾ ਦੀ ਡੂੰਘੀ ਖੱਡ ਵਿਚ ਜਾ ਡਿੱਗੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਬਾਣੀ ਵਿਚ ਇਸ ਸੱਭਿਆਚਾਰਕ ਗਿਰਾਵਟ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ :

**ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੪੨)

ਭਾਵ - ਜਦੋਂ ਆਤਮਿਕ ਅਤੇ ਨੈਤਿਕ ਤੌਰ ਤੇ ਖੋਖਲਾ ਮਨੁੱਖ ਮਾਇਕ ਤੌਰ ਤੇ ਖੁਸ਼ਹਾਲ (ਰਾਜ ਰੰਗ, ਮਾਲ ਰੰਗ) ਹੁੰਦਾ ਹੈ ਤਾਂ ਉਹ ਨੰਗਾ ਹੋ ਕੇ ਨੱਚਣ ਲੱਗ ਪੈਂਦਾ ਹੈ।

ਅੱਜ ਆਲੇ-ਦੁਆਲੇ ਨਜ਼ਰ ਮਾਰੀਏ ਤਾਂ ਇਹੀ ਵਰਤਾਰਾ ਵਾਪਰਦਾ ਨਜ਼ਰ

ਆਉਂਦਾ ਹੈ। ਟੀ.ਵੀ. ਅਤੇ ਹੋਰ ਵਿਆਹ ਸ਼ਾਦੀਆਂ ਮੌਕੇ ਵਪਾਰਕ ਭਾਵਨਾ ਅਧੀਨ ਕੰਮ ਕਰਦੇ ਕਥਿਤ ਕਲਾਕਾਰ ਕੰਨ ਪਾੜਵਾਂ ਸੰਗੀਤ ਲਗਾ ਕੇ ਅਜਿਹੀਆਂ ਸਰੀਰਕ ਹਰਕਤਾਂ ਕਰਦੇ ਹਨ ਕਿ ਕਿਸੇ ਵੀ ਸਾਊ ਬੰਦੇ ਦਾ ਸ਼ਰਮ ਨਾਲ ਸਿਰ ਝੁਕ ਜਾਵੇ। ਨਿਸ਼ਚੇ ਹੀ ਅੱਜ ਦੇ ਵਪਾਰਕ ਅਤੇ ਭੋਗਵਾਦ ਦੇ ਜਮਾਨੇ ਦੇ ਆਤਮਕ ਖੋਖਲੇਪਨ ਦਾ ਚਿੰਨ੍ਹ ਹੈ। ਅਜਿਹੇ ਖੋਖਲੇਪਨ ਵਿਚ ਕਿਵੇਂ ਆਤਮਕ ਅਤੇ ਸਦਾਚਾਰਕ ਤੌਰ ਤੇ ਉਜਲੀ ਪੀੜੀ ਉਪਜ ਸਕਦੀ ਹੈ।

ਪਰਿਵਾਰ ਹੀ ਸੱਭਿਆਚਾਰ ਦਾ ਪੰਘੂੜਾ ਹੈ ਅਤੇ ਪਰਿਵਾਰ ਦਾ ਕੇਂਦਰ ਬਿੰਦੂ ਇਸਤਰੀ ਹੈ। ਮੁੱਢ ਕਦੀਮ ਤੋਂ ਮਰਦ ਦੇ ਹਵਾਲੇ ਪਰਿਵਾਰ ਦੀ ਆਰਥਿਕਤਾ ਅਤੇ ਇਸਤਰੀ ਦੇ ਹੱਥ ਸਮਾਜ ਦਾ ਸੱਭਿਆਚਾਰ ਮਹਿਫੂਜ ਸੀ। ਆਦਿ ਮਾਨਵ ਜਦੋਂ ਜੰਗਲ ਰਹਿੰਦਿਆਂ ਹੋਇਆਂ ਸ਼ਿਕਾਰੀ ਅਵਸਥਾ ਵਿਚ ਸੀ ਅਤੇ ਔਰਤ ਆਪਣੀ ਸਰੀਰਕ ਬਣਤਰ, ਬੱਚਿਆਂ ਦੀ ਪੈਦਾਇਸ਼ ਅਤੇ ਪਾਲਣ-ਪੋਸ਼ਣ ਦੀ ਜਿੰਮੇਵਾਰੀ ਕਾਰਨ ਆਦਿ ਕਾਰਣ ਮਰਦਾਂ ਨਾਲ ਦੂਰ-ਦੁਰਾਡੇ ਜਾਣ ਤੋਂ ਅਸਮਰਥ ਸੀ ਤਾਂ ਉਸ ਨੇ ਆਲੇ-ਦੁਆਲੇ ਤੋਂ ਜੜੀਆਂ ਬੂਟੀਆਂ ਅਤੇ ਭੋਜਨ ਇਕਠਾ ਕਰਨ ਦੀ ਜਿੰਮੇਵਾਰੀ ਲੈ ਲਈ।

ਇਸ ਸਮੇਂ ਦੌਰਾਨ ਉਸ ਜੰਗਲਾਂ ਵਿਚ ਪੈਦਾ ਹੁੰਦੀਆਂ ਚਕਿਤਸਾ ਵਿਚ ਕੰਮ ਆਉਣ ਵਾਲੀਆਂ ਜੜੀਆਂ ਬੂਟੀਆਂ ਦੀ ਖੋਜ ਕੀਤੀ। ਇਸ ਤਰ੍ਹਾਂ ਹੀ ਔਰਤ ਮਨੁੱਖਤਾ ਦੀ ਸਭ ਤੋਂ ਪਹਿਲਾ ਚਕਿਤਸਕ ਬਣੀ ਤੇ ਉਸ ਨੇ ਹੀ ਸਭ ਤੋਂ ਪਹਿਲਾਂ Materia Medica ਇਕੱਠਾ ਕੀਤਾ। ਦਾਦੀ ਮਾਂ ਦੇ ਨੁਸਖੇ ਅੱਜ ਵੀ ਸਾਡੇ ਪਰਿਵਾਰਾਂ ਵਿਚ ਵਰਤੋਂ ਵਿਚ ਲਿਆਏ ਜਾਂਦੇ ਹਨ। ਘਰ ਦੇ ਦੁਆਲੇ ਘੁੰਮਦਿਆਂ ਹੀ ਉਸ ਲੱਕੜੀ ਦੀ ਖੋਜ ਕੀਤੀ, ਜਿਸ ਤੋਂ ਅੱਜ ਵੀ ਸੁੰਦਰ ਟੋਕਰੀਆਂ ਬਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਔਰਤ ਨੇ ਸੁਹਜਾਤਮਕ ਕਲਾ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਇਆ।

ਫਿਰ ਸਮਾਂ ਆਇਆ Agricultural Society ਦਾ। ਇੱਥੇ ਜੇ ਹਲ ਵਾਹੁਣ ਦਾ ਸਰੀਰਕ ਮੁਸ਼ਕਤ ਦਾ ਕੰਮ ਆਦਮੀ ਦੇ ਹਿੱਸੇ ਆਇਆ ਤਾਂ ਔਰਤਾਂ ਨੇ ਘਰ ਆਈ ਫਸਲ ਦੀ ਸਾਂਭ-ਸੰਭਾਂਲ ਦੀ ਜਿੰਮੇਵਾਰੀ ਸੰਭਾਲ ਲਈ। ਚੱਕੀ ਪੀਹਣਾ, ਦਹੀਂ ਰਿੜਕਣਾ, ਸੂਤ ਕੱਤਣਾ, ਦਰੀਆਂ ਤੇ ਸੁੰਦਰ ਨਾਲੇ, ਪਰਾਂਦੀਆਂ ਬੁਨਣਾ, ਛੱਜ ਤੇ ਛਿੱਕੂ ਬਨਾਉਣੇ, ਸਿਉਣ, ਪਰੋਣ, ਕਢਾਈ ਕਲਾ ਆਦਿ ਸਾਰਾ ਸੱਭਿਆਚਾਰ ਔਰਤ ਨੇ ਹੀ ਬਣਾਇਆ ਤੇ ਸੰਭਾਲਿਆ। ਇਸ ਤਰ੍ਹਾਂ ਔਰਤ ਨੇ ਆਰਥਿਕਤਾ ਮਜਬੂਤ ਕਰਨ ਵਿਚ ਤਾਂ ਯੋਗਦਾਨ ਪਾਇਆ ਹੀ, ਨਾਲ ਹੀ ਬਹੁਮੁੱਲੇ ਸੱਭਿਆਚਾਰ ਦੀ ਉਸਾਰੀ ਵੀ ਕੀਤੀ।

ਇਹ ਸਾਰੇ ਕੰਮ ਕਰਦਿਆਂ ਅਤੇ ਹਰ ਸੁੱਖ-ਦੁੱਖ ਵੇਲੇ ਸਹਿਜ ਸੁਭਾਇ ਹੀ ਔਰਤਾਂ ਆਪਣੇ ਮਨੋਵੇਗ ਵਿਚੋਂ ਨਿੱਕਲੇ ਗੀਤ ਗਾਂਦੀਆਂ ਸਨ, ਜੋ ਸੱਭਿਆਚਾਰ ਦਾ ਅੰਗ ਬਣੇ। (ਅੰਗ੍ਰੇਜ਼ੀ ਦੇ ਕਵੀ William Wordsworth ਦੀ ਕਵਿਤਾ 'Solitary Reaper' ਇਸੇ ਤਰ੍ਹਾਂ ਦੇ ਦ੍ਰਿਸ਼ ਦਾ ਹੀ ਚਿਤਰਨ ਕਰਦੀ ਹੈ।)

ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜਦੋਂ ਕੰਮ ਘਰਾਂ ਵਿਚੋਂ ਨਿਕਲ ਕੇ ਫੈਕਟਰੀਆਂ ਵਿਚ ਆ ਗਿਆ ਅਤੇ ਔਰਤ ਵੀ ਮਰਦ ਦੀ ਤਰ੍ਹਾਂ ਮਾਰਕਿਟ ਵਿਚ ਜਾ ਕੇ ਪੈਸਾ ਕਮਾਉਣ ਵਿਚ ਰੁੱਝ



ਗਈ ਤਾਂ ਸੁਭਾਵਕ ਹੀ ਉਸਦੀ ਗੈਰ ਹਾਜ਼ਰੀ ਵਿਚ ਸੱਭਿਆਚਾਰ ਦੇ ਖਿੱਤੇ ਵਿਚ ਖਲਾਅ ਪੈਦਾ ਹੋ ਗਿਆ। ਇਸ ਖਲਾਅ ਨੂੰ ਪੂਰਾ ਕਰਨ ਦੀ ਵਿਚਾਰੀ ਜਿਹੀ ਕੋਸ਼ਿਸ਼ ਵਪਾਰਕ ਭਾਵਨਾ ਵਾਲੇ ਕਲਾਕਾਰਾਂ ਦੁਆਰਾ ਕੀਤੀ ਜਾ ਰਹੀ ਹੈ। ਜਿਨ੍ਹਾਂ ਦਾ ਮੁੱਖ ਮੰਤਵ ਬਹੁਮੁੱਲੇ ਸੱਭਿਆਚਾਰ ਦੀ ਸੰਭਾਲ ਕਰਨਾ ਨਹੀਂ, ਮਨੁੱਖ ਦੀਆਂ ਨੀਵੀਆਂ ਰੁਚੀਆਂ ਉਤੇਜਿਤ ਕਰਕੇ ਮਾਤਰ ਪੈਸਾ ਕਮਾਉਣਾ ਹੀ ਹੈ। ਅਜਿਹੇ ਵਾਤਾਵਰਣ ਵਿਚੋਂ ਕੀ ਉਪਜ ਸਕਦਾ ਹੈ ?

ਸ੍ਰੀ ਮਤੀ ਕਿਰਨ ਬੇਦੀ ਆਈ.ਪੀ.ਐਸ. ਭਾਰਤ ਦੀ ਪਹਿਲੀ ਮਹਿਲਾ ਪੁਲਿਸ ਅਫਸਰ, ਰੋਜ਼ਾਨਾ ਟ੍ਰਿਬਿਊਨ ਵਿਚ ਛਪੇ, ਆਪਣੇ ਇਕ ਲੇਖ ਵਿਚ ਪ੍ਰਸ਼ਨ ਕਰਦੇ ਹਨ :

"What are the youngsters exposed to? Directionless youth on extravanza, high on tantalizing entertainment, beer pubs, speed thrills, advertisements with bare minimum clothes on men and women, music with most embrassing girating body exposure.What kind of youngsters will this environment produce ?"

ਸਮਾਜਿਕ ਵਾਤਾਵਰਣ ਵਿਚੋਂ ਸਹਿਜ ਸੁਭਾਇ ਹੀ ਰੰਗ ਪਕੜਨ ਦੀ ਫਿਤਰਤ ਰੱਖਣ ਵਾਲਾ ਇਨਸਾਨ, ਖਾਸ ਤੌਰ ਤੇ ਨੌਜਆਨ ਕਿਵੇਂ ਅਜਿਹੇ ਵਾਤਾਵਰਣ ਵਿਚ ਅਛੂਤਾ ਰਹਿ ਸਕਦਾ ਹੈ। ਪ੍ਰੋ: ਪੂਰਨ ਸਿੰਘ ਦੇ ਪੰਜਾਬ ਦੇ ਉਹ ਜੁਆਨ ਜੋ ਕਿਸੇ ਸਮੇਂ:

**ਮੌਤ ਮਖੌਲਾਂ ਕਰਨ, ਮਰਨ ਥੀਂ ਨਹੀਂ ਡਰਦੇ।**
**ਪਿਆਰ ਨਾਲ ਇਹ ਕਰਨ ਗੁਲਾਮੀ ਟੈਂ ਨ ਮੰਨਣ ਕਿਸੇ ਦੀ।**

ਅੱਜ:

**ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ।**

ਗਾਉਂਦਾ ਹੋਇਆ ਹਰ ਪ੍ਰਕਾਰ ਦੇ ਨਸ਼ਿਆਂ ਵਿਚ ਡੁੱਬਿਆ ਮੌਤ ਸਾਹਮਣੇ ਲੇਲ੍ਹੜੀਆਂ ਕੱਢ ਰਿਹਾ ਪ੍ਰਤੀਤ ਹੁੰਦਾ ਹੈ।

ਜ਼ਾਹਿਰ ਹੈ ਕਿ ਸੁਹਣੇ-ਸਵੱਛ ਜਨ ਧਾਰਾਈ ਲੋਕ ਸਾਹਿਤ ਦੀ ਗੈਰ-ਹਾਜ਼ਰੀ ਕਾਰਣ ਹੀ ਇਹ ਵਰਤਾਰਾ ਵਰਤ ਰਿਹਾ ਹੈ। ਜਦੋਂ ਅਧਿਆਤਮਕ ਸੱਭਿਆਚਾਰ ਵਾਲੇ ਲੋਕਾਂ ਦੀ ਇਸ ਪਾਸੇ ਬੇਰੁਖੀ ਹੋ ਜਾਏ ਤਾਂ '**ਕਉਣ ਜਗਤ ਕੋ ਪਾਰ ਉਤਾਰਾ**' ਵਾਲੀ ਸਥਿਤੀ ਉਤਪੰਨ ਹੋ ਜਾਂਦੀ ਹੈ। ਲੋੜ ਹੈ ਨੈਤਿਕ ਅਤੇ ਅਧਿਆਤਮਕ ਤੌਰ ਤੇ ਬਲਵਾਨ ਪੁਰਸ਼ ਅਤੇ ਇਸ ਤੋਂ ਵੀ ਜ਼ਿਆਦਾ ਇਸਤਰੀ ਜਿਸਨੂੰ ਸੱਭਿਆਚਾਰ ਦੀ ਵਾਹਕ ਦਾ ਦਰਜਾ ਪ੍ਰਾਪਤ ਹੈ, (ਘਰ ਵਿਚ ਦੁੱਖ-ਸੁੱਖ ਸਮੇਂ ਕੋਈ ਵੀ ਇਕੱਠ ਹੋਵੇ, ਇਕ ਵਡੇਰੀ ਇਸਤਰੀ ਦੇ ਇਹ ਸ਼ਬਦ 'ਸਾਡੇ ਵਿਚ ਅਜਿਹਾ ਨਹੀਂ ਹੁੰਦਾ' ਸਭ ਨੂੰ ਬੰਨ ਲੈਂਦੇ ਹਨ) ਇਸ ਪੱਖ ਤੋਂ ਸੁਚੇਤ ਹੋਵੇ। ਸਵੱਛ ਬੋਲੀਆਂ, ਲੋਰੀਆਂ ਅਤੇ ਗੀਤ ਸਿਰਜੇ ਜਾਣ, ਜੋ ਗੁਰੂਆਂ ਦੇ ਸੰਦੇਸ਼ ਮੁਤਾਬਕ ਹੋਣ ਅਤੇ ਮਨੋਵਿਗਿਆਨਕ ਭਾਵਾਂ ਨੂੰ ਸਾਹਮਣੇ ਰੱਖਦਿਆਂ ਨਰੋਆ ਸਮਾਜ ਸਿਰਜ ਸਕਣ।

ਜਦੋਂ ਅਜਿਹੇ ਗੀਤ ਲੋਕ ਸਾਹਿਤ ਦਾ ਹਿੱਸਾ ਬਣ ਲੋਕ ਮਾਨਸਿਕਤਾ ਵਿਚ ਘਰ-ਕਰ ਗਏ ਤਾਂ ਨਿਸਚੇ ਹੀ ਅਜਿਹਾ ਸੱਭਿਆਚਾਰ ਪ੍ਰਫੁੱਲਤ ਹੋਵੇਗਾ, ਜੋ ਪੰਜਾਬ ਨੂੰ ਗੁਰੂਆਂ ਦੇ ਨਾਮ ਤੇ ਜੀਉਂਦਾ ਕਰ ਦੇਵੇਗਾ :

ਪੰਜਾਬ ਹਿੰਦੂ ਨ ਮੁਸਲਮਾਨ, 'ਪੰਜਾਬ ਜੀਉਂਦਾ ਗੁਰਾਂ ਦੇ ਨਾਮ' (ਪ੍ਰੋ. ਪੂਰਨ ਸਿੰਘ)

❀ ❀

* **ਸੱਭਿਅਤਾ ਦਾ ਬਹੁਤ ਹਿੱਸਾ ਮਾਤਾਵਾਂ ਦੇ ਅਸਰ ਦਾ ਨਤੀਜਾ ਹੁੰਦਾ ਹੈ ।**
(ਅਗਿਆਤ)

* ਜੇ ਹਰ ਮਨੁੱਖ ਪਰਿਵਾਰ ਵਿੱਚ ਜ਼ਿੰਮੇਵਾਰੀ ਨਾਲ ਫਰਜ ਨਿਭਾਹੇ ਤਾਂ ਹਰ ਪਾਸੇ ਖੁਸ਼ੀ ਅਤੇ ਖੁਸ਼ਹਾਲੀ ਨਜ਼ਰ ਆਵੇਗੀ। ਪਰਿਵਾਰਕ ਜੀਵਨ ਨੂੰ ਹਰ ਤਰ੍ਹਾਂ ਨਾਲ ਅਮੀਰ ਬਣਾਉਣ ਨਾਲ ਹੀ ਉੱਚਤਮ ਦਰਜੇ ਦਾ ਮਨੁੱਖੀ ਵਿਕਾਸ ਸੰਭਵ ਹੋ ਸਕਦਾ ਹੈ।
(ਕੰਨਫਿਊਸ਼ਸ)

* ਜੇ ਬੱਚਿਆਂ ਨੇ ਵੱਡੇ ਹੋ ਕੇ ਪਰਿਵਾਰਕ ਫਰਜ਼ ਅਤੇ ਸਮਾਜਿਕ ਫਰਜ਼ ਚੰਗੀ ਤਰ੍ਹਾਂ ਨਿਭਾਉਣੇ ਹਨ ਤਾਂ ਜਰੂਰੀ ਹੈ ਕਿ ਉਹਨਾਂ ਨੂੰ ਲੰਮੇ ਸਮੇਂ ਲਈ ਨਿਸ਼ਚਿਤ ਵਿਅਕਤੀਆਂ ਦੀ ਦੇਖ-ਰੇਖ ਵਿੱਚ ਰੱਖਿਆ ਜਾਏ ਜਿਨ੍ਹਾਂ ਨਾਲ ਉਨ੍ਹਾਂ ਦੇ ਕਰੀਬੀ ਸੰਬੰਧ ਬਣ ਸਕਣ।

* **ਇਸਤਰੀ ਦੀ ਆਵਾਜ਼ ਵਿਚ ਦਵਾ ਹੈ ਅਤੇ ਉਸਦੀ ਛੁਹ ਵਿਚ ਮਲ੍ਹਮ ।**
(ਅਗਿਆਤ)



# ਸਿੱਖ ਸਾਹਿਤ ਵਿਚ ਨਾਰੀ

ਅੱਜ ਬਰਾਬਰੀ ਦੇ ਯੁਗ ਵਿਚ ਸੰਸਾਰ ਭਰ ਦੀਆਂ ਨਾਰੀਆਂ ਇਕ ਨਵੀਂ ਚੇਤਨਾ ਦੀਆਂ ਧਾਰਨੀ ਹੋ, ਆਪਣੇ ਆਪ ਨੂੰ ਜੱਥੇਬੰਦ ਕਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਯਤਨ ਕਰ ਰਹੀਆਂ ਹਨ। ਇਸ ਯਤਨ ਵਿਚੋਂ ਉਭਰੀਆਂ ਅੱਡ-ਅੱਡ ਨਾਰੀ ਜੱਥੇਬੰਦੀਆਂ ਨੇ ਆਪਣੀਆਂ ਸੰਸਥਾਵਾਂ ਦੇ ਮਨੋਰਥ ਪੱਤਰ ਜਾਰੀ ਕਰ ਆਪਣੇ ਆਦਰਸ਼ ਮਿੱਥੇ, ਕਿਸੇ ਨੇ ਔਰਤਾਂ ਲਈ ਨੌਕਰੀਆਂ ਵਿਚ ਰਾਖਵਾਂਪਨ ਮੰਗਿਆ ਅਤੇ ਕਿਸੇ ਨੇ ਬਰਾਬਰ ਤਨਖਾਹ ਅਤੇ ਹੋਰ ਸਹੂਲਤਾਂ ਦਾ ਆਦਰਸ਼ ਰੱਖਿਆ; ਕਿਸੇ ਨੇ ਘਰ ਦੇ ਕੰਮਕਾਜ ਅਤੇ ਬੱਚਿਆਂ ਦੀ ਸੰਭਾਲ ਲਈ ਮਰਦਾਂ ਤੋਂ ਮੱਦਦ ਮੰਗੀ ਅਤੇ ਕਿਸੇ ਨੇ ਮਰਦਾਂ ਦੀ ਗੁਲਾਮੀ ਤੋਂ ਆਜ਼ਾਦੀ ਮੰਗੀ। ਔਰਤਾਂ ਦੀ ਇਕ ਪ੍ਰਮੁਖ ਜੱਥੇਬੰਦੀ 'National Organization for Women' ਜਿਸ ਦੀ ਪਹਿਲੀ ਕਾਨਫਰੰਸ 28 ਅਕਤੂਬਰ, 1966 ਨੂੰ ਵਾਸ਼ਿੰਗਟਨ ਵਿਖੇ ਹੋਈ, ਦਾ ਮਨੋਰਥ ਪੱਤਰ ਹੇਠ ਲਿਖੇ ਅਨੁਸਾਰ ਹੈ :

National Organization for Women is dedicated to the proposition that women first and foremost are human beings who must have a chance to develop their fullest human potential …… The nation must innovate new social institutions which will enable women to enjoy true equality of opportunity and responsibility in life. We believe….. that it is essential for every girl to be educated to her full potential of human ability.

**'ਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਵੂਮੈਨ'** ਇਸ ਵਿਚਾਰ ਨੂੰ ਸਮਰਪਿਤ ਹੈ ਕਿ ਇਸਤਰੀ ਸਭ ਤੋਂ ਪਹਿਲਾਂ ਇੱਕ ਇਨਸਾਨ ਹੈ, ਜਿਸਨੂੰ ਪੂਰੀ ਤਰ੍ਹਾਂ ਮਨੁੱਖੀ ਵਿਕਾਸ ਦੇ ਮੌਕੇ ਮਿਲਣੇ ਚਾਹੀਦੇ ਹਨ। ਦੇਸ਼ ਨੂੰ ਅਜਿਹੀਆਂ ਸਮਾਜਿਕ ਸੰਸਥਾਵਾਂ ਦਾ ਨਿਰਮਾਣ ਕਰਨਾ ਪਏਗਾ, ਜਿੱਥੇ ਇਸਤਰੀਆਂ ਨੂੰ ਪੂਰੀ ਬਰਾਬਰੀ, ਜਿੰਮੇਵਾਰੀ ਅਤੇ ਵਿਕਾਸ ਦੇ ਮੌਕੇ ਮਿਲ ਸਕਣ। ਸਾਡਾ ਇਹ ਵਿਸ਼ਵਾਸ ਹੈ ਕਿ ਹਰ ਲੜਕੀ ਨੂੰ ਉਸਦੀ ਕਾਬਲੀਅਤ ਦੇ ਮੁਤਾਬਕ ਵਿਦਿਆ ਪ੍ਰਾਪਤ ਕਰਨ ਦੇ ਮੌਕੇ ਮਿਲਣੇ ਜ਼ਰੂਰੀ ਹਨ।

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਅਮਰੀਕਾ ਵਰਗੇ ਅਗਾਂਹ ਵਧੂ ਦੇਸ਼ ਵਿਚ ਜਾਰੀ ਹੋਇਆ ਇਹ ਮਨੋਰਥ ਪੱਤਰ ਇਸਤਰੀਆਂ ਨੂੰ ਇਹ ਹੱਕ ਦੁਆਉਣ ਦੀ ਗਵਾਹੀ ਭਰਦਾ ਹੈ ਕਿ ਉਹਨਾਂ ਨੂੰ ਇਨਸਾਨ ਸਮਝਿਆ ਜਾਏ ਅਤੇ ਪੂਰੇ ਵਿਕਾਸ ਦੇ ਮੌਕੇ ਦਿੱਤੇ ਜਾਣ, ਲੜਕੀਆਂ ਨੂੰ ਵਿਦਿਆ ਦਾ ਅਧਿਕਾਰ ਪ੍ਰਾਪਤ ਹੋਵੇ ਅਤੇ ਅਜਿਹਾ ਸਮਾਜ ਉਸਾਰਿਆ ਜਾਏ, ਜਿੱਥੇ

ਇਸਤਰੀਆਂ ਨੂੰ ਹਰ ਤਰ੍ਹਾਂ ਦੇ ਮੌਕੇ ਬਰਾਬਰ ਮਿਲਣ।

ਆਉ ਜ਼ਰਾ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਅਮਰੀਕਾ ਦੀ ਇਸ ਜੱਥੇਬੰਦੀ ਨੇ, ਜੋ ਹੱਕ ਔਰਤ ਲਈ ਮੰਗੇ ਹਨ, ਉਹ ਸਿੱਖ ਇਸਤਰੀ ਨੂੰ ਕਿਸ ਹੱਦ ਤਕ ਮਿਲੇ ਹਨ ਅਤੇ ਉਸਨੇ ਹੋਰ ਕੀ ਜਦੋ-ਜਹਿਦ ਕਰਨੀ ਹੈ ਅਤੇ ਸਿੱਖਾਂ ਦੇ ਅਧਿਆਤਮਕ ਅਤੇ ਸਾਹਿਤਕ ਵਿਰਸੇ ਵਿਚ ਨਾਰੀ ਦਾ ਕੀ ਸਥਾਨ ਹੈ।

ਸਿੱਖ ਕੌਮ ਦਾ ਅਧਿਆਤਮਕ ਵਿਰਸਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਬਾਣੀ ਦਾ ਅਧਿਅਨ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਣੀ ਵਿਚ ਲਿੰਗ ਭੇਦ ਨੂੰ ਕਿਤੇ ਵੀ ਨਹੀਂ ਸਵੀਕਾਰਿਆ ਗਿਆ, ਹਰ ਗੱਲ ਜੋ ਮਰਦ ਉਤੇ ਲਾਗੂ ਹੁੰਦੀ ਹੈ, ਇਸਤਰੀ ਉਤੇ ਵੀ ਉਤਨੀ ਹੀ ਲਾਗੂ ਹੁੰਦੀ ਹੈ। ਕਾਲੇ-ਗੋਰੇ, ਉਚੇ-ਨੀਵੇਂ, ਸਵਰਣ ਜਾਤੀ, ਦਲਿਤ ਜਾਤੀ, ਔਰਤ ਮਰਦ ਸਭ ਲਈ ਇਕੋ ਜਿਹਾ ਆਦਰਸ਼ ਹੈ। ਕਿਤੇ ਵੀ ਕਿਸੇ ਲਈ ਕੋਈ ਅੱਡਰੀ ਗੱਲ ਨਹੀ ਕੀਤੀ ਗਈ। ਸਾਰਾ ਉਪਦੇਸ਼ ਸਾਰੀ ਮਨੁੱਖਤਾ ਲਈ ਸਾਂਝਾ ਹੈ ਅਤੇ ਮਨੁੱਖਤਾ ਲਈ ਪੁਲਿੰਗ ਨਹੀਂ, ਇਸਤਰੀ ਲਿੰਗ ਵਰਤਿਆ ਗਿਆ ਹੈ :

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੭)

**ਚਲੁ ਸਖੀਏ ਪ੍ਰਭੁ ਰਾਵਣ ਜਾਹਾ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੪੨)

**ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੨੪੨)

ਇੱਥੋਂ ਤਕ ਕਿ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਵੀ ਇਸਤਰੀ ਸਰੂਪ ਵਿਚ ਚਿਤਵਿਆ ਹੈ :

**ਮੋਹਿ ਅਨਾਥ ਗਰੀਬ ਨਿਮਾਨੀ॥ ਕੰਤ ਪਕਰਿ ਹਮ ਕੀਨੀ ਰਾਨੀ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੯੪)

**ਮੈਂ ਬਨਜਾਰਨਿ ਰਾਮ ਕੀ ॥ਤੇਰਾ ਨਾਮੁ ਵਖਰੁ ਵਾਪਾਰੁ ਜੀ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੫੭)

**ਗਾਂਲੀ ਅਸੀ ਚੰਗੀਆ ਆਚਾਰੀ ਬੁਰੀਆਹ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੮੫)

ਇਸ ਭਾਵ ਦੇ ਹੋਰ ਅਨੇਕਾਂ ਹੀ ਫੁਰਮਾਨ ਗੁਰਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰਬਾਣੀ ਵਿਚ ਇਸਤਰੀ ਸਰੂਪ ਅਤੇ ਇਸਤਰੀ ਮਾਨਸਿਕਤਾ ਨੂੰ ਅਧਿਆਤਮਕ ਛੁਹ ਦੇ ਕੇ ਬਹੁਤ ਹੀ ਉਚੇ ਦਰਜੇ ਤੇ ਲਿਜਾਇਆ ਗਿਆ ਹੈ। ਕੁੱਲ ਦੁਨੀਆਂ ਦੀ ਫਿਲਾਸਫੀ ਵਿਚ ਇਸਤਰੀ ਨੂੰ ਬਾਘਣ, ਕੁਲਟਾ, ਨਾਗਣ, ਕਮਜ਼ੋਰੀ ਅਤੇ ਆਤਮਾ-ਰਹਿਤ ਅਤੇ ਹੋਰ ਅਜਿਹੇ ਨਿੰਦਣਯੋਗ ਸ਼ਬਦ ਵਰਤ ਕੇ ਦੁਰਕਾਰਿਆ ਗਿਆ ਹੈ, ਪਰ ਸਿੱਖ ਵਿਚਾਰਧਾਰਾ ਇਸਤਰੀ ਨੂੰ 'ਅਰਧ-ਸਰੀਰੀ' ਅਤੇ 'ਮੋਖ-ਦੁਆਰੀ' ਕਹਿ ਕੇ ਸਤਿਕਾਰਦੀ ਹੈ :



**ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥**
(ਭਾਈ ਗੁਰਦਾਸ ਜੀ)

ਇਸਤਰੀ ਦੁਆਰਾ ਕਰਨ ਵਾਲੇ ਹਰ ਰੋਜ਼ ਦੇ ਕੰਮ ਜਿਹਾ ਕਿ ਦੁੱਧ ਰਿੜਕਣਾ, ਕਸੀਦਾ ਕੱਢਣਾ, ਰਸੋਈ ਦਾ ਕੰਮ, ਬੱਚਿਆਂ ਦੀ ਸੰਭਾਲ, ਸ਼ਿੰਗਾਰ ਕਰਨਾ, ਪਤੀ ਮਿਲਾਪ ਦੀ ਤੀਬਰ ਇੱਛਾ ਅਤੇ ਮਿਲਾਪ ਦੀ ਖੁਸ਼ੀ ਆਦਿ ਨੂੰ ਨਾ ਕੇਵਲ ਪ੍ਰਵਾਨ ਕੀਤਾ ਗਿਆ ਹੈ ਇਹਨਾਂ ਸਾਰੇ ਕੰਮਾਂ ਨੂੰ ਅਧਿਆਤਮਕ ਛੋਹ ਦੇ ਕੇ ਪਵਿੱਤਰ ਬਣਾ ਦਿੱਤਾ ਗਿਆ ਹੈ :

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥**
**ਸਹਜਿ ਬਿਲੋਵਹੁ ਜੈਸੇ ਤਤੁ ਨਾ ਜਾਈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੭੮)

**ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ॥**
**ਜੇ ਘਰੁ ਰਾਖਹਿ ਬੁਰਾ ਨਾ ਚਾਖਹਿ ਹੋਵਹਿ ਕੰਤ ਪਿਆਰੀ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੧੭੧)

**ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥**
**ਦੁਸਟ ਦੂਤ ਕੀ ਚੂਕੀ ਕਾਨਿ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੭੨)

**ਲਾਲੁ ਚੋਲਨਾ ਤੈ ਤਨਿ ਸੋਹਿਆ॥ ਸੁਰਜਨਿ ਭਾਨੀ ਤਾਂ ਮਨੁ ਮੋਹਿਆ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੮੪)

**ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥**
**ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੬੪)

**ਅਨਹਤ ਵਾਜੇ ਵਜਹਿ ਘਰਿ ਮਹਿ ਪਿਰ ਸੰਗਿ ਸੇਜ ਵਿਛਾਈ॥**
**ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੨੪੭)

ਗੁਰੂ ਸਾਹਿਬ ਜਦੋਂ ਪ੍ਰਭੂ ਮਿਲਾਪ ਦੀ ਤੀਬਰ ਇੱਛਾ ਪ੍ਰਗਟ ਕਰਦੇ ਹਨ ਤਾਂ ਉਹ ਆਪਣੇ ਆਪ ਨੂੰ ਹਰਨੀ, ਕੋਇਲ ਅਤੇ ਨਾਗਣ ਭਾਵ ਮਾਦਾ ਦੇ ਰੂਪ ਵਿਚ ਦੇਖਦੇ ਹਨ, ਨਰ ਰੂਪ ਵਿਚ ਨਹੀਂ। ਇਸਤਰੀ ਜਾਤੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਨੇ ਆਪ ਸਰੀਰਕ ਰੂਪ ਵਿਚ ਮਰਦ ਹੁੰਦਿਆਂ ਵੀ ਹਰ ਜੂਨ ਦੇ ਮਾਦਾ ਰੂਪ ਸਵੀਕਾਰ ਕਰ, ਆਪਣੇ ਆਪ ਨੂੰ ਉਸ ਨਾਲ ਇਕਮਿਕ (Identify) ਕੀਤਾ ਹੈ। ਇਸਤਰੀ ਲਹਿਰ ਦੀ ਮੋਢੀ ਫਰਾਂਸੀਸੀ ਫਿਲਾਸਫਰ ਸੀਮੋਨ ਡੀ ਬੂਆ (Simon De Bouvoir) ਅਨੁਸਾਰ ('One is

not born, but one becomes a woman) ਇਸਤਰੀ ਪੈਦਾ ਨਹੀਂ ਹੁੰਦੀ, ਇਸਤਰੀ ਬਣਿਆ ਜਾਂਦਾ ਹੈ। - ਬਾਣੀ ਦੇ ਰਚਨਹਾਰ ਇੱਥੇ ਆਪਣੇ ਆਪ ਨੂੰ ਇਸਤਰੀ ਰੂਪ ਚਿਤਵ ਕੇ ਇਸਤਰੀ ਬਣ ਰਹੇ ਹਨ।

ਇਹ ਕੀ ਅਚਰਜ ਹੈ ਕਿ ਅੱਜ ਦੀ ਇਸਤਰੀ ਮਰਦ ਨੂੰ ਆਪਣੇ ਆਪ ਤੋਂ ਉਤਮ ਮੰਨ ਕੇ, ਉਸ ਦੇ ਬਰਾਬਰ ਬਣਨਾ ਲੋਚ ਰਹੀ ਹੈ, ਪਰ ਬਾਣੀ ਦੇ ਰਚਨਹਾਰੇ ਅੱਜ ਤੋਂ ਪੰਜ ਸੌ ਸਾਲ ਪਹਿਲੇ ਵੀ ਇਸਤਰੀ ਗੁਣਾਂ ਨੂੰ ਸ਼੍ਰੇਸਟ ਮੰਨ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਚਿਤਵ ਰਹੇ ਹਨ ?

ਇਸਤਰੀ ਸਰੀਰ (Female body) ਨੂੰ ਵੀ ਗੁਰੂ ਸਾਹਿਬ ਨੇ ਕਿਤੇ ਨੀਵਾਂ ਨਹੀਂ ਦਿਖਾਇਆ ਸਗੋਂ ਇਸਤਰੀ ਦੀ ਹਰ ਸਰੀਰਕ ਕਿਰਿਆ ਨੂੰ ਅਧਿਆਤਮਕ ਰੰਗਣ ਦੇ ਕੇ ਨਾ ਕੇਵਲ ਪ੍ਰਵਾਨ ਕੀਤਾ ਹੈ ਸਗੋਂ ਉਚਿਆਇਆ ਵੀ ਹੈ। ਅੱਜ ਇਸਤਰੀ ਦੀ ਆਜ਼ਾਦੀ ਦੀ ਲਹਿਰ ਨਾਲ ਜੁੜੀਆਂ ਇਸਤਰੀਆਂ ਇਸ ਗਲ ਦਾ ਸ਼ਿਕਵਾ ਕਰਦੀਆਂ ਹਨ ਕਿ ਕੋਈ ਧਰਮ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦੇ ਕਾਬਿਲ ਨਹੀਂ ਸਮਝਦਾ।

Judith Baskin ਨੇ ਕਿਹਾ ਹੈ, "In Rabbinic Judaism no woman is deemed capable of any direct experience with the Divine."

ਅੱਜ ਲੋੜ ਹੈ, ਇਹਨਾਂ ਇਸਤਰੀਆਂ ਤਕ ਸਿੱਖ ਫਿਲਾਸਫੀ ਦਾ ਸੁਨੇਹਾ ਪਹੁੰਚਾਉਣ ਦੀ, ਜਿਸ ਅਨੁਸਾਰ ਪ੍ਰਭੂ ਪ੍ਰਾਪਤੀ ਕੇਵਲ ਅਤੇ ਕੇਵਲ ਇਸਤਰੀ (ਜੀਵ ਇਸਤਰੀ) ਬਣ ਕੇ ਹੀ, ਭਾਵ ਇਸਤਰੀਆਂ ਵਾਲੇ ਗੁਣਾਂ ਦੇ ਧਾਰਨੀ ਹੋ ਕੇ ਹੀ ਕੀਤੀ ਜਾ ਸਕਦੀ ਹੈ। ਸੋ ਸਿੱਖ ਅਧਿਆਤਮਕ ਵਿਰਸੇ ਵਿਚ ਇਸਤਰੀ ਹੀ ਕੇਂਦਰ ਬਿੰਦੂ ਹੈ। ਇਸ ਦੇ ਆਲੇ-ਦੁਆਲੇ ਹੀ ਸਾਰੀ ਸਿੱਖ ਅਧਿਆਤਮਕਤਾ ਘੁੰਮਦੀ ਹੈ ਅਤੇ ਇਸਨੂੰ ਮਾਣ ਹੈ ਅਧਿਆਤਮਕ ਪੰਧ ਤੇ ਮਰਦ ਦੀ ਪਥ ਪ੍ਰਦਰਸ਼ਕ ਹੋਣ ਦਾ। ਗੁਰਬਾਣੀ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਸ ਸੁਹਾਗਣ ਇਸਤਰੀ ਕੋਲੋਂ ਪੁੱਛਿਆ ਜਾਣਾ ਚਾਹੀਦਾ ਹੈ, ਜਿਸ ਨੇ ਪਤੀ ਪਿਆਰ ਪਾ ਲਿਆ ਹੈ ਕਿਉਂਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਹ ਹੀ ਹੈ, ਜੋ ਇਸ ਜੀਵਨ ਵਿਚ ਇਸਤਰੀ ਪਤੀ ਪ੍ਰਾਪਤੀ ਲਈ ਅਪਣਾਉਂਦੀ ਹੈ :

**ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥**
**ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੭)

ਅਤੇ

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੮੪)

ਨਿਮਰਤਾ ਅਤੇ ਖਿਮਾਂ ਦੇ ਧਾਰਨੀ ਹੋਣਾ ਅਤੇ ਮਿੱਠਾ ਬੋਲਣਾ ਅਜਿਹੇ ਗੁਣ ਹਨ, ਜੋ ਇਸਤਰੀ ਨੂੰ ਸਮਾਜ ਵਿਚ ਇੱਜ਼ਤ ਦਿਵਾਉਂਦੇ ਹਨ। ਇਸੇ ਤਰ੍ਹਾਂ ਪ੍ਰਭੂ ਦਰਬਾਰ ਵਿਚ ਵੀ



ਇਹਨਾਂ ਹੀ ਗੁਣਾਂ ਦੀ ਕਦਰ ਹੈ। ਇਸੇ ਲਈ ਹਰ ਇਨਸਾਨ (ਜੀਵ ਇਸਤਰੀ) ਲਈ ਇਹਨਾਂ ਹੀ ਗੁਣਾਂ ਦੇ ਧਾਰਨੀ ਹੋਣ ਤੇ ਜ਼ੋਰ ਦਿੱਤਾ ਗਿਆ ਹੈ। ਕਈ ਅਲਪ ਬੁੱਧੀ ਦੇ ਮਾਲਕ ਨਿਮਰਤਾ ਅਤੇ ਹਲੀਮੀ ਨੂੰ ਕਮਜ਼ੋਰੀ ਦੀ ਨਿਸ਼ਾਨੀ ਸਮਝਦੇ ਹੋਏ ਕਹਿੰਦੇ ਹਨ ਕਿ ਇਸਤਰੀ ਨੂੰ ਨਿਵਣ ਲਈ ਕਿਹਾ ਗਿਆ ਹੈ, ਇਸ ਲਈ ਸਿੱਖੀ ਵਿਚ ਇਸਤਰੀ ਦਾ ਦਰਜਾ ਨੀਵਾਂ ਹੈ। ਅਜਿਹੇ ਮਨੁੱਖਾਂ ਦੀ ਗਿਆਤ ਲਈ ਦੱਸਣਾ ਜਰੂਰੀ ਹੈ ਕਿ ਸਰਬ ਗੁਣ ਸੰਪੰਨ ਹੁੰਦੇ ਹੋਏ ਵੀ ਸ੍ਰੀ ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ 'ਦਾਸਨ ਦਾਸ' ਅਤੇ 'ਨੀਚ' ਕਹਿੰਦੇ ਹਨ। ਗੁਰਬਾਣੀ ਨਿਮਰਤਾ ਅਤੇ ਹਲੀਮੀ ਨੂੰ ਹੀ ਸਭ ਤੋਂ ਵੱਡਾ ਗੁਣ ਅਤੇ ਹਥਿਆਰ ਸਮਝਦੀ ਹੈ :

**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੬੨੮)

ਕੋਈ ਦੁਸ਼ਟ ਅਤੇ ਵਿਕਾਰੀ ਮਨੁੱਖ ਵੀ ਗਰੀਬੀ ਅਤੇ ਨਿਮਰਤਾ ਦੇ ਹਥਿਆਰ ਅੱਗੇ ਨਹੀਂ ਟਿਕ ਸਕਦਾ। ਵੱਡੇ-ਵੱਡੇ ਸ਼ਕਤੀਸ਼ਾਲੀ ਅਤੇ ਹੰਕਾਰੀ ਮਨੁੱਖਾਂ ਨੂੰ ਵੀ ਇਸ ਹਥਿਆਰ ਅੱਗੇ ਗੋਡੇ ਟੇਕਣੇ ਪੈ ਜਾਂਦੇ ਹਨ। ਨਿਮਰ ਇਸਤਰੀ ਵੀ ਇਸ ਸ਼ਕਤੀਸ਼ਾਲੀ ਹਥਿਆਰ ਦੀ ਵਰਤੋਂ ਕਰ ਵੱਡੇ ਹੰਕਾਰੀਆਂ ਨੂੰ ਆਪਣੇ ਸਾਹਮਣੇ ਨਿਵਾ ਲੈਂਦੀ ਹੈ। ਸੋ ਸਿੱਖ ਅਧਿਆਤਮਕ ਵਿਰਸੇ ਵਿਚ ਇਸਤਰੀ ਹੀ ਸ੍ਰੇਸ਼ਟਤਮ ਹੈ।

ਸਿੱਖ ਬੀਰ ਰਸੀ ਸਾਹਿਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਨਿਵੇਕਲਾ ਸਥਾਨ ਹੈ। ਗੁਰੂ ਸਾਹਿਬ ਦੇਵੀ ਦੇ ਉਪਾਸਕ ਨਹੀਂ। ਪਰ ਉਹਨਾਂ ਆਪਣੀ ਬਾਣੀ ਵਿਚ ਮਿਥਿਹਾਸਕ ਹਵਾਲਿਆਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਫੌਜਾਂ ਵਿਚ ਬੀਰ ਰਸ ਭਰਨ ਲਈ ਜਿਸ ਮਿਥਿਹਾਸਕ ਹਸਤੀ ਬਾਰੇ ਆਪ ਨੇ ਕਾਵਿ ਰਚਨਾ ਕੀਤੀ, ਉਹ ਕੋਈ ਮਰਦ ਨਹੀਂ ਬਲਕਿ ਇਕ ਇਸਤਰੀ ਦੁਰਗਾ ਹੀ ਸੀ, ਜਿਸ ਨੂੰ ਸ਼ਕਤੀ ਦੇ ਚਿੰਨ੍ਹ ਵਜੋਂ ਵਰਤਿਆ ਹੈ। ਦੁਰਗਾ ਇਕ ਅਜਿਹੇ ਅਲੰਕਾਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ, ਜੋ ਔਰਤ ਦੀ ਸ਼ਕਤੀ ਦਾ ਪ੍ਰਤੀਕ ਹੈ।

ਉਸ ਨੂੰ ਕਿਸੇ ਨਰ ਸਾਥੀ ਦੀ ਲੋੜ ਨਹੀਂ। ਇਕਲੀ ਹੀ ਉਹ ਭਾਰੇ ਭਾਰੇ ਦੈਂਤਾਂ ਨਾਲ ਸਿੱਝਣ ਲਈ ਕਾਫੀ ਹੈ। ਇੰਦਰ ਜਿਹੇ ਦੇਵਤੇ ਦੈਂਤਾਂ ਕੋਲੋ ਹਾਰ ਖਾ ਕੇ ਦੁਰਗਾ ਕੋਲ ਸੁਰਖਿਆ ਲਈ ਬੇਨਤੀ ਕਰਦੇ ਹਨ। ਉਹ ਪਲਾਂ ਵਿਚ ਮੀਨਾਰਾਂ ਵਰਗੇ ਦੈਂਤਾਂ ਨੂੰ ਧਰਤੀ ਤੇ ਪਟਕਾ ਮਾਰਦੀ ਹੈ। ਇਸ ਅਲੰਕਾਰ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਔਰਤ ਸ਼ਕਤੀ ਨੂੰ ਸਵੀਕਾਰਿਆ ਅਤੇ ਸਤਿਕਾਰਿਆ ਹੈ।

ਸਿਖ ਸਮਾਜ ਵਿਚ ਔਰਤ ਕਿੰਨੀ ਖੁੱਲ੍ਹ ਨਾਲ ਵਿਚਰ ਸਕਦੀ ਹੈ, ਇਹ ਜਾਨਣ ਲਈ ਸ੍ਰ. ਕਰਮ ਸਿੰਘ ਅਤੇ ਗਿਆਨੀ ਤਰਲੋਕ ਸਿੰਘ ਵਰਗੇ ਲੇਖਕਾਂ ਰਾਹੀਂ ਲਿਖੇ ਸਿਖ ਇਤਿਹਾਸ ਨਾਲ ਸਬੰਧਿਤ ਨਾਵਲਾਂ ਦਾ ਅਧਿਐਨ ਕਰਨ ਦੀ ਲੋੜ ਹੈ। ਨਿਰਭੈ ਕੌਰ, ਬਹਾਦਰ ਜਗਜੀਤ

ਕੌਰ ਅਤੇ ਹੋਰ ਅਨੇਕਾਂ ਬਹਾਦਰ ਸਿੰਘਣੀਆਂ ਦਾ ਜੀਵਨ ਦੇ ਹਰ ਖੇਤਰ ਵਿਚ ਮਰਦਾਂ ਵਾਂਗ ਵਿਚਰਨਾ ਇਸ ਗੱਲ ਦੀ ਗੁਆਹੀ ਭਰਦਾ ਹੈ ਕਿ ਸਿੱਖ ਇਸਤਰੀ ਹਰ ਖੇਤਰ ਵਿਚ ਪੂਰਨ ਬਰਾਬਰੀ ਦੀ ਮਾਲਕ ਸੀ। ਇਹ ਬਹਾਦਰ ਇਸਤਰੀਆਂ ਜੰਗ ਦੇ ਮੈਦਾਨ ਵਿਚ ਜੂਝੀਆਂ, ਭੇਸ ਵਟਾ ਕੇ ਸੂਹੀਏ ਦਾ ਕੰਮ ਜਿੰਮੇਵਾਰੀ ਨਾਲ ਨਿਭਾਇਆ, ਵੀਰਾਂ ਦੀਆਂ ਸਲਾਹਕਾਰ ਬਣੀਆਂ। ਆਪ ਤਾਂ ਗਿਆਨਵਾਨ ਸਨ ਹੀ, ਸੰਪਰਕ ਵਿਚ ਆਉਣ ਵਾਲੀਆਂ ਇਸਤਰੀਆਂ ਨੂੰ ਵੀ ਸੰਥਿਆ ਦੇ ਕੇ ਗਿਆਨਵਾਨ ਬਣਾਇਆ। ਅੰਗਰੇਜ਼ ਸਰਕਾਰ ਅਨੁਸਾਰ ਪੰਜਾਬ ਵਿਚ ਇਕੋ ਇਕ ਮਰਦ ਸੀ ਅਤੇ ਉਹ ਸੀ ਰਾਣੀ ਜਿੰਦਾਂ। ਰਾਣੀ ਸਦਾ ਕੌਰ ਨੇ ਜੰਗ ਦੇ ਮੈਦਾਨ ਵਿਚ ਪਤੀ ਦੀ ਲੋਥ ਤੋਂ ਹਥਿਆਰ ਲੈ ਆਪ ਮੈਦਨੇ ਜੰਗ ਵਿਚ ਜੂਝ ਦਿਖਾਇਆ। ਸਿਖ ਰਾਜ ਦੀ ਕਾਇਮੀ ਦਾ ਸਿਹਰਾ ਰਾਣੀ ਸਦਾ ਕੌਰ ਦੇ ਸਿਰ ਹੀ ਜਾਂਦਾ ਹੈ।

ਛੋਟੇ ਘੱਲੂਘਾਰੇ ਦੇ ਸਮੇਂ ਦੇ ਹਾਲਾਤ ਨੂੰ ਚਿਤਰਦਾ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਆਦਰਸ਼ਕ ਸਿਖ ਇਸਤਰੀ ਦੀ ਤਸਵੀਰ ਨੂੰ ਪੇਸ਼ ਕਰਦਾ ਹੈ। ਬਹਾਦਰ ਸੁੰਦਰੀ, ਆਤਮ ਵਿਸ਼ਵਾਸ ਦੀ ਮੂਰਤ ਇਕਲੀ ਜੰਗਲਾਂ ਬੇਲਿਆਂ ਵਿਚ ਘੁੰਮਦੀ ਹੈ, ਨਿਮਰਤਾ ਦੀ ਪੁੰਜ ਹੈ, ਪਰ ਲੋੜ ਪੈਣ ਤੇ ਚੰਡੀ ਬਣ ਵੈਰੀਆਂ ਦਾ ਸੰਘਾਰ ਕਰਨਾ ਜਾਣਦੀ ਹੈ। ਆਪਣੇ ਅੰਤ ਸਮੇਂ ਆਪਣੇ ਵੀਰਾਂ ਨੂੰ ਸੰਬੋਧਨ ਕਰਦੀ ਹੋਈ ਉਹ ਔਰਤਾਂ ਦੀ ਆਜ਼ਾਦੀ ਦੀ ਲਹਿਰ ਦੀ ਮੋਢੀ ਬਣੀ ਪ੍ਰਤੀਤ ਹੁੰਦੀ ਹੈ......... "ਮੇਰੀ ਪ੍ਰਾਰਥਨਾ ਹੈ ਤੁਸੀਂ ਆਪਣੀਆਂ ਇਸਤਰੀਆਂ ਨੂੰ ਸਾਥੀ ਜਾਣਿਓ ਤੇ ਨੀਚ ਨਾ ਬਣਾਇਓ। ਜਦ ਉਹਨਾਂ ਨੂੰ ਨੀਚ ਜਾਣੋਗੇ, ਉਹਨਾਂ ਪਰ ਬੇਤਰਸ ਕਰੜਾਈ ਕਰੋਗੇ, ਅਰ ਜਦ ਪਰ ਨਾਰੀ ਨੂੰ ਮੰਦੀ ਦ੍ਰਿਸ਼ਟੀ ਨਾਲ ਦੇਖੋਗੇ, ਤਦ ਹੀ ਆਪਣੇ ਤੇਜ ਪ੍ਰਤਾਪ ਦਾ ਗਿਰਾਓ ਜਾਣਿਓ।" ਫਿਰ ਭੈਣਾਂ ਨੂੰ ਸੰਬੋਧਨ ਕਰਦੀ ਹੈ ...... "ਜਦ ਤਕ ਤੁਸੀਂ ਸ਼ੁੱਧ ਸਿੰਘਣੀਆਂ ਹੋ, ਪੰਥ ਤਕੜਾ ਹੈ, ਜਦ ਪਤੀ ਸਿੰਘ ਤੇ ਤੁਸੀਂ ਕੁਝ ਹੋਰ ਹੋਈਆਂ, ਤਦ ਹੀ ਤੁਹਾਡੀ ਗਤੀ ਮਾੜੀ ਹੋ ਜਾਏਗੀ। ਬਸ ਜਦੋਂ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਤੋਂ ਮੂੰਹ ਮੋੜ ਕੇ ਹੋਰ ਪੂਜਾ ਤੇ ਨੇਮ ਧਾਰੇ ਤਦੋਂ ਹੀ ਤੁਸੀਂ ਸ਼ੂਦਰਾਂ ਵਾਂਗ ਹੋ ਜਾਓਗੀਆਂ। ਤੁਹਾਡੀ ਸੰਤਾਨ ਬੀ ਗਿਦੜ ਹੋ ਜਾਏਗੀ, ਦੁਰਕਾਰ ਤੁਹਾਡੇ ਹਿਸੇ ਆਏਗੀ ਅਰ ਸਤਿਕਾਰ ਉਡ ਜਾਏਗਾ।"

ਸੁੰਦਰੀ ਦੇ ਇਹਨਾਂ ਚੇਤਾਵਨੀ ਭਰੇ ਸ਼ਬਦਾਂ ਵਿਚੋਂ ਅਜ ਵੀ ਔਰਤ ਆਪਣੀਆਂ ਸਮੱਸਿਆਵਾਂ ਦਾ ਹਲ ਭਾਲ ਸਕਦੀ ਹੈ। ਪੂਰਨ ਆਜ਼ਾਦੀ ਦੀ ਚਾਹਵਾਨ ਔਰਤ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲ ਆਜ਼ਾਦੀ ਪਛਮ ਦੀ ਅੰਧਾਧੁੰਦ ਨਕਲ ਵਿਚ ਨਹੀਂ ਬਲਕਿ ਉਤਮ ਵਿਰਸੇ ਦੀ ਸੰਭਾਲ ਵਿਚ ਹੈ, ਜਿਥੇ ਸਹਿਜ ਸੁਭਾ ਬਿਨਾਂ ਕਿਸੇ ਨਾਅਰੇਬਾਜ਼ੀ ਦੇ, ਬਿਨਾਂ ਸਮਾਜ ਵਿਚ ਕਸੈਲਾਪਨ ਪੈਦਾ ਕਰਨ ਦੇ ਇਸਤਰੀ ਨੂੰ ਪੂਰਨ ਆਜ਼ਾਦੀ ਦੇ ਕੇ "ਸਭ ਪ੍ਰਵਾਰੈ ਮਾਹਿ ਸਰੇਸਟ" ਬਣਾਇਆ ਹੈ।

Œ Œ

mwnisk qr q Awzwd Arq dw mK lCx ieh h ik ah ij s vl km ivc rJl h as ivcl as n KSl pwpq hv[

(Betty Ford in 'Women's Thought'.)



# ਗੁਰਮਤਿ ਅਤੇ ਔਰਤਾਂ ਦੀ ਆਜ਼ਾਦੀ ਦੀ ਲਹਿਰ

(GURMAT AND WOMEN LIBERATION MOVEMENT)

ਅੱਜ ਲੋਕਤੰਤਰ ਦੇ ਯੁਗ ਵਿਚ ਬਰਾਬਰੀ ਕੁੰਜੀਵਤ (Keynote) ਸ਼ਬਦ ਬਣ ਕੇ ਉਭਰਿਆ ਹੈ ਤਾਂ ਔਰਤਾਂ ਵੀ ਆਪਣੀ ਆਜ਼ਾਦੀ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਹੀਆਂ ਹਨ। Women Liberation Movement ਇਸੇ ਆਵਾਜ਼ ਵਿਚੋਂ ਨਿਕਲੀ ਇਕ ਅਜਿਹੀ ਲਹਿਰ ਹੈ, ਜੋ ਔਰਤਾਂ ਦੇ ਹਰ ਤਰ੍ਹਾਂ ਦੇ ਹੱਕਾਂ ਦੀ ਰਾਖੀ ਦੀ ਜਾਮਨ ਬਣ ਨਿਬੜੀ ਹੈ। 19ਵੀਂ ਸਦੀ ਦੇ ਅੱਧ ਵਿਚ New York ਦੇ ਇਕ ਪਿੰਡ Seneca Falls ਵਿਚ 32 ਸਾਲਾ Elizabeth Cady Stanton ਦੁਆਰਾ ਸ਼ੁਰੂ ਕੀਤੀ ਗਈ ਇਹ ਲਹਿਰ ਪਿਛਲੇ ਡੇਢ ਸੌ ਤੋਂ ਵੱਧ ਵਰ੍ਹਿਆਂ ਦੇ ਅਰਸੇ ਵਿਚ ਕਦੇ ਮੱਠੀ, ਕਦੀ ਤੇਜ਼ ਚਾਲ ਨਾਲ ਲਗਾਤਾਰ ਚਲੀ ਆ ਰਹੀ ਹੈ। ਇਸ ਲਹਿਰ ਨੇ ਉਦੋਂ ਪੂਰਾ ਜ਼ੋਰ ਪਕੜ ਲਿਆ, ਜਦੋਂ UNO ਨੇ ਮਰਦਾਂ ਅਤੇ ਔਰਤਾਂ ਲਈ ਬਰਾਬਰੀ ਦੇ ਹੱਕਾਂ ਵਿਚ ਆਪਣਾ ਵਿਸਵਾਸ ਪ੍ਰਗਟ ਕਰਕੇ UNO Commission on Status of Women ਸਥਾਪਤ ਕੀਤਾ ਤੇ ਇਹ ਲਹਿਰ ਅਮਰੀਕਾ, ਜਾਪਾਨ, ਇਟਲੀ ਅਤੇ ਹੋਰ ਦੇਸ਼ਾਂ ਵਿਚ ਬੜੀ ਤੇਜ਼ੀ ਨਾਲ ਫੈਲ ਗਈ।

ਇਸ ਲਹਿਰ ਨੇ ਭਾਰਤ ਨੂੰ ਵੀ ਅਣਛੂਤਿਆਂ ਨਹੀਂ ਛੱਡਿਆ ਅਤੇ ਅੱਜ ਭਾਰਤ ਦੀ ਨਾਰੀ ਪੂਰੀ ਤਰ੍ਹਾਂ ਜਾਗਰੂਕ ਹੋ ਆਪਣੇ ਹਰ ਤਰ੍ਹਾਂ ਦੇ ਹੱਕਾਂ ਦੀ ਰਾਖੀ ਲਈ ਜੂਝਣ ਲਈ ਤਿਆਰ ਹੈ। ਅੱਜ ਕੋਈ ਅਜਿਹਾ ਖੇਤਰ ਨਹੀਂ, ਜਿੱਥੇ ਨਾਰੀ ਨੇ ਆਪਣੇ ਲਈ ਨਾਮ ਤੇ ਸਥਾਨ ਨਹੀਂ ਬਣਾਇਆ। ਅੱਜ ਔਰਤ ਆਜ਼ਾਦ ਹੋ ਕੇ ਵਿਚਰ ਰਹੀ ਹੈ ਅਤੇ ਲੋੜ ਪਏ ਤਾਂ ਆਪਣੇ ਹੱਕਾਂ ਦੀ ਰਾਖੀ ਲਈ ਅਦਾਲਤ ਦੇ ਦਰਵਾਜੇ ਖੜਕਾਉਣ ਲਈ ਵੀ ਤਿਆਰ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਆਜ਼ਾਦੀ ਉਪਰੰਤ, ਅਜ ਸੰਵਿਧਾਨ ਵਿਚ ਬਰਾਬਰੀ ਪ੍ਰਾਪਤ ਕਰਨ ਤੋਂ ਬਾਅਦ, ਕੀ ਔਰਤਾਂ ਲਈ ਸਮੱਸਿਆਵਾਂ ਦੂਰ ਹੋ ਗਈਆਂ ਹਨ ? ਕੀ ਅੱਜ ਬਲਾਤਕਾਰ ਜਾਂ ਦਾਜ ਕਾਰਨ ਮੌਤ ਦਾ ਖਾਤਮਾ ਨਜ਼ਰ ਆਉਂਦਾ ਹੈ ? ਕੀ ਨੌਕਰੀ ਕਰਦੀ ਔਰਤ ਦਾ ਸ਼ੋਸ਼ਣ ਨਹੀਂ ਹੋ ਰਿਹਾ ? ਕਿਹਾ ਜਾਂਦਾ ਹੈ ਕਿ ਕਿਸੇ ਸਮਾਜ ਦੀ ਤਰੱਕੀ ਦੀ ਮਿਆਰ ਉਸ ਸਮਾਜ ਦੀ ਔਰਤ ਨੂੰ ਪ੍ਰਾਪਤ ਦਰਜਾ ਹੈ। ਕੀ ਅੱਜ ਦੀ ਪੜ੍ਹੀ-ਲਿਖੀ ਔਰਤ ਦੀ ਆਜ਼ਾਦੀ ਨੇ ਸਮਾਜ ਪਹਿਲੇ ਨਾਲੋਂ ਵਧੀਆ ਬਣਾ ਦਿੱਤਾ ਹੈ ? ਸ਼ਾਇਦ ਇਹਨਾਂ ਸਾਰੇ ਪ੍ਰਸ਼ਨਾਂ ਦਾ ਜੁਆਬ ਨਾਂਹ ਵਿਚ ਹੈ।

ਜੇ ਇਹ ਅਖੌਤੀ ਆਜ਼ਾਦੀ ਹੀ ਸਾਰੀਆਂ ਮੁਸ਼ਕਲਾਂ ਦਾ ਹੱਲ ਹੁੰਦੀ ਤਾਂ ਅੱਜ ਤਲਾਕ ਦਰ ਵਧੀ ਨਾਂ ਹੁੰਦੀ। ਅੱਜ ਨਸ਼ਿਆਂ ਦੀ ਲਤ, Teenage murders ਅਤੇ Teenage

* dK. pnw 24.

abortion ਦੀਆਂ ਅਲਾਮਤਾਂ ਸਾਡੇ ਗਲ ਨਾ ਪੈਂਦੀਆਂ। ਕਿਉਂ ਲੋੜ ਮਹਿਸੂਸ ਹੋ ਰਹੀ ਹੈ, International Year of the Family (1994) ਮਨਾਉਣ ਦੀ ? ਪਰਿਵਾਰ ਦੀ ਸੰਸਥਾ ਉਤਨੀ ਹੀ ਪੁਰਾਣੀ ਹੈ, ਜਿਤਨਾ ਮਨੁੱਖੀ ਸੱਭਿਅਤਾ ਦਾ ਇਤਿਹਾਸ। ਤਾਂ ਫਿਰ ਗਿਆਨ ਦੇ ਹਰ ਖੇਤਰ ਵਿਚ ਮਾਅਰਕੇ ਮਾਰਨ ਤੋਂ ਬਾਅਦ ਵੀ ਕਿਉਂ ਪਰਿਵਾਰ ਦੀ ਸੰਸਥਾ ਦੀ ਹੋਂਦ ਇਤਨੇ ਖਤਰੇ ਵਿਚ ਮਹਿਸੂਸ ਕੀਤੀ ਜਾ ਰਹੀ ਹੈ, ਕਿ UNO ਨੂੰ ਇਕ ਸਾਲ, ਇਸ ਗੱਲ ਦੇ ਲੇਖੇ ਲਾਉਣਾ ਪਏ ਕਿ ਸੰਸਾਰ ਨੂੰ ਪ੍ਰਵਾਰ ਦੀ ਮਹੱਤਤਾ ਦੱਸੀ ਜਾਏ।

ਮੁੱਢ ਕਦੀਮ ਤੋਂ ਔਰਤ ਪਰਿਵਾਰ ਦੀ ਇਕਾਈ ਦਾ ਧੁਰਾ ਮੰਨੀ ਗਈ ਹੈ। ਔਰਤ ਦੀ ਆਜ਼ਾਦੀ ਨਾਲ ਪਰਿਵਾਰ ਦੀ ਸੰਸਥਾ ਦੀ ਬਿਹਤਰੀ ਜੁੜੀ ਹੋਣੀ ਚਾਹੀਦੀ ਹੈ ਤਾਂ ਫਿਰ ਅੱਜ ਅਜਿਹੀ ਹਾਲਤ ਕਿਉਂ ? ਗੁਰਬਾਣੀ ਦੀ ਅਗਵਾਈ ਵਿਚ ਕਿਵੇਂ ਇਸ ਸਮੱਸਿਆ ਨੂੰ ਹੱਲ ਕੀਤਾ ਜਾਏ, ਇਹ ਹੀ ਇਸ ਲੇਖ ਦਾ ਵਿਸ਼ਾ ਹੈ।

ਸਮਾਜਿਕ, ਰਾਜਨੀਤਿਕ ਅਤੇ ਹਰ ਪਹਿਲੂ ਤੋਂ ਜੀਵਨ ਦੀ ਅਗਵਾਈ ਕਰਨ ਦੇ ਸਮੱਰਥ ਹੁੰਦਿਆਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਲ ਰੂਪ ਵਿਚ ਇਕ ਅਧਿਆਤਮਕ ਗ੍ਰੰਥ ਹਨ। ਮਨੁੱਖ ਦੀ ਅਧਿਆਤਮਕ ਖੇਤਰ ਵਿਚ ਅਗਵਾਈ ਕਰਦਿਆਂ ਵਿਚਾਰਾਂ/ਭਾਵਾਂ ਦੇ ਪ੍ਰਗਟਾਅ ਸਮੇਂ ਅਕਸਰ ਗੁਰੂ ਸਾਹਿਬ ਨੇ ਔਰਤ ਦਾ ਬਿੰਬ (Image) ਵਰਤਿਆ ਹੈ। ਜੀਵ ਨੂੰ ਪਤਨੀ ਤੇ ਅਕਾਲਪੁਰਖ ਵਾਹਿਗੁਰੂ ਨੂੰ ਪਤੀ ਦੇ ਰੂਪ ਵਿਚ ਦਰਸਾ ਕੇ ਸਾਰੀ ਅਧਿਆਤਮਕ ਫਿਲਾਸਫੀ ਸਮਝਾਈ ਗਈ ਹੈ।

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੫੯੧)

ਸਾਰੇ ਜੀਵਾਂ (ਸਮੇਤ ਮਰਦਾਂ ਤੇ ਇਸਤਰੀਆਂ) ਨੂੰ ਨਾਰ ਦਾ ਦਰਜਾ ਦੇ ਕੇ ਇਕ ਪੱਧਰ ਤੇ ਲਿਆ ਖੜ੍ਹਾ ਕੀਤਾ ਹੈ। ਹਰ ਪ੍ਰਭੂ ਪਿਆਰਾ ਸੁਹਾਗਣ ਅਖਵਾਉਂਦਾ ਹੈ, ਚਾਹੇ ਸਰੀਰਕ ਤੌਰ ਤੇ ਉਹ ਮਰਦ ਹੈ ਜਾਂ ਇਸਤਰੀ । ਸਪੱਸ਼ਟ ਹੈ ਗੁਰੂ ਸਾਹਿਬ ਨੇ ਔਰਤ ਨੂੰ ਗੁਣ ਰੂਪ ਵਿਚ ਦੇਖਿਆ। ਜਿਸਮ ਰੂਪ ਵਿਚ ਨਹੀਂ। ਉਹਨਾਂ ਲਈ ਸਰੀਰਕ ਰੂਪ ਕੇਵਲ ਵਕਤੀ ਹੀ ਹਨ। ਅਸਲ ਅਤੇ ਸਥਾਈ ਗੱਲ ਤਾਂ ਗੁਣਾਂ ਦੀ ਹੈ। ਗੁਰੂ ਸਾਹਿਬ ਦੀ ਸਿਖਿਆ ਹਰ ਉਸ ਜੀਵ ਲਈ ਹੈ, ਜੋ ਕੁਝ ਖਾਸ ਗੁਣਾਂ ਦਾ ਧਾਰਨੀ ਹੋਣ ਦੀ ਇੱਛਾ ਰੱਖਦਾ ਹੈ ਚਾਹੇ ਉਹ ਮਰਦ ਹੈ ਜਾਂ ਔਰਤ। ਸੋ ਅਧਿਆਤਮਕ ਖੇਤਰ ਵਿਚ ਗੁਰੂ ਸਾਹਿਬ ਲਈ ਮਰਦ ਅਤੇ ਔਰਤ ਬਰਾਬਰ ਹਨ। ਬਰਾਬਰ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਨੂੰ ਔਰਤ ਰੂਪ ਵਿਚ ਦਰਸਾ ਕੇ ਔਰਤ ਨੂੰ ਵਡਿਆਇਆ ਗਿਆ ਹੈ।

ਇੱਥੇ ਇਹ ਗੱਲ ਧਿਆਨ ਰੱਖਣ ਯੋਗ ਹੈ ਕਿ ਜਿੱਥੇ ਅੱਜ ਔਰਤ, ਮਰਦ ਨੂੰ ਆਪਣੇ ਤੋਂ ਉਚਾ ਸਮਝ ਕੇ, ਉਸ ਦੇ ਬਰਾਬਰ ਦਾ ਦਰਜਾ ਮੰਗ ਰਹੀ ਹੈ, ਉਥੇ ਗੁਰਬਾਣੀ ਵਿਚ ਔਰਤ ਨੂੰ **"ਸਭ ਪਰਵਾਰੈ ਮਾਹਿ ਸਰੇਸਟ"** ਮੰਨ ਕੇ ਮਰਦ ਨੂੰ ਕਿਹਾ ਹੈ ਕਿ ਉਹ ਜੀਵ ਇਸਤਰੀ ਬਣ, ਔਰਤ ਦਾ ਦਰਜਾ ਪ੍ਰਾਪਤ ਕਰੇ। ਔਰਤ ਜ਼ਾਤ ਲਈ ਇਹ ਸਭ ਤੋਂ ਵੱਡਾ ਮਾਣ ਹੈ ਕਿ



ਉਸ ਨੂੰ ਅਧਿਆਤਮਕ ਪੰਥ ਉੱਤੇ ਮਰਦ ਦੀ ਪੰਥ ਪ੍ਰਦਰਸ਼ਕ ਮੰਨਿਆ ਗਿਆ ਹੈ। ਗੁਰਬਾਣੀ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਲਈ ਤਰੀਕਾ, ਉਸ ਸੁਹਾਗਣ ਇਸਤਰੀ ਤੋਂ ਪੁੱਛਿਆ ਜਾਣਾ ਚਾਹੀਦਾ ਹੈ, ਜਿਸਨੇ ਆਪਣਾ ਸਹੁ ਪਤੀ ਪਾ ਲਿਆ ਹੈ?

**ਜਾਇ ਪੁਛਹੁ ਸੋਹਾਗਣੀ ਤੁਸਾਂ ਕਿਉਂ ਕਰ ਮਿਲਿਆ ਪ੍ਰਭ ਆਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੧)

ਅਤੇ

**ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥**
**ਸਹਜਿ ਸੰਤੋਖ ਸੀਗਾਰੀਆ ਮਿਠਾ ਬੋਲਣੀ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੭)

ਅਤੇ

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸਿ ਕਰਿ ਤਾਂ ਵਸਿ ਆਵੀ ਕੰਤੁ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੮੪)

ਜਿਵੇਂ ਸਹਿਜ, ਸੰਤੋਖ, ਮਿੱਠਾ ਬੋਲਣਾ, ਨਿਵ ਕੇ ਚਲਣਾ ਆਦਿ ਅਜਿਹੇ ਗੁਣ ਹਨ, ਜਿਨ੍ਹਾਂ ਨੂੰ ਧਾਰਨ ਕਰਕੇ ਇਸਤਰੀ ਆਪਣੇ ਸਹੁਰੇ ਘਰ ਵਿਚ ਮਾਣ ਪ੍ਰਾਪਤ ਕਰਦੀ ਹੈ, ਇਸੇ ਤਰ੍ਹਾਂ ਜੀਵ ਇਸਤਰੀ ਇਹਨਾਂ ਗੁਣਾਂ ਨੂੰ ਧਾਰਨ ਕਰ ਕੇ ਪ੍ਰਭੂ ਪਤੀ ਨੂੰ ਪਾ ਲੈਂਦੀ ਹੈ।

ਜੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਸਮਾਜਿਕ ਸੰਦਰਭ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾਏ ਤਾਂ ਪਤਾ ਲੱਗਦਾ ਹੈ ਕਿ ਇਹ ਫਿਲਾਸਫੀ ਸਮਾਜਕ ਖੇਤਰ ਵਿਚ ਵੀ ਉਤਨੀ ਹੀ ਸਾਰਥਕ ਹੈ, ਜਿਤਨੀ ਅਧਿਆਤਮਕ ਖੇਤਰ ਵਿਚ। ਗੁਰਬਾਣੀ ਵਿਚ ਜੀਵ ਇਸਤਰੀ ਨੂੰ '**ਬਤੀਹ ਸੁਲਖਣੀ**' ਕਿਹਾ ਗਿਆ ਹੈ। ਸਮਾਜਕ ਜੀਵਨ ਵਿਚ ਵਿਚਰਦਿਆਂ ਜਦੋਂ ਇਸਤਰੀ ਬਤੀਹ ਸੁਲੱਖਣੀ ਬਣ ਜਾਂਦੀ ਹੈ ਤਾਂ ਪਰਵਾਰ ਅਤੇ ਸਮਾਜ ਦੀ ਕਾਇਆ ਕਲਪ ਹੋ ਜਾਂਦੀ ਹੈ:

**ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥**
**ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖ ਦੇਰ ਜੇਠਾਨੀ॥**
**ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥**
**ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੭੧)

ਇੱਥੇ **ਬਤੀਹ ਸੁਲਖਣੀ*** ਤੋਂ ਭਾਵ ਹੈ ਸ਼ੁਭ ਗੁਣਾਂ ਨਾਲ ਭਰਪੂਰ ਇਸਤਰੀ। ਅਜਿਹੀ ਇਸਤਰੀ ਉੱਤਮ ਸੰਤਾਨ ਦੀ ਮਾਤਾ ਬਣਦੀ ਹੈ ਅਤੇ '**ਸਭ ਪਰਵਾਰੈ ਮਾਹਿ ਸਰੇਸਟ**' ਬਣ ਜਾਂਦੀ ਹੈ, ਜੋ ਗਲਤ ਰਸਤੇ ਲੱਗੇ ਦੇਵਰ ਤੇ ਜੇਠ ਨੂੰ ਵੀ ਸਿੱਧੇ ਰਸਤੇ ਪਾਉਣ ਦੀ ਸਮਰੱਥਾ ਰੱਖਦੀ ਹੈ। ਇਕ ਅਨਪੜ੍ਹ ਅਤੇ ਗਵਾਰ ਔਰਤ ਕਿਸੇ ਨੂੰ ਸਿੱਧੇ ਰਸਤੇ ਨਹੀਂ ਪਾ ਸਕਦੀ। ਸਪੱਸ਼ਟ ਹੈ ਕਿ ਉਮੀਦ ਰੱਖੀ ਜਾਂਦੀ ਹੈ ਕਿ ਇਸਤਰੀ ਵਿਦਿਆਵਤੀ ਹੋਏ। ਜਿਸ ਘਰ ਵਿਚ ਅਜਿਹੀ ਇਸਤਰੀ ਪ੍ਰਗਟ ਹੋ ਜਾਂਦੀ ਹੈ, ਜੋ ਇਕ ਚੰਗੀ ਮਾਤਾ ਅਤੇ ਚੰਗੀ ਪਤਨੀ

ਹੈ, ਉਥੇ '**ਸੁਖੇ ਸੁਖ ਵਿਹਾਇ**' ਹੋ ਜਾਂਦਾ ਹੈ। ਅਜਿਹੀ ਇਸਤਰੀ ਨਾ ਕੇਵਲ ਪਰਵਾਰ ਨੂੰ ਸਗੋਂ ਸਮਾਜ ਨੂੰ ਉੱਤਮ ਬਣਾ ਉਥੇ ਵੀ '**ਸੁਖੇ ਸੁਖਿ ਵਿਹਾਇ**' ਵਾਲੀ ਸੁਖਾਵੀਂ ਸਥਿਤੀ ਪੈਦਾ ਕਰ ਦੇਂਦੀ ਹੈ।

ਇੱਥੇ ਇਹ ਧਿਆਨ ਯੋਗ ਹੈ ਕਿ ਜਿੱਥੇ ਨਿਮਰਤਾ, ਮਿਠਾਸ, ਸੁਹਜ ਵਿਦਿਆ ਆਦਿ ਤੇ ਜ਼ੋਰ ਦਿੱਤਾ ਗਿਆ ਹੈ, ਉਥੇ ਸੂਰਬੀਰਤਾ ਦਾ ਗੁਣ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਜੇ ਔਰਤ ਸੂਰਬੀਰ ਨਹੀਂ ਹੋਏਗੀ ਤਾਂ **"ਰੰਨਾ ਹੋਈਆਂ ਬੋਧੀਆਂ, ਪੁਰਸ ਹੋਏ ਸਈਆਦ"** ਵਾਲੀ ਸਥਿਤੀ ਉਤਪੰਨ ਹੋ ਜਾਵੇਗੀ। ਔਰਤ ਦੀ ਕਮਜ਼ੋਰੀ, ਮਰਦ ਨੂੰ ਜ਼ਾਲਮ ਬਣਨ ਦੀ ਖੁੱਲ੍ਹ ਦੇ ਦੇਵੇਗੀ। ਨਰੋਏ ਸਮਾਜ ਦੀ ਕਲਪਨਾ ਵਿਚ ਗੁਰੂ ਸਾਹਿਬ ਨੂੰ ਇਹ ਮਨਜ਼ੂਰ ਨਹੀਂ।

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੪੨)

ਗੁਰੂ ਸਾਹਿਬ ਦਾ ਇਹ ਸੁਨੇਹਾ ਸਾਰੀਆਂ ਜੀਵ ਇਸਤਰੀਆਂ ਲਈ ਇਕੋ ਜਿਹਾ ਹੈ। ਭਾਵੇਂ ਉਹ ਸਰੀਰਕ ਤੌਰ ਤੇ ਮਰਦ ਹਨ ਜਾਂ ਇਸਤਰੀਆਂ। ਸੋ ਗੁਰਬਾਣੀ ਅਨੁਸਾਰ ਇਸਤਰੀ ਨੇ ਨਿਮਰਤਾ, ਹਲੀਮੀ, ਮਿਠਾਸ, ਲੱਜਾ ਆਦਿ ਗੁਣਾਂ ਦੀ ਧਾਰਨੀ ਹੁੰਦੇ ਹੋਏ ਸੂਰਬੀਰਤਾ ਦੇ ਗੁਣ ਦੀ ਵੀ ਮਾਲਕ ਬਣਨਾ ਹੈ। ਗੁਰਮਤਿ ਜਿੱਥੇ ਇਸਤਰੀ ਨੂੰ **"ਨਿਵਣੁ ਸੁ ਅਖਰ ਖਵਣੁ ਗੁਣੁ"** ਦਾ ਆਦਰਸ਼ ਦੇ ਕੇ ਚੰਗੀ ਮਾਤਾ ਅਤੇ ਚੰਗੀ ਪਤਨੀ ਬਣਨ ਲਈ ਅਗਵਾਈ ਕਰਦੀ ਹੈ, ਉਥੇ ਇਸਤਰੀ ਨੂੰ ਖੁਲ੍ਹ ਦੇਂਦੀ ਹੈ ਕਿ ਲੋੜ ਸਮੇਂ ਚੰਡੀ ਦਾ ਰੂਪ ਧਾਰ, ਮਾਈ ਭਾਗੋ ਬਣ ਲੜਾਈ ਦੇ ਮੈਦਾਨ ਵਿਚ ਵੈਰੀਆਂ ਦੇ ਦੰਦ ਖੱਟੇ ਕਰਨ ਲਈ ਤਿਆਰ ਹੋਏ ਅਤੇ ਮਾਤਾ ਸੁੰਦਰੀ ਵਾਂਗ ਬਿਖੜੇ ਸਮੇਂ ਸਫਲ ਰਾਜਨੀਤੀਵਾਨ ਬਣਨ ਦੀ ਸਮਰੱਥਾ ਰੱਖਦੀ ਹੋਵੇ।

ਅੱਜ ਦੀ ਅਖੋਤੀ ਪੜ੍ਹੀ-ਲਿਖੀ ਆਜ਼ਾਦ ਔਰਤ ਨਿਮਰਤਾ ਅਤੇ ਹਲੀਮੀ ਨੂੰ ਕਮਜੋਰੀ ਦੀ ਨਿਸ਼ਾਨੀ ਸਮਝ, ਇਹਨਾਂ ਗੁਣਾਂ ਨੂੰ ਤਿਆਗ, ਮਰਦ ਦੇ ਬਰਾਬਰ ਬਣਨ ਦੀ ਦੌੜ ਵਿਚ ਉਸਦੀ ਵਿਰੋਧੀ ਬਣ ਗਈ ਹੈ ਅਤੇ ਆਪਣੇ ਅੱਧੇ ਅੰਗ ਨਾਲੋਂ ਨਿੱਖੜ, ਲੰਗੜੀ ਹੋਈ ਜਿੰਦਗੀ ਬਿਤਾਉਣ ਲਈ ਮਜ਼ਬੂਰ ਹੈ। ਇਸ ਮਜ਼ਬੂਰੀ ਵਿਚ ਉਹ ਆਪਣੇ ਆਪ ਨੂੰ ਦੂਹਰੀਆਂ ਤੀਹਰੀਆਂ ਜਿੰਮੇਵਾਰੀਆਂ ਦੀ ਲਪੇਟ ਵਿਚ ਲੈ ਤਾਂ ਬੈਠੀ ਹੈ, ਪਰ ਸ਼ਾਇਦ ਇਹ ਮਾਨਸਿਕ ਭਾਰ ਸਹਿ ਸਕਣਾ, ਉਸ ਦੇ ਵੱਸ ਦਾ ਰੋਗ ਨਹੀਂ ਰਿਹਾ। ਉਹ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਣ ਵਿਚ ਅਸਫਲ ਰਹੀ ਹੈ। ਨਤੀਜੇ ਵਜੋਂ ਪਰਿਵਾਰ ਦੀ ਇਕਾਈ ਖਿੰਡ ਰਹੀ ਹੈ। ਇਸੇ ਕਾਰਣ ਨਿਰਾਸ਼ਾ ਅਤੇ ਕੁੰਠਾ ਵਿਚ ਘਿਰੀ ਹੋਈ, ਅੱਜ ਦੀ ਪੀੜ੍ਹੀ ਨਸ਼ਿਆਂ ਅਤੇ AIDS ਵਰਗੀਆਂ ਭਿਅੰਕਰ ਸਮੱਸਿਆਵਾਂ ਵਿਚ ਘਿਰੀ ਆਉਂਦੀ ਹੈ ਅਤੇ ਆਪਣੇ ਬਚਾਅ ਲਈ ਛਟਪਟਾ ਰਹੀ ਹੈ, ਪਰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਸੰਸਾਰ ਅੱਜ ਇਸ ਨਤੀਜੇ ਤੇ



ਪਹੁੰਚ ਰਿਹਾ ਹੈ ਕਿ ਸਹਿਜ ਜੀਵਨ ਜੀਉਣ ਲਈ ਇਸਤਰੀ ਗੁਣਾਂ ਦੀ ਜਿਆਦਾ ਲੋੜ ਹੈ।

Dr. H.B. Danesh M.D. ਜੋ University of Ottawa ਵਿਚ Associate Professor of Psychiatry & Family Medicine ਰਹੇ ਹਨ, ਆਪਣੀ ਕਿਤਾਬ Violence Free Family ਵਿਚ ਪੰਨਾ 34 ਤੇ ਲਿਖਦੇ ਹਨ:

But the Scales are already shifting. Force is losing its weight and mental alertness, intuition, and the spiritual qualities of love and service in which woman is strong, are gaining ascendency. Hence, the new age will be less masculine, and more permeated with feminine ideals or to speak more exactly, in which the masculine and feminine elements of civilization will be more properly balanced.

ਭਾਵ: ਹੁਣ ਪਾਸਾ ਪਲਟ ਰਿਹਾ ਹੈ। ਜ਼ੋਰ ਅਤੇ ਖੋਹਾ-ਖੋਹਾਈ ਦਾ ਪਾਸਾ ਪਿਛੇ ਪੈ ਗਿਆ ਹੈ ਅਤੇ ਮਾਨਸਿਕ ਚੇਤਨਤਾ ਅਤੇ ਹੋਰ ਅਧਿਆਤਮਕ ਅਤੇ ਸੇਵਾ ਭਾਵ ਵਾਲੇ ਗੁਣਾਂ ਦਾ ਜਿਨ੍ਹਾਂ ਵਿਚ ਇਸਤਰੀ ਦਾ ਪਲੜਾ ਭਾਰੀ ਹੈ, ਦੀ ਹੁਣ ਵਧੇਰੇ ਲੋੜ ਪ੍ਰਤੀਤ ਹੋ ਰਹੀ ਹੈ। ਇਸੇ ਲਈ ਭਵਿੱਖ ਵਿਚ ਉਸਰ ਰਹੇ ਨਵੇਂ ਸੰਸਾਰ ਨੂੰ ਇਸਤਰੀ ਗੁਣਾਂ ਦੀ ਮਹੱਤਤਾ ਬਾਰੇ ਸੋਝੀ ਆ ਰਹੀ ਹੈ। ਨਵੀਂ ਉਸਰ ਰਹੀ ਸੱਭਿਅਤਾ ਵਿਚ ਨਰ ਅਤੇ ਮਾਦਾ ਗੁਣ ਠੀਕ ਅਨੁਪਾਤ ਵਿਚ ਹੋਣੇ ਜ਼ਰੂਰੀ ਹੋਣਗੇ।

ਅੱਜ ਸੰਸਾਰ ਗੁਰਮਤਿ ਦੀ ਇਸ ਸਚਾਈ ਨੂੰ ਪ੍ਰਵਾਨ ਕਰਨ ਲਈ ਤਿਆਰ ਬੈਠਾ ਹੈ ਕਿ ਜੀਵਨ ਸੁਚਾਰੂ ਰੂਪ ਵਿਚ ਜੀਉਣ ਲਈ ਇਸਤਰੀ ਗੁਣਾਂ ਦੀ ਜਿਆਦਾ ਲੋੜ ਹੈ। ਗੁਰਮਤਿ ਦੀ ਸਾਰੀ ਫਿਲਾਸਫੀ ਇਸੇ ਸਿਧਾਂਤ ਤੇ ਅਧਾਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਮਨੁੱਖਤਾ ਨੂੰ ਇਸਤਰੀ ਗੁਣਾਂ ਦੇ ਧਾਰਨੀ ਬਣਨ ਤੇ ਜ਼ੋਰ ਦਿੱਤਾ ਗਿਆ ਹੈ। ਅੱਜ ਦੀ ਔਰਤ ਨੂੰ ਇਸ ਗੁੰਝਲਮਈ ਜੀਵਨ ਦੀਆਂ ਚੁਣੌਤੀਆਂ ਨੂੰ ਸਫਲਤਾ ਪੂਰਵਕ ਪ੍ਰਵਾਨ ਕਰਨ ਲਈ ਲੋੜੀਂਦਾ ਆਤਮਕ ਬਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਚੱਲ ਕੇ ਹੀ ਪ੍ਰਾਪਤ ਹੋ ਸਕੇਗਾ। ਇਸੇ ਵਿਚ ਹੀ ਉਸਦਾ ਅਤੇ ਸੰਸਾਰ ਦਾ ਬਚਾਅ ਹੈ।

Œ Œ

vrqmwn sm iesqrIAW ies krk nwKS hn ikaik ah ies BIK ivc hn ik anW dIAW Aq mrdW dIAW lVW Aq KwihSW iek ijhIAW hn[ ies Bwvnw n ahnW n hr vI mwnisk dbwA ivc pw idqw h[

(Daniel Crittenden in 'What our Mother's did not tell us')

# ਅਜੋਕੀ ਵਿੱਦਿਅਕ ਪ੍ਰਣਾਲੀ ਮਨੁੱਖੀ ਕਦਰਾਂ ਕੀਮਤਾਂ ਦੇ ਸੰਦਰਭ ਵਿਚ

ਅਮਰੀਕਨ ਸਮਾਜ ਬਾਰੇ ਇਕ ਕਹਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਨੌਜਵਾਨ ਲੜਕਾ ਪਾਦਰੀ ਦਾ ਵਖਿਆਨ ਪਸੰਦ ਨਾ ਆਉਣ ਕਾਰਨ ਉਸ ਦਾ ਕਤਲ ਕਰ ਦਿੰਦਾ ਹੈ ਅਤੇ ਘਰ ਆ ਕੇ ਮਾਂ ਨੂੰ ਸਭ ਕੁਝ ਦੱਸ ਦੇਂਦਾ ਹੈ। ਪੁੱਤਰ ਮੋਹ ਦੇ ਨਸ਼ੇ ਵਿਚ ਮਾਂ, ਸਭ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ, ਉਸ ਦੀ ਜਾਨ ਬਚਾਉਣ ਲਈ, ਖਾਣ-ਪੀਣ ਦਾ ਰੱਜਵਾਂ ਸਮਾਨ ਦੇ ਕੇ ਕੁਝ ਦਿਨ ਲਈ ਉਸ ਨੂੰ ਸ਼ਹਿਰੋਂ ਬਾਹਰ ਭੇਜ ਦਿੰਦੀ ਹੈ ਅਤੇ ਆਪ ਪਾਦਰੀ ਦੀਆਂ ਅੰਤਮ ਰਸਮਾਂ ਵਿਚ ਸ਼ਾਮਲ ਹੋ ਕੇ ਜ਼ੋਰ-ਸ਼ੋਰ ਨਾਲ ਪੁਲਿਸ ਨੂੰ ਭੰਡਦੀ ਹੈ ਅਤੇ ਦੋਸ਼ ਲਾਉਂਦੀ ਹੈ ਕਿ ਉਹ ਕਾਤਲ ਨੂੰ ਪਕੜਨ ਵਿਚ ਅਸਮਰਥ ਰਹੇ ਹਨ।

ਕੁਝ ਦਿਨ ਬੀਤ ਜਾਣ ਤੇ ਪੁੱਤਰ ਘਰ ਵਾਪਸ ਆਉਂਦਾ ਹੈ ਅਤੇ ਰਸੋਈ ਘਰ ਵਿਚ ਕੰਮ ਵਿਚ ਮਗਨ ਮਾਂ ਨੂੰ ਆ ਮਿਲਦਾ ਹੈ। ਮਾਤਾ ਉਸਨੂੰ ਹੋਰ ਖਾਣ-ਪੀਣ ਦਾ ਸਮਾਨ ਦੇਣ ਦੇ ਆਹਰ ਵਿਚ ਲੱਗ ਪੈਂਦੀ ਹੈ, ਪਰ ਪੁੱਤਰ ਮਾਂ ਨਾਲ ਗਿਲ੍ਹਾ ਕਰਦਾ ਹੈ ਕਿ ਜੀਵਨ ਜੀਊਣ ਲਈ ਕੇਵਲ ਰੋਟੀ ਦੀ ਹੀ ਲੋੜ ਨਹੀਂ, ਜੋ ਉਸਨੂੰ ਮਾਂ ਨੇ ਰੱਜਵੀਂ ਦਿੱਤੀ ਹੈ। ਉਸਨੂੰ ਜੀਵਨ ਜੀਊਣ ਲਈ ਕਿਸੇ ਉਚ ਜੀਵਨ ਆਦਰਸ਼ ਦੀ ਲੋੜ ਵੀ ਸੀ, ਜੋ ਮਾਂ ਉਸਨੂੰ ਦੇਣ ਵਿਚ ਅਸਫਲ ਰਹੀ ਹੈ।

ਆਦਰਸ਼ ਦੀ ਘਾਟ ਕਾਰਣ ਪੈਦਾ ਹੋਏ ਖਾਲੀਪਨ ਦੀ ਅਸਹਿ ਮਾਨਸਿਕ ਪੀੜਾ ਦਾ ਸ਼ਿਕਾਰ ਪੁੱਤਰ ਮਾਂ ਨੂੰ ਗੋਲੀ ਮਾਰ ਦਿੰਦਾ ਹੈ। ਘਟਨਾ ਸਥਾਨ ਤੇ ਪੁਲੀਸ ਨੂੰ ਮਾਂ ਦੀ ਲਾਸ਼ ਦੇ ਨਾਲ ਹੀ ਪੁੱਤਰ ਦੀ ਲਾਸ਼ ਵੀ ਪਈ ਮਿਲਦੀ ਹੈ ਅਤੇ ਨਾਲ ਹੀ ਪਈ ਮਿਲਦੀ ਹੈ ਇਕ ਬੰਦੂਕ ਜਿਸ ਵਿਚ ਤਿੰਨ ਕਾਰਤੂਸ ਹਨ। ਆਤਮਘਾਤ ਕਰਨ ਤੋਂ ਪਹਿਲਾਂ ਪੁੱਤਰ ਨੇ ਇਕ ਰੁੱਕਾ ਲਿਖਿਆ ਸੀ, ਜਿਸ ਅਨੁਸਾਰ ਤਿੰਨਾਂ ਕਾਰਤੂਸਾਂ ਵਿਚੋਂ ਇਕ ਨਾਕਾਬਿਲ ਪੁਲਿਸ ਲਈ, ਦੂਜਾ ਉਸ ਵਰਗੇ ਅਭਾਗੇ ਕਾਤਲਾਂ ਲਈ ਅਤੇ ਤੀਜਾ ਸਮਾਜ ਲਈ, ਜੋ ਅਜਿਹੀਆਂ ਮਾਵਾਂ ਪੈਦਾ ਕਰਦਾ ਹੈ, ਜੋ ਬੱਚਿਆਂ ਦੀਆਂ ਕੇਵਲ ਸਰੀਰਕ ਲੋੜਾਂ ਪੂਰੀਆਂ ਕਰਨ ਦੇ ਸਾਧਨ ਜੁਟਾਉਂਦੀਆਂ ਹਨ ਅਤੇ ਉਹਨਾਂ ਨੂੰ ਜੀਵਨ ਮਕਸਦ ਪੂਰਾ ਕਰਨ ਲਈ ਕੋਈ ਉੱਚ ਆਦਰਸ਼ ਨਹੀਂ ਦੇਦੀਆਂ।

ਰੌਂਗਟੇ ਖੜੇ ਕਰਨ ਵਾਲੀ ਇਹ ਕਹਾਣੀ ਸਾਡੇ ਸਾਹਮਣੇ ਇਕ ਬੜਾ ਵੱਡਾ ਪ੍ਰਸ਼ਨ ਚਿੰਨ੍ਹ ਛੱਡ ਜਾਂਦੀ ਹੈ। ਕੀ ਸੰਤਾਨ ਲਈ ਸਾਰੇ ਸਰੀਰਕ ਸੁੱਖ ਦੇ ਸਾਧਨ ਜੁਟਾ ਲੈਣ ਨਾਲ ਹੀ ਮਾਤਾ-ਪਿਤਾ ਦੀਆਂ ਜਿੰਮੇਵਾਰੀਆਂ ਖਤਮ ਹੋ ਜਾਂਦੀਆਂ ਹਨ? ਜਾਂ ਫਿਰ ਇਸ ਤੋਂ ਉਚੇਰਾ



ਕੋਈ ਹੋਰ ਫਰਜ਼ ਮਾਤਾ-ਪਿਤਾ, ਅਧਿਆਪਕਾਂ ਅਤੇ ਸਮਾਜ ਦਾ ਹੈ ?

ਉਪਰੋਕਤ ਕਹਾਣੀ ਵਿਚ ਮਾਨਸਿਕ ਪੀੜਾ ਨਾਲ ਗ੍ਰਸਤ ਬੱਚਾ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਮਜਬੂਰ ਹੈ ਕਿਉਂਕਿ ਵਧੀਆ ਕੱਪੜੇ, ਵਧੀਆ ਭੋਜਨ ਅਤੇ ਹੋਰ ਸਾਜੋ- ਸਮਾਨ ਵਿਚੋਂ ਉਸ ਨੂੰ ਕੋਈ ਸਕੂਨ ਨਹੀਂ ਮਿਲਦਾ। ਲਗਾਤਾਰ ਇਸ ਦਸ਼ਾ ਵਿਚ ਰਹਿਣਾ ਉਸ ਲਈ ਅਸਹਿ ਹੈ ਅਤੇ ਕੁਝ ਨਾ ਕਰ ਸਕਣ ਦੀ ਮਜਬੂਰੀ ਉਸ ਦੇ ਗੁੱਸੇ ਦਾ ਕਾਰਣ ਬਣਦੀ ਹੈ। ਪਹਿਲਾ ਗੁੱਸਾ ਉਹ ਪਾਦਰੀ ਨੂੰ ਮਾਰ ਕੇ ਧਾਰਮਿਕ ਸਮਾਜ ਉੱਤੇ ਕੱਢਦਾ ਹੈ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਮਾਤਾ ਜੀਵਨ ਨੂੰ ਜੀਊਣ ਯੋਗ ਬਣਾਉਣ ਵਾਲੀਆਂ ਉਚੇਰੀਆਂ ਕਦਰਾਂ ਕੀਮਤਾਂ ਭੁੱਲ ਜਾਂਦੀ ਹੈ। ਮਾਂ ਦੀ ਇਸ ਅਸਫਲਤਾ ਕਾਰਣ ਉਸ ਦੀ ਜਿੰਦਗੀ ਵਿਚ ਆਇਆ ਖਲਾਅ ਉਸ ਦੇ ਮਨ ਵਿਚ ਗੁੱਸਾ ਪੈਦਾ ਕਰਦਾ ਹੈ, ਜਿਸ ਦੀ ਅਸਹਿ ਪੀੜਾ ਤੋਂ ਉਸਨੂੰ ਪਾਦਰੀ ਦੇ ਕਤਲ ਤੋਂ ਬਾਅਦ, ਮਾਂ ਦਾ ਕਤਲ ਕਰਕੇ ਵੀ ਛੁਟਕਾਰਾ ਨਹੀਂ ਮਿਲਦਾ। ਰੂਹ ਨੂੰ ਤਸੱਲੀ ਦੇਣ ਵਾਲੀ ਕੁਝ ਵੀ ਪ੍ਰਾਪਤੀ ਤੋਂ ਬੇ-ਆਸ ਹੋਣ ਕਰਕੇ, ਉਹ ਆਪਣੇ ਆਪ ਨੂੰ ਮਾਰਨ ਲਈ ਮਜਬੂਰ ਹੈ। ਮਰਨ ਤੋਂ ਪਹਿਲਾਂ ਲਿਖੇ ਰੁੱਕੇ ਵਿਚ ਉਸਦਾ ਸਮਾਜ ਅਤੇ ਸਮਾਜਿਕ ਪ੍ਰਬੰਧ ਪ੍ਰਤੀ ਪ੍ਰਗਟਾਇਆ ਗੁੱਸਾ ਸਾਨੂੰ ਕੁਝ ਸੋਚਣ ਲਈ ਮਜ਼ਬੂਰ ਕਰਦਾ ਹੈ।

ਅੰਗ੍ਰੇਜੀ ਦੀ ਇਕ ਲੇਖਿਕਾ Katheline Hende ਆਪਣੀ ਰਚਨਾ 'Young Killers' ਵਿਚ ਲਿਖਦੀ ਹੈ: "Many young killers growing up in 1990's have little or nothing else to lose. These are the kids who are angry, frequently in pain and too often unattached to other human beings due to experiences in their homes and neighbourhood environment."

ਭਾਵ: 1990ਵਿਆਂ ਵਿਚ ਵੱਡੇ ਹੋ ਰਹੇ ਬੱਚਿਆਂ ਕੋਲ ਕੁਝ ਵੀ ਗਵਾਉਣ ਲਈ ਬਾਕੀ ਨਹੀਂ ਬਚਿਆ। ਇਹ ਬੱਚੇ ਜੋ ਗੁੱਸੇ ਵਿਚ ਹਨ, ਇਕ ਘੋਰ ਮਾਨਸਿਕ ਪੀੜਾ ਵਿਚੋਂ ਲੰਘ ਰਹੇ ਹਨ। ਵਧੇਰੇ ਕਰਕੇ ਆਪਣੇ ਘਰ ਅਤੇ ਗੁਆਂਢ ਵਿਚ ਹੋਏ ਉਹਨਾਂ ਨਾਲ ਤਜਰਬਿਆਂ ਕਾਰਨ ਉਹ ਕਿਸੇ ਵੀ ਰਿਸ਼ਤੇ ਨਾਲ ਲਗਾਓ ਤੋਂ ਰਹਿਤ ਹਨ।

ਆਖਰ ਇਹਨਾਂ ਨੌਜਵਾਨਾਂ ਨਾਲ ਘਰ ਅਤੇ ਆਲੇ-ਦੁਆਲੇ ਵਿਚ ਅਜਿਹੇ ਕੀ ਤਜਰਬੇ ਹੋਏ ਹਨ, ਜਿਨ੍ਹਾਂ ਨੇ ਇਹਨਾਂ ਨੂੰ ਬਾਲੜੀ ਅਵਸਥਾ ਵਿਚ ਹੀ ਕਾਤਲ ਬਣਾ ਦਿੱਤਾ ਹੈ?

ਨਿਰਾਸਤਾ ਦੀ ਡੂੰਘੀ ਖੱਡ ਵਿਚ ਡਿੱਗੇ, ਅਮਰੀਕੀ ਸੱਭਿਆਚਾਰ ਵਿਚ ਪਲੇ ਇਹਨਾਂ ਕਾਤਲ ਨੌਜਵਾਨ ਬੱਚਿਆਂ ਦੀ ਕਹਾਣੀ ਹੁਣ ਭਾਰਤ ਵਿਚ ਵੀ ਦੁਹਰਾਈ ਜਾਂਦੀ ਪ੍ਰਤੀਤ ਹੁੰਦੀ ਹੈ। ਦਿੱਲੀ ਵਿਚ ਮਾਡਲ ਲੜਕੀ ਜੈਸਿਕਾ ਲਾਲ ਦਾ ਕਤਲ ਵੀ ਇਸ ਗੁੱਸੇ ਵਿਚੋਂ

ਨਿਕਲੀ ਇਕ ਕਹਾਣੀ ਹੈ। ਲਾਡਾਂ ਅਤੇ ਸਰੀਰਕ ਸੁੱਖਾਂ ਦੀ ਬਹੁਲਤਾ ਵਿਚ ਪਲੇ ਕਾਤਲ ਲੜਕੇ ਨੂੰ ਘਰ ਵਿਚ ਨਾਂਹ ਸੁਣਨ ਦੀ ਆਦਤ ਨਹੀਂ ਸੀ। ਮਾਡਲ ਲੜਕੀ ਨੇ ਸ਼ਰਾਬ ਦੇਣ ਤੋਂ ਨਾਂਹ ਕੀਤੀ ਕਿਉਂਕਿ ਉਸ ਸਮੇਂ ਸ਼ਰਾਬ ਖਤਮ ਹੋ ਚੁੱਕੀ ਸੀ। ਨਤੀਜਾ-ਨਾਂਹ ਕਰਨ ਵਾਲੀ ਮਾਡਲ ਲੜਕੀ ਦਾ ਕਤਲ। ਅਜਿਹੀਆਂ ਘਟਨਾਵਾਂ ਅੱਜ ਸਮਾਜ ਵਿਚ ਆਮ ਹੀ ਵਾਪਰਦੀਆਂ ਨਜ਼ਰ ਆਉਂਦੀਆਂ ਹਨ।

ਨੌਜਵਾਨਾਂ ਦਾ ਇਹ ਕਾਤਲਾਨਾ ਗੁੱਸਾ ਜਾਂ ਫਿਰ ਕਮਜ਼ੋਰ ਸ਼ਖਸ਼ੀਅਤ ਦੇ ਮਾਲਕਾਂ ਵੱਲੋਂ Withdraw ਕਰਕੇ ਨਸ਼ਿਆਂ ਦੀ ਓਟ ਲੈਣ ਦੀ ਪਰਵਿਰਤੀ ਅੱਜ ਸਾਡੇ ਸਮਾਜ ਵਿਚ ਭਾਰੂ ਹੁੰਦੀ ਨਜ਼ਰ ਆਉਂਦੀ ਹੈ, ਰੋਜ਼ਾਨਾਂ ਅਖ਼ਬਾਰਾਂ ਵਿਚ ਕਤਲ, ਬਲਾਤਕਾਰ ਅਤੇ ਨਸ਼ਿਆਂ ਦੇ ਸੇਵਨ ਬਾਰੇ ਆਉਂਦੀਆਂ ਖ਼ਬਰਾਂ ਅਤੇ ਸਰਵੇਖਣ ਅੰਕੜੇ ਪੜ੍ਹਨ ਤੋਂ ਬਾਅਦ ਸ਼ੱਕ ਵਾਲੀ ਗੱਲ ਹੀ ਨਹੀਂ ਰਹਿ ਜਾਂਦੀ ਕਿ ਅੱਜ ਸਾਡੇ ਸਮਾਜ ਵਿਚ ਸਭ ਕੁਝ ਠੀਕ ਨਹੀਂ ਹੈ।

ਸੋਚਣ ਵਾਲੀ ਗੱਲ ਹੈ ਕਿ ਅੱਜ ਸਮਾਜ ਵਿਚ ਕੀ ਠੀਕ ਨਹੀਂ ਹੈ, ਜਿਸ ਕਰਕੇ ਨੌਜਵਾਨ (ਲੜਕੇ ਅਤੇ ਲੜਕੀਆਂ) ਆਪ ਹੁਦਰੇ ਹੋ ਸਭ ਮਨੁੱਖੀ ਕਦਰਾਂ ਨੂੰ ਛਿੱਕੇ ਟੰਗ ਬਗਾਵਤ ਵੱਲ ਤੁਰ ਪਏ ਹਨ।

ਕਿਸੇ ਵਿਅਕਤੀ ਦੇ ਜੀਵਨ ਦੀ ਬੁਨਿਆਦ ਉਸਦੀ ਜਿੰਦਗੀ ਦੇ ਮੁੱਢਲੇ ਵਰ੍ਹੇ ਹੁੰਦੇ ਹਨ। ਮਨੋ-ਵਿਗਆਨੀਆਂ ਦੇ ਅਨੁਸਾਰ ਮਨੁੱਖ ਨੇ ਜੀਵਨ ਵਿਚ ਜੋ ਵੀ ਬਣਨਾ ਹੈ, ਉਸਦੀ ਨੀਂਹ ਉਸਦੇ ਬਚਪਨ ਵਿਚ ਹੀ ਰੱਖੀ ਜਾਣੀ ਹੁੰਦੀ ਹੈ। ਵਿਅਕਤੀ ਦੇ ਸਰੀਰਕ , ਮਾਨਸਿਕ, ਬੌਧਿਕ ਅਤੇ ਨੈਤਿਕ ਵਿਕਾਸ ਦੀ ਨੀਂਹ ਵੀ ਇਹਨਾਂ ਮੁੱਢਲੇ ਵਰ੍ਹਿਆਂ ਵਿਚ ਹੀ ਰੱਖੀ ਜਾਂਦੀ ਹੈ, ਕਿਉਂਕਿ ਜੀਵਨ ਦੇ ਇਸ ਮੁੱਢਲੇ ਪੜਾਅ ਵਿਚ ਵਿਅਕਤੀ ਦਾ ਸਰੀਰਕ ਅਤੇ ਭਾਵਨਾਤਮਿਕ ਵਿਕਾਸ ਹਾਲੇ ਪੂਰਾ ਨਹੀਂ ਹੋਇਆ ਹੁੰਦਾ।

ਇਸ ਲਈ ਇਸ ਸਮੇਂ ਉਸ ਨੂੰ ਬਹੁਤ ਨਿਗਰਾਨੀ, ਸਹਾਇਤਾ ਅਤੇ ਸੂਝ ਭਰੇ ਪਿਆਰ ਦੀ ਲੋੜ ਹੁੰਦੀ ਹੈ। ਜੇ ਇਸ ਆਰੰਭਕ ਸਮੇਂ ਉਸਦੀ ਸਿਖਲਾਈ ਠੀਕ ਨਾ ਹੋਵੇ ਤਾਂ ਉਸਦੇ ਗਲਤ ਰਾਹ ਪੈ ਕੇ ਵਿਗੜਨ ਦੇ ਆਸਾਰ ਵੱਧ ਜਾਂਦੇ ਹਨ, ਉਸੇ ਤਰ੍ਹਾਂ ਜਿਸ ਤਰ੍ਹਾਂ ਕੱਚੀਆਂ ਨੀਹਾਂ ਤੇ ਉਸਰੇ ਮਕਾਨ ਛੇਤੀ ਢਹਿ ਢੇਰੀ ਹੋ ਜਾਂਦੇ ਹਨ। ਬੱਚੇ ਦੀ ਸ਼ਖਸ਼ੀਅਤ ਉਸਾਰੀ ਸਮੇਂ ਨੈਤਿਕ ਬੁਨਿਆਦ ਕਮਜ਼ੋਰ ਰਹਿਣ ਦੀ ਹਾਲਤ ਵਿਚ ਬਹੁਤ ਵੱਡੀ ਕੀਮਤ ਚੁਕਾਉਂਣੀ ਪੈਂਦੀ ਹੈ।

ਬੱਚੇ ਦਾ ਵਿਕਾਸ ਲਗਾਤਾਰ ਚਲਣ ਵਾਲੀ ਪ੍ਰਕਿਰਿਆ ਹੈ। ਹਰ ਪੱਧਰ ਦਾ ਵਿਕਾਸ ਯੋਗ ਅਗਵਾਈ ਦੀ ਮੰਗ ਕਰਦਾ ਹੈ। ਵਿਕਾਸ ਦੇ ਅੱਡ-ਅੱਡ ਪੜਾਵਾਂ ਤੇ ਮਾਂ-ਬਾਪ ਅਤੇ ਅਧਿਆਪਕ ਤੋਂ ਯੋਗ ਅਗਵਾਈ ਪ੍ਰਾਪਤ ਹੋਣੀ ਬੱਚੇ ਦੇ ਵਿਕਾਸ ਲਈ ਅਤਿ ਜ਼ਰੂਰੀ ਹੈ, ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਉਹਨਾਂ ਨੂੰ ਮਾਤਾ ਪਿਤਾ ਅਤੇ ਅਧਿਆਪਕਾਂ ਦਾ ਯੋਗ ਅਤੇ ਅਗਵਾਈ ਭਰਪੂਰ ਸਾਥ ਮਿਲਦਾ ਰਹੇ ਲਗਾਤਾਰ



ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹੇ ਤਾਂ ਕਿ ਉਹ ਬੱਚਿਆਂ ਲਈ ਰੋਲ ਮਾਡਲ ਬਣ ਸਕਣ।

ਇਸ ਲਈ ਜ਼ਰੂਰੀ ਹੈ ਕਿ ਜਿੱਥੇ ਘਰ ਦਾ ਭਾਵਨਾਤਮਕ ਵਾਤਾਵਰਨ ਨਿੱਘਾ ਰੱਖਿਆ ਜਾਏ, ਉੱਥੇ ਵਿੱਦਿਅਕ ਸੰਸਥਾਵਾਂ ਨੂੰ ਵੀ ਅਜਿਹੇ ਆਦਾਰਿਆਂ ਵਿਚ ਤਬਦੀਲ ਕੀਤਾ ਜਾਏ, ਜਿੱਥੇ ਪੜ੍ਹਾਈ ਦਾ ਮੰਤਵ ਮਾਤਰ ਵਿਸ਼ੇ ਸੰਬੰਧੀ ਗਿਆਨ ਪ੍ਰਾਪਤੀ ਅਤੇ ਨੌਕਰੀ ਪ੍ਰਾਪਤ ਕਰਨ ਦੇ ਕਾਬਿਲ ਬਣਨਾ ਹੀ ਨਾ ਹੋਵੇ। ਇਸ ਲਈ ਜ਼ਰੂਰੀ ਹੈ ਕੇ ਸਾਡੇ ਸਕੂਲ ਅਤੇ ਕਾਲਜ ਵਿਦਿਆ ਦੇ ਅਜਿਹੇ ਮੰਦਰ ਬਣਨ, ਜਿੱਥੇ ਵਿਦਿਆਰਥੀ ਜੀਵਨ ਦੀਆਂ ਮੁੱਢਲੀਆਂ ਕਦਰਾਂ ਕੀਮਤਾਂ ਦੇ ਧਾਰਨੀ ਹੋ ਸਮਾਜ ਦੇ ਵਧੀਆ ਮੈਂਬਰ ਬਣ ਸਕਣ, ਜਿੱਥੇ ਅਧਿਆਪਕ ਵਿਦਿਆਰਥੀਆਂ ਨੂੰ ਇਹ ਨਾ ਦੱਸੇ ਕਿ ਕੀ ਸੋਚਣਾ ਹੈ ਸਗੋਂ ਇਹ ਦੱਸੇ ਕਿ ਆਜ਼ਾਦ ਸੋਚਣੀ ਨੂੰ ਕਿਵੇਂ ਵਿਕਸਿਤ ਕਰਨਾ ਹੈ।

ਬੱਚਿਆਂ ਨੂੰ ਜੀਵਨ ਦੇ ਮੁੱਢਲੇ ਸੰਕਲਪ ਸਮਝਾਏ ਜਾਣ । ਜਿੱਥੇ ਸਿਲੇਬਸ ਤੱਥ ਆਧਾਰਿਤ (fact based) ਨਾ ਹੋ ਕੇ ਕੀਮਤਾਂ ਤੇ ਆਧਾਰਿਤ (value based) ਹੋਵੇ। ਬੱਚੇ ਘੋਟਾ ਲਾ ਕੇ ਪਾਸ ਹੋਣ ਨੂੰ ਹੀ ਮੰਤਵ ਨਾ ਬਣਾ ਲੈਣ, ਸਗੋਂ ਜੀਵਨ ਦੇ ਮੁੱਢਲੇ ਅਰਥਾਂ ਦੇ ਰੂਬਰੂ ਹੋਣ।

ਇਸ ਮੰਤਵ ਦੀ ਪ੍ਰਾਪਤੀ ਲਈ ਅਧਿਆਪਕ ਅਤੇ ਵਿਦਿਆਰਥੀ ਲਈ ਭਾਵਨਾਤਮਕ ਨੇੜਤਾ ਹੋਣੀ ਬਹੁਤ ਜ਼ਰੂਰੀ ਹੈ। ਕਲਾਸਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਲੋੜੋਂ ਵੱਧ ਨਾ ਹੋਵੇ ਅਤੇ ਅਧਿਆਪਕ ਦਾ ਵਿਦਿਆਰਥੀਆਂ ਨਾਲ ਸੰਪਰਕ ਲੰਮੇਂ ਸਮੇਂ ਦਾ ਹੋਵੇ।

ਕਦੇ ਸਕੂਲਾਂ ਵਿਚ ਧਿਆਨ ਰੱਖਿਆ ਜਾਂਦਾ ਸੀ ਕਿ ਇਕ ਅਧਿਆਪਕ ਕਈ ਵਰ੍ਹਿਆਂ ਤੱਕ ਲਗਾਤਾਰ ਉਹਨਾਂ ਹੀ ਬੱਚਿਆਂ ਨੂੰ ਪੜ੍ਹਾਉਂਦਾ ਸੀ। ਇਸ ਨਾਲ ਬੱਚਿਆਂ ਅਤੇ ਅਧਿਆਪਕਾਂ ਵਿਚ ਪ੍ਰੇਮ, ਵਿਸ਼ਵਾਸ ਅਤੇ ਅਪਣੱਤ ਭਰਿਆ ਰਿਸ਼ਤਾ ਕਾਇਮ ਹੋ ਜਾਂਦਾ ਸੀ ਅਤੇ ਅਧਿਆਪਕ ਦੀ ਸ਼ਖਸੀਅਤ ਦਾ ਵਿਦਿਆਰਥੀ ਦੇ ਜੀਵਨ ਤੇ ਹਾਂ ਵਾਚੀ ਪ੍ਰਭਾਵ ਪੈਂਦਾ ਸੀ। ਇਸ ਤਰ੍ਹਾਂ ਵਿਦਿਆਰਥੀ ਜੀਵਨ ਦੇ ਔਝੜੇ ਰਾਹਾਂ ਤੇ ਚਲਦਾ ਹੋਇਆ ਕਦਮ-ਕਦਮ ਤੇ ਅਧਿਆਪਕਾਂ ਤੋਂ ਯੋਗ ਅਗਵਾਈ ਲੈ ਜੀਵਨ ਪੰਧ ਨੂੰ ਸੁਖਾਲੇ ਹੀ ਤੈਅ ਕਰ ਲੈਂਦਾ ਸੀ।

ਪਰ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਕਹਾਣੀ ਬਦਲ ਗਈ। ਵੱਧ ਤੋਂ ਵੱਧ ਪੈਸਾ ਕਮਾਉਣ ਦੀ ਇੱਛਾ ਅਤੇ ਫੈਕਟਰੀਆਂ ਦੀ ਉਪਜ ਵਧਾਉਣ ਦੀ ਲੋੜ ਨੇ ਤਕਨੀਕੀ ਮਾਹਿਰਾਂ ਦੀ ਮੰਗ ਵਧਾ ਦਿੱਤੀ। ਸਮੇਂ ਦੀ ਮੰਗ ਨੇ ਸਿਖਿਆ ਨੂੰ ਕੀਮਤਾਂ ਆਧਾਰਿਤ ਨਾ ਰਹਿਣ ਦੇ ਕੇ ਕਿੱਤਾ ਮੁੱਖੀ ਬਣਾ ਦਿੱਤਾ।

ਸਿੱਟੇ ਵਜੋਂ ਸਿਖਿਆ ਦਾ ਮੰਤਵ ਜੀਵਨ ਦੀ ਘਾੜਤ ਘੜਨਾ ਨਾ ਰਹਿ ਕੇ, ਵਿਦਿਆਰਥੀ ਨੂੰ ਨੌਕਰੀ ਲੈਣ ਦੇ ਕਾਬਿਲ ਬਣਾ ਕੇ, ਪੈਸੇ ਕਮਾਉਣ ਦੀ ਮਸ਼ੀਨ ਬਣਾਉਣਾ ਹੀ ਰਹਿ ਗਿਆ। ਜਿਤਨੀ ਜਿਆਦਾ ਆਮਦਨ ਉਤਨਾ ਹੀ ਸਫਲ ਅਤੇ ਵੱਡਾ ਇਨਸਾਨ। ਵੱਡਾ

ਇਨਸਾਨ ਬਣਨ ਦੀ ਦੌੜ ਵਿਚ ਮਨੁੱਖ ਭੁੱਲ ਬੈਠਿਆ ਕਿ ਉਸ ਨੇ ਚੰਗਾ ਇਨਸਾਨ ਵੀ ਬਣਨਾ ਹੈ। ਮਨੁੱਖੀ ਸ਼ਖ਼ਸੀਅਤ ਦੇ ਵਧੀਆ ਅੰਦਰੂਨੀ ਗੁਣਾਂ ਦਾ ਵਿਕਾਸ ਕਰਕੇ ਵਿਦਿਆਰਥੀ ਨੂੰ ਵਧੀਆ ਸਮਾਜਿਕ ਇਨਸਾਨ ਬਣਾਉਣਾ ਹੀ ਸਿਖਿਆ ਦਾ ਮੁੱਖ ਮੰਤਵ ਹੋਣਾ ਚਾਹੀਦਾ ਹੈ।

ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਕਿੱਤਾ ਮੁਖੀ ਤੇ ਤਕਨੀਕੀ ਸਿਖਿਆ ਸਮੇਂ ਦੀ ਲੋੜ ਹੈ, ਪਰ ਇਸ ਦੀ ਪ੍ਰਧਾਨਤਾ ਨੇ ਉਪਰੋਕਤ ਮੰਤਵ ਨੂੰ ਪਿੱਛੇ ਪਾ ਦਿੱਤਾ ਹੈ। ਵਿਦਿਆ ਤਿਆਗ ਅਤੇ ਸੇਵਾ ਨਾ ਰਹਿ ਕੇ ਵਪਾਰ ਬਣ ਗਈ ਹੈ। **'ਵਿਦਿਆ ਵੀਚਾਰੀ ਤਾਂ ਪਰਉਪਕਾਰੀ'** ਦਾ ਆਦਰਸ਼ ਪਿੱਛੇ ਪੈ ਗਿਆ ਅਤੇ **'ਮਾਇਆ ਕਾਰਨ ਬਿਦਿਆ ਬੇਚਹੁ'** ਦਾ ਬੋਲਬਾਲਾ ਹੋ ਗਿਆ। ਵਿਦਿਆ ਗਿਆਨ ਦਾ ਸਾਧਨ ਨਾ ਰਹਿ ਕੇ ਵਪਾਰ ਦਾ ਸਾਧਨ ਬਣ ਗਈ ਹੈ।

ਆਖਰ ਨਤੀਜਾ ਤਾਂ ਉਹੀ ਹੋਣਾ ਸੀ, ਜੋ ਇਕ ਵਿਦਵਾਨ ਦੇ ਸ਼ਬਦਾਂ ਵਿਚ "Modern education does not transform the individual, it merely informs and very often deforms the mind of the youth."

ਭਾਵ: ਅਜੋਕੀ ਵਿਦਿਆ ਮਨੁੱਖ ਦੇ ਜੀਵਨ ਵਿਚ ਕੋਈ ਤਬਦੀਲੀ ਨਹੀਂ ਲਿਆਉਂਦੀ, ਇਹ ਕੇਵਲ ਓਪਰੀ ਜਾਣਕਾਰੀ ਦਿੰਦੀ ਹੈ ਅਤੇ ਇਸ ਤਰ੍ਹਾਂ ਬਹੁਤ ਵਾਰੀ ਮਨੁੱਖੀ ਮਨ ਵਿਚ ਵਿਗਾੜ ਪੈਦਾ ਕਰਦੀ ਹੈ।

ਕੇਵਲ ਜਾਣਕਾਰੀ (Information) ਦੇਣ ਵਾਲੀ ਸਿਖਿਆ ਮਨੁੱਖ ਨੂੰ ਥੋੜ੍ਹੇ ਚਿਰ ਲਈ ਤਸੱਲੀ ਹੀ ਦੇ ਸਕਦੀ ਹੈ, ਅੰਦਰੂਨੀ ਸਕੂਨ ਨਹੀਂ। ਚਿਰ ਸਥਾਈ ਮਾਨਸਿਕ ਤਸੱਲੀ ਲਈ ਵਿਦਿਆਰਥੀ ਦਾ ਉਚ ਆਦਰਸ਼ ਦੀ ਪ੍ਰਾਪਤੀ ਦੀ ਤੀਬਰ ਇੱਛਾ ਨਾਲ ਪ੍ਰਣਾਏ ਹੋਣਾ ਜਰੂਰੀ ਹੈ। ਅੰਦਰੂਨੀ ਮਾਨਸਿਕ, ਭਾਵਨਾਤਮਕ ਅਤੇ ਅਧਿਆਤਮਕ ਆਪੇ ਦਾ ਅਣਗੌਲਿਆਂ ਰਹਿ ਜਾਣਾ, ਮਨੁੱਖ ਅੰਦਰ ਇਕ ਅਜਿਹਾ ਖਲਾਅ ਪੈਦਾ ਕਰ ਦਿੰਦਾ ਹੈ, ਜੋ ਜੀਵਨ ਦੇ ਸਾਰੇ ਸੁੱਖਾਂ ਦੀ ਪ੍ਰਾਪਤੀ ਦੇ ਬਾਵਜੂਦ ਵੀ ਮਨੁੱਖੀ ਰੂਹ ਨੂੰ ਕੋਈ ਸਕੂਨ ਨਹੀਂ ਦਿੰਦਾ। ਆਦਰਸ਼ ਦੀ ਘਾਟ ਕਾਰਨ ਪੈਦਾ ਹੋਈ ਮਾਨਸਿਕ ਪੀੜਾ ਕਾਰਨ ਪਰਿਵਾਰਾਂ ਦਾ ਟੁੱਟਣਾ ਅਤੇ ਰਿਸ਼ਤਿਆਂ ਵਿਚ ਆਈਆਂ ਤਰੇੜਾਂ ਕਾਰਨ ਬੱਚਿਆਂ ਦਾ ਨਸ਼ਿਆਂ ਦੇ ਆਦੀ ਹੋ, ਹਿੰਸਾਤਮਕ ਰੁਚੀਆਂ ਦੇ ਧਾਰਨੀ ਬਣ ਜੁਰਮ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਣਾ ਆਮ ਜਿਹੀ ਗੱਲ ਹੋ ਰਹੀ ਹੈ, ਜਿਸਦੇ ਨਤੀਜੇ ਭਿਆਨਕ ਹੋ ਸਕਦੇ ਹਨ।

ਲੇਖ ਦੇ ਆਰੰਭ ਵਿਚ ਦਿੱਤੀ ਕਹਾਣੀ ਵਰਗੇ ਆਦਰਸ਼ ਦੀ ਘਾਟ ਕਾਰਨ ਪੈਦਾ ਹੋਏ ਖੌਫਨਾਕ ਨਤੀਜਿਆਂ ਤੋਂ ਬਚਣ ਲਈ ਜਰੂਰੀ ਹੈ ਕਿ ਚੰਗੀ ਤੇ ਪਕੇਰੀ ਆਚਰਣਕ ਬੁਨਿਆਦ ਵਾਲੀ ਪੀੜ੍ਹੀ ਪੈਦਾ ਕੀਤੀ ਜਾਏ। ਇਸ ਲਈ ਜਰੂਰੀ ਹੈ ਕਿ ਵਿਦਿਆ ਪ੍ਰਣਾਲੀ ਨੂੰ ਅਜਿਹੀ ਸੇਧ ਦਿੱਤੀ ਜਾਏ ਕਿ ਜੀਵਨ ਦੀ ਬੁਨਿਆਦ ਸਮੇਂ ਬੱਚਿਆਂ ਨੂੰ ਯੋਗ ਤੇ ਪੱਕੀ ਆਚਰਣਕ ਨੀਂਹ ਵਾਲੇ ਅਧਿਆਪਕਾਂ ਦੁਆਰਾ ਪਿਆਰ ਭਰੀ ਯੋਗ ਅਗਵਾਈ ਮਿਲੇ। ਅਜੋਕੇ ਵਿਦਿਆ ਪ੍ਰਬੰਧ ਵਿਚ ਇਸਤਰੀ ਅਧਿਆਪਕਾਂ ਦੀ ਬਹੁਗਿਣਤੀ ਇਕ ਸ਼ੁਭ ਲੱਛਣ ਹੈ। ਇਸਤਰੀ ਸਹਿਜ ਸੁਭਾ ਹੀ ਪ੍ਰੇਮ ਅਤੇ ਤਿਆਗ ਦੀ ਮੂਰਤ ਹੈ। ਉਹ ਆਪਣੇ ਆਤਮਕ ਗੁਣਾਂ ਦਾ ਵਿਕਾਸ ਕਰਕੇ ਆਪ ਇਕ ਵਧੀਆ ਇਨਸਾਨ ਬਣ ਅਧਿਆਪਨ ਦੇ ਕੰਮ ਵਿਚ ਆਪਾ ਢਾਲ



ਬੱਚਿਆਂ ਦੀ ਯੋਗ ਅਗਵਾਈ ਕਰ ਸਕਦੀ ਹੈ। ਅਜਿਹੀ ਇਸਤਰੀ ਅਧਿਆਪਕਾਂ ਦੀ ਯੋਗ ਅਤੇ ਪ੍ਰੇਮ ਭਰਪੂਰ ਅਗਵਾਈ ਹੇਠ ਸਦਾਚਾਰਕ ਮਾਹੌਲ ਵਿਚ ਪਲੇ ਬੱਚੇ ਨਿਸ਼ਚੇ ਹੀ ਦੇਸ਼ ਅਤੇ ਕੌਮ ਲਈ ਵਡਮੁੱਲਾ ਮਨੁੱਖੀ ਸਰਮਾਇਆ (Human Resource) ਸਾਬਤ ਹੋਣਗੇ।

❊ ❊

* ਮਨੁੱਖੀ ਰੂਹ ਲਈ ਵਿਦਿਆ ਉਹ ਹੀ ਹੈ, ਜੋ ਬੁਤਤਰਾਸ਼ ਇੱਕ ਸੰਗਮਰਮਰ ਦੇ ਟੁਕੜੇ ਲਈ ਹੁੰਦਾ ਹੈ। (ਐਡੀਸਨ)
* ਇੱਕ ਅਧਿਆਪਕ ਅਨੰਤ ਤੱਕ ਪ੍ਰਭਾਵ ਪਾਉਂਦਾ ਹੈ, ਇਹ ਕੋਈ ਨਹੀਂ ਦਸ ਸਕਦਾ ਕਿ ਉਸਦਾ ਪ੍ਰਭਾਵ ਕਿੱਥੇ ਖਤਮ ਹੁੰਦਾ ਹੈ। (ਹੈਨਰੀ ਐਡਮਜ਼)
* ਵਿਦਿਆ ਉਹ ਚੀਜ਼ ਹੈ, ਜੋ ਸਕੂਲ ਵਿੱਚ ਸਿੱਖੀ ਹਰ ਚੀਜ਼ ਨੂੰ ਭੁੱਲ ਜਾਣ ਤੋਂ ਬਾਅਦ ਵੀ ਤੁਹਾਡੇ ਪਾਸ ਰਹਿੰਦੀ ਹੈ। (ਐਲਬਰਟ ਆਈਨਸਟਾਈਨ)
* ਸੱਚਾ ਅਧਿਆਪਕ ਉਹ ਹੀ ਹੋ ਸਕਦਾ ਹੈ ਜੋ ਆਪਣੀ ਆਤਮਾ ਨੂੰ ਵਿਦਿਆਰਥੀ ਦੀ ਆਤਮਾ ਤੱਕ ਲੈ ਜਾਏ। ਵਿਦਿਆਰਥੀ ਦੀਆਂ ਅੱਖਾਂ ਰਾਹੀਂ ਦੇਖੇ, ਉਸਦੇ ਕੰਨਾਂ ਰਾਹੀਂ ਸੁਣੇ ਅਤੇ ਉਸਦੇ ਮਨ ਰਾਹੀਂ ਸਮਝੇ। ਕੇਵਲ ਅਜਿਹਾ ਅਧਿਆਪਕ ਹੀ ਅਮਲੀ ਤੌਰ ਤੇ ਸਿਖਿਆ ਦੇ ਸਕਦਾ ਹੈ। (ਸਵਾਮੀ ਵਿਵੇਕਾਨੰਦ)

# ਇਕੀਵੀਂ ਸਦੀ ਅਤੇ ਇਸਤਰੀ
## ਗੁਰਮਤਿ ਦੇ ਪਰਿਪੇਖ ਵਿਚ

ਤਿੱਖੇ ਵੇਗ ਬੰਨੇ ਬੰਨੀ ਟੱਪਦਾ ਸਮਾਂ ਇਕੀਵੀਂ ਸਦੀ ਵਿਚ ਪ੍ਰਵੇਸ਼ ਕਰ ਗਿਆ ਹੈ। ਸਾਰੇ ਸੰਸਾਰ ਵਿਚ ਬੜੇ ਉਤਸ਼ਾਹ ਅਤੇ ਰੰਗ ਤਮਾਸ਼ਿਆਂ ਨਾਲ ਨਵੀਂ ਸਦੀ ਨੂੰ ਖੁਸ਼ਆਮਦੀਦ ਕਹੀ ਗਈ, ਇਸ ਆਸ ਨਾਲ ਕਿ ਨਵੀਂ ਸਦੀ ਮਨੁੱਖਤਾ ਲਈ ਇਕ ਨਵੇਂ ਯੁਗ ਦੀ ਸ਼ੁਰੂਆਤ ਕਰੇਗੀ।ਮਨੁੱਖ ਦਾ ਵਰਤਮਾਨ, ਜਿਸ ਵਿਚੋਂ ਭਵਿੱਖ ਦਾ ਜਨਮ ਹੋਣਾ ਹੈ, ਉਸਦੇ ਭੂਤ ਨਾਲ ਸੁਭਾਵਿਕ ਅਤੇ ਅਨਿਖੜਵੇਂ ਤੌਰ ਤੇ ਜੁੜਿਆ ਹੈ।

ਹਰ ਪੀੜੀ ਆਪਣੇ ਯੁਗ ਦੇ ਨਵੇਂ ਹਾਲਾਤ ਅਨੁਸਾਰ ਭੂਤ ਵਿਚ ਵਾਪਰੀਆਂ ਘਟਨਾਵਾਂ ਇਤਿਹਾਸ ਅਤੇ ਸਾਹਿਤ ਨੂੰ ਆਪਣੇ ਸਮੇਂ ਦੇ ਹਾਲਾਤ ਅਨੁਸਾਰ ਨਵੇਂ ਨੁਕਤੇ ਤੋਂ ਸਮਝਣ ਲਈ ਕੋਸ਼ਿਸ਼ ਕਰਦੇ ਹੋਏ ਯਤਨ ਕਰਦੀ ਹੈ ਕਿ ਭੂਤ ਕਾਲ ਵਿਚ ਵਾਪਰੀਆਂ ਘਟਨਾਵਾਂ ਅੱਜ ਦੇ ਸੰਦਰਭ ਵਿਚ ਉਨ੍ਹਾਂ ਲਈ ਨਵੇਂ ਅਰਥ ਪ੍ਰਦਾਨ ਕਰਕੇ ਉਨ੍ਹਾਂ ਨੂੰ ਇਸ ਕਾਬਲ ਬਣਾ ਸਕਣ ਕਿ ਉਹ ਆਪਣੀਆਂ ਜੜ੍ਹਾਂ ਤੋਂ ਟੁਟੇ ਬਿਨ੍ਹਾਂ (Rootless) ਆਪਣੇ ਸਮੇਂ ਦੇ ਹਾਣੀ ਬਣ ਕੇ ਵਿਚਰ ਸਕਣ। ਅੱਜ ਦੀ ਔਰਤ ਕਿਵੇਂ ਆਪਣੇ ਭੂਤ ਵਿਚੋਂ ਆਪਣਾ ਭਵਿੱਖ ਲੱਭ ਸਕਦੀ ਹੈ। ਇਹ ਹੀ ਇਸ ਲੇਖ ਦਾ ਵਿਸ਼ਾ ਹੈ।

ਮੁੱਢ ਕਦੀਮ ਤੋਂ ਹੀ ਮਰਦ ਤੇ ਔਰਤ ਸਤਹੀ ਤੌਰ ਤੇ ਇਕ ਦੂਜੇ ਤੋਂ ਅੱਡਰੇ ਹੁੰਦਿਆਂ ਵੀ ਇਕ ਦੂਜੇ ਦੇ ਪੂਰਕ ਬਣ ਕੇ ਸੁਹਣਾ ਤੇ ਸਵੱਸਥ ਸਮਾਜ ਸਿਰਜਣ ਲਈ ਯਤਨਸ਼ੀਲ ਹਨ। ਆਦਿ ਮਾਨਵ ਹਾਲੇ ਜੰਗਲ ਰਹਿੰਦਿਆਂ ਹੋਇਆਂ ਸ਼ਿਕਾਰੀ ਅਵਸਥਾ ਵਿਚ ਸੀ ਅਤੇ ਔਰਤ ਆਪਣੀ ਸਰੀਰਕ ਬਣਤਰ ਬੱਚਿਆਂ ਦੀ ਪੈਦਾਇਸ਼ ਅਤੇ ਪਾਲਣ-ਪੋਸ਼ਣ ਦੀ ਜਿੰਮੇਵਾਰੀ ਆਦਿ ਕਾਰਨ ਮਰਦਾਂ ਨਾਲ ਦੂਰ ਦੁਰਾਡੇ ਜਾਣ ਤੋਂ ਅਸਮਰੱਥ ਸੀ ਤਾਂ ਉਸ ਆਲੇ ਦੁਆਂਲੇ ਤੋਂ ਜੜੀਆਂ ਬੂਟੀਆਂ ਅਤੇ ਭੋਜਨ ਇਕੱਠਾ ਕਰਨ ਦੀ ਜਿੰਮੇਵਾਰੀ ਲੈ ਲਈ। ਇਸ ਸਮੇਂ ਦੌਰਾਨ ਹੀ ਉਸ ਜੰਗਲਾਂ ਵਿਚ ਪੈਦਾ ਹੁੰਦੀਆਂ ਚਕਿਤਸਾ ਵਿਚ ਕੰਮ ਆਉਣ ਵਾਲੀਆਂ ਜੜ੍ਹੀਆਂ ਬੂਟੀਆਂ ਦੀ ਖੋਜ ਕੀਤੀ। ਇਸ ਤਰ੍ਹਾਂ ਔਰਤਾਂ ਹੀ ਮਨੁਖਤਾ ਦੀਆਂ ਸਭ ਤੋਂ ਪਹਿਲੀਆਂ ਚਕਿਤਸਕ ਬਣੀਆਂ ਅਤੇ ਉਨ੍ਹਾਂ ਹੀ ਸਭ ਤੋਂ ਪਹਿਲਾ (Materiamwdica) ਇਕਠਾ ਕੀਤਾ। ਦਾਦੀ ਮਾਂ ਦੇ ਨੁਸਖੇ ਅੱਜ ਵੀ ਪਰਿਵਾਰਾਂ ਵਿਚ ਸਵੱਸਥ ਰਹਿਣ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਜੰਗਲਾਂ ਵਿਚ ਘਰ ਦੇ ਆਲੇ-ਦੁਆਲੇ ਘੁੰਮਦਿਆਂ ਹੀ ਉਨ੍ਹਾਂ ਉਸ ਲਕੜੀ ਦੀ ਖੋਜ ਕੀਤੀ, ਜਿਸ ਤੋਂ ਅੱਜ ਵੀ ਸੁੰਦਰ ਟੋਕਰੀਆਂ ਬਣਾ ਕੇ ਬਾਜ਼ਾਰ ਵਿਚ ਵੇਚੀਆਂ ਜਾਂਦੀਆਂ ਹਨ।



ਫਿਰ ਸਮਾਂ ਆਇਆ ਖੇਤੀ ਆਧਾਰਿਤ ਸਮਾਜ ਦਾ। ਇਥੇ ਵੀ ਜੇ ਹੱਲ ਵਾਹੁਣ ਦਾ ਸਰੀਰਕ ਮੁਸ਼ੱਕਤ ਦਾ ਕੰਮ ਆਦਮੀ ਦੇ ਹਿੱਸੇ ਆਇਆ ਤਾਂ ਔਰਤਾਂ ਨੇ ਜਿੰਮੇਵਾਰੀ ਸਾਂਭ ਲਈ, ਘਰ ਆਈ ਫਸਲ ਦੀ ਸਾਂਭ-ਸੰਭਾਲ ਦੀ, ਜੋ ਅੱਜਕਲ ਸਰਕਾਰੀ ਏਜੰਸੀਆਂ ਪੈਸੇ ਲੈ ਕੇ ਕਰਦੀਆਂ ਹਨ। ਇਤਨਾਂ ਹੀ ਨਹੀਂ ਘਰ ਵਿਚ ਰਹਿੰਦਿਆਂ ਸੂਤ ਕਤਣਾ, ਦਰੀਆਂ ਤੇ ਸੁੰਦਰ ਨਾਲੇ ਅਤੇ ਪਰਾਦੀਆਂ ਬੁਨਣੀਆਂ, ਛੱਜ ਅਤੇ ਛਿੱਕੂ ਬਨਾਉਣੇ, ਸੀਉਣਾ, ਪਰੋਣਾ, ਕਢਾਈ ਕੱਢਣੀ, ਕੱਪੜਿਆਂ ਤੇ ਰੰਗ ਕਰਨਾ, ਆਦਿ ਸਾਰੇ ਕੰਮ ਔਰਤਾਂ ਦੇ ਜਿੰਮੇ ਆਏ। ਇਕ ਵਿਦਵਾਨ Masan ਨੇ ਸੱਚ ਹੀ ਕਿਹਾ ਹੈ, "Women laid the foundation of the great modern textile industry and prepared psychological basis and the cement for modern civilization."

ਭਾਵ: ਔਰਤਾਂ ਨੇ ਹੀ ਕੱਪੜਾ ਉਦਯੋਗ ਦੀ ਨੀਂਹ ਰੱਖ ਕੇ ਅਜੋਕੀ ਸੱਭਿਅਤਾ ਦਾ ਮਨੋਵਿਗਿਆਨਿਕ ਆਧਾਰ ਰੱਖਿਆ। ਕਹਿਣ ਤੋਂ ਭਾਵ ਹੈ ਕਿ ਔਰਤ ਨੇ ਆਦਿ ਕਾਲ ਤੋਂ ਹੀ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਸਮੇਂ ਅਤੇ ਹਾਲਾਤ ਅਨੁਸਾਰ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨਿੱਗਰ ਯੋਗਦਾਨ ਪਾਇਆ ਹੈ।

ਫਿਰ ਵਾਰੀ ਆਈ ਉਦਯੋਗਿਕ ਕ੍ਰਾਂਤੀ ਦੀ ਅਤੇ ਕੰਮ ਘਰਾਂ ਵਿਚੋਂ ਨਿੱਕਲ ਕੇ ਫੈਕਟਰੀਆਂ ਵਿਚ ਆ ਗਿਆ।ਉਹ ਸਾਰੇ ਕੰਮ ਜੋ ਪਹਿਲਾਂ ਔਰਤਾਂ ਆਪਣੇ ਘਰਾਂ ਵਿਚ ਰਹਿੰਦਿਆਂ, ਬੱਚਿਆਂ ਦੀ ਦੇਖਭਾਲ ਅਤੇ ਘਰ ਦੀ ਸਾਂਭ-ਸੰਭਾਲ ਕਰਦਿਆਂ ਬਿਨ੍ਹਾਂ ਕਿਸੇ ਔਖਿਆਈ ਦੇ ਸੁਭਾਵਕ ਹੀ ਕਰ ਲੈਂਦੀਆਂ ਸਨ. ਹੁਣ ਫੈਕਟਰੀਆਂ ਵਿਚ ਹੋਣ ਲੱਗ ਪਏ। ਪੈਸਾ ਕਮਾਉਣ ਲਈ ਮਰਦਾਂ ਨੂੰ ਫੈਕਟਰੀਆਂ ਵਿਚ ਜਾਣਾ ਪਿਆ ਅਤੇ ਔਰਤਾਂ ਦੇ ਹਿੱਸੇ ਘਰ ਦੀ ਸਾਂਭ-ਸੰਭਾਲ ਅਤੇ ਬੱਚਿਆ ਦੀ ਪਰਵਰਿਸ਼ ਦਾ ਕੰਮ ਰਹਿ ਗਿਆ। ਹੁਣ ਉਹ ਘਰ ਵਿਚ ਰਹਿੰਦਿਆਂ, ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਕੁਝ ਕਰ ਸਕਣ ਤੋਂ ਅਸਮਰੱਥ ਸਨ। ਦੂਜੀ ਸੰਸਾਰ ਜੰਗ ਅਤੇ ਵਧਦੀ ਮਹਿੰਗਾਈ ਨੇ ਔਰਤਾਂ ਨੂੰ ਵੀ ਮਜਬੂਰ ਕੀਤਾ ਕਿ ਉਹ ਘਰ ਛੱਡ ਕੇ ਫੈਕਟਰੀਆਂ ਦੇ ਅਸੁਰੱਖਿਅਤ ਮਾਹੌਲ ਵਿਚ ਕੰਮ ਕਰਨ।

ਇਸ ਤਰ੍ਹਾਂ ਫੈਕਟਰੀ ਵਿਚ ਕੰਮ ਕਰਨ ਲਈ ਮਰਦ ਤੇ ਔਰਤ ਦਾ ਮੁਕਾਬਲਾ ਹੋ ਗਿਆ ਅਤੇ ਉਹ ਮਰਦ ਦੀ ਪੂਰਕ ਨਾ ਰਹਿ ਕੇ ਉਸ ਦੀ ਪ੍ਰਤੀਯੋਗੀ (Competitor) ਬਣ ਗਈ। ਹੁਣ ਉਸ ਦੀ ਮਰਦ ਨਾਲ ਸਾਂਝ ਉਸਾਰੂ (Creative) ਨਾ ਰਹੀ ਅਤੇ ਉਹ ਇਕ ਦੂਜੇ ਦੇ ਵਿਰੋਧੀ ਬਣ ਗਏ। ਇੱਥੋਂ ਹੀ ਸ਼ੁਰੂਆਤ ਹੁੰਦੀ ਹੈ ਮਰਦ ਤੇ ਇਸਤਰੀ ਦੇ ਰਿਸ਼ਤੇ ਵਿਚ ਕੁੜੱਤਣ ਦੀ , ਜਿਸਨੇ ਘਰੇਗੀ ਸੰਬੰਧਾਂ ਵਿਚ ਤਰੇੜਾਂ ਪਾ ਦਿੱਤੀਆਂ ਅਤੇ ਇੱਥੋਂ ਹੀ ਸੁਰੂਆਤ ਹੋਈ ਔਰਤ ਦੀ ਇਕ ਮਨੋਵਿਗਿਆਨ ਬਗਾਵਤ (Psycological Revolution) ਦੀ , ਜਿਸਨੂੰ ਨਾਰੀਵਾਦ (feminism) ਦਾ ਨਾਂ ਦਿੱਤਾ ਜਾਦਾ ਹੈ। ਨਾਰੀਵਾਦ (Feminism) ਦੀ ਵਿਚਾਰਧਾਰਾ ਨੇ ਹੀ ਜਨਮ ਦਿਤਾ, ਔਰਤ ਮੁਕਤੀ ਲਹਿਰ (Women Liberatyion Movement) ਨੂੰ ਜੋ ਵੀਂਹਵੀ ਸਦੀ ਦੀ ਸਭ ਤੋਂ ਵੱਧ ਅਸਰਦਾਇਕ ਸਮਾਜਕ ਲਹਿਰ ਸਾਬਤ ਹੋਈ।

ਇਸ ਮਹਾਨ ਸਫਲਤਾ ਤੋਂ ਬਾਅਦ 21ਵੀਂ ਸਦੀ ਵਿਚ ਵਰਤਮਾਨ ਔਰਤ ਨੇ ਹਰ ਕਿੱਤੇ ਅਤੇ ਹਰ ਖਿੱਤੇ ਵਿਚ ਆਪਣਾ ਨਾਂ ਬਣਾ ਲਿਆ ਹੈ। ਫੌਜ ਤੋਂ ਲੈ ਕੇ ਲਘੂ ਉਦਯੋਗ ਤਕ ਕੋਈ ਵੀ ਅਜਿਹਾ ਖੇਤਰ ਨਹੀਂ, ਜਿਥੇ ਔਰਤਾਂ ਸਫਲਤਾ ਪੂਰਵਕ ਜਿੰਮੇਵਾਰੀਆਂ ਨਹੀਂ ਨਿਭਾ ਰਹੀਆਂ। ਹੁਣ ਤਾਂ ਔਰਤਾਂ ਨਿੱਜੀ ਖੇਤਰ ਵਿਚ ਵੀ ਉੱਚਤਮ ਪੱਦਵੀਆਂ ਤੇ ਪਹੁੰਚ ਕੇ ਵਧੀਆ ਕਾਰਗੁਜ਼ਾਰੀ ਦਿਖਾ ਰਹੀਆਂ ਹਨ। ਔਰਤਾਂ ਦੀਆਂ ਕੁਝ ਸੰਸਥਾਵਾਂ ਮਰਦਾਂ ਦੀਆਂ ਸੰਸਥਾਵਾਂ ਨਾਲੋਂ ਬਿਹਤਰ ਕੰਮ ਕਰ ਰਹੀਆਂ ਹਨ।

ਹੁਣ ਦੇਖਣਾ ਹੈ ਕਿ ਕੰਮ-ਕਾਜੀ ਖੇਤਰ ਵਿਚ ਇੰਨੀ ਸਫਲਤਾ ਤੋਂ ਬਾਅਦ ਕੀ ਔਰਤ ਲਈ ਕੋਈ ਹੋਰ ਪ੍ਰਾਪਤੀਆਂ ਕਰਨੀ ਰਹਿੰਦੀਆਂ ਹਨ ਜਾਂ ਉਹ ਪਹਿਲਾਂ ਹੀ ਸਫਲਤਾ ਦੀ ਟੀਸੀ ਜਿੱਤ ਕੇ ਅੰਤਿਮ ਪੜਾਅ ਤਕ ਪਹੁੰਚ ਚੁੱਕੀ ਹੈ।

ਸਮੱਸਿਆ ਦਾ ਇਕ ਹੋਰ ਪਹਿਲੂ ਵੀ ਹੈ। ਸਮਾਜ ਦੀ ਮੁਢਲੀ ਇਕਾਈ ਪਰਿਵਾਰ ਜਿਸ ਕੇਂਦਰ ਦੁਆਲੇ ਘੁੰਮਦੀ ਹੈ, ਉਹ ਹੈ ਇਸਤਰੀ। ਇਸਤਰੀ ਦੀ ਭਲਾਈ ਨਾਲ ਹੀ ਸਮਾਜ ਦੀ ਭਲਾਈ ਜੁੜੀ ਹੈ। ਨਾਰੀ ਮੁਕਤੀ ਲਹਿਰ ਦੀ ਸਫਲਤਾ ਨੇ ਜਿਥੇ ਇਸਤਰੀ ਮੁੱਦਿਆਂ ਤੇ ਬੜਾ ਕੰਮ ਕੀਤਾ ਅਤੇ ਆਰਥਿਕ ਲਾਭ ਦੁਆਏ, ਉਥੇ ਇਕ ਅਜਿਹਾ ਵਾਤਾਵਰਣ ਵੀ ਬਣਾ ਦਿਤਾ ਕਿ ਕੁਝ ਕੁ Radical Associations ਨੇ ਮਰਦ ਨੂੰ ਔਰਤ ਦਾ ਸਭ ਤੋਂ ਵੱਡਾ ਦੁਸ਼ਮਣ ਸਮਝਦਿਆਂ ਨਫਰਤ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ।

ਇਥੋਂ ਤੱਕ ਕਿ American Feminist Movement ਦੀ ਮਾਂ ਕਰਕੇ ਜਾਣੀ ਜਾਂਦੀ Betty Friedan ਨੂੰ ਵੀ ਇਹ ਕਹਿਣ ਲਈ ਮਜਬੂਰ ਹੋਣਾ ਪਿਆ....." I am hoping that the day is not far off when we will be able to say that I am not a feminist but an individual."

ਭਾਵ- ਮੈਨੂੰ ਉਮੀਦ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਇਹ ਕਹਿਣ ਦੇ ਕਾਬਲ ਹੋ ਸਕਾਂਗੇ ਕਿ ਮੈਂ ਨਾਰੀਵਾਦੀ ਨਹੀਂ ਬਲਕਿ ਇਕ ਵਿਅਕਤੀ ਹਾਂ। ਨਾਰੀਵਾਦੀ ਲਹਿਰ ਦੀ ਸਫਲਤਾ ਤੋਂ ਪੈਦਾ ਹੋਏ ਨਤੀਜਿਆਂ ਨੇ Women Activists ਨੂੰ ਵੀ ਇਹ ਸੋਚਣ ਲਈ ਮਜਬੂਰ ਕਰ ਦਿਤਾ ਹੈ ਕਿ ਉਨ੍ਹਾਂ ਦੁਆਰਾ ਚਲਾਈ ਗਈ ਲਹਿਰ ਸਮਾਜ ਵਿਚ ਸਾਵਾਂਪਣ ਨਹੀਂ ਲਿਆ ਸਕੀ।

Rosalind Coward ਆਪਣੀ ਕਿਤਾਬ 'Sacred Cows' ਵਿਚ ਲਿਖਦੀ ਹੈ 'The real aim now should be to be aware of gender divisions and how it can discriminate treatment, rather than to assume is that one sex or the other has necessary advantages. Obviously it would be necessary to prevent discrimination along gender lines, but would it not be more helpful to be looking at human rights and at the rights of all members of society." (Page 219)

ਭਾਵ : ਇਸ ਸਮੇਂ ਮੁੱਖ ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਲਿੰਗ ਆਧਾਰਿਤ ਫਰਕਾਂ ਨੂੰ ਸਮਝ ਕੇ ਇਹਨਾਂ ਨੂੰ ਮਾਨਤਾ ਦਿਤੀ ਜਾਵੇ। ਨਾਲ ਹੀ ਇਹ ਸਮਝਣ ਦੀ ਕੋਸ਼ਿਸ਼ ਕੀਤੀ



ਜਾਏ ਕਿ ਇਸਤਰੀ ਅਤੇ ਮਰਦ ਦੋਹਾਂ ਨੂੰ ਹੱਕੀ ਬਰਾਬਰੀ ਦਿੱਤੀ ਜਾਏ। ਨਾ ਕਿ ਇਸ ਗੱਲ ਤੇ ਜ਼ੋਰ ਲਾਇਆ ਜਾਏ ਕਿ ਦੋਹਾਂ ਵਿਚੋਂ ਕੌਣ ਦੂਜੇ ਨਾਲੋਂ ਵਧੀਆ ਹੈ। ਲਿੰਗ ਆਧਾਰਿਤ ਅਨਿਆਂ ਨੂੰ ਖਤਮ ਕਰਨਾ ਜਰੂਰੀ ਹੈ ਪਰ ਇਸ ਤੋਂ ਵੀ ਵੱਧ ਜਰੂਰੀ ਹੈ ਕਿ ਸਾਰਿਆਂ ਨੂੰ ਸਮਾਜ ਵਿਚ ਬਰਾਬਰ ਅੰਗ ਸਮਝ ਕੇ ਪੂਰੇ ਇਨਸਾਨੀ ਹੱਕ ਦਿੱਤੇ ਜਾਣ।

ਵਿਦਵਾਨ ਲੇਖਕਾ ਅਨੁਸਾਰ ਇਸਤਰੀ ਹੱਕਾਂ ਦੀ ਲੜਾਈ ਸਮਾਜ ਵਿਚ ਸਾਵਾਂਪਣ ਨਹੀਂ ਲਿਆ ਸਕੀ। ਅਜਿਹੇ ਅਸਾਵੇਂਪਣ ਨੇ ਮਰਦਾਂ ਦੇ ਮਰਦਾਊਪੁਣੇ ਨੂੰ ਖਤਰੇ ਵਿਚ ਪਾ ਦਿੱਤਾ ਹੈ। ਨਤੀਜੇ ਵਜੋਂ ਉੱਨਤ ਦੇਸ਼ਾਂ ਵਿਚ ਮਰਦਾਂ ਦੇ ਆਤਮ-ਹੱਤਿਆਂ ਦਰ ਵਿਚ ਵਾਧਾ ਹੋ ਗਿਆ ਹੈ।

ਕਿਸੇ ਵੀ ਤਰ੍ਹਾਂ ਦਾ ਅਸਾਵਾਂਪਣ ਸਿਹਤਮੰਦ ਸਮਾਜ ਦੀ ਉਸਾਰੀ ਵਿਚ ਰੁਕਾਵਟ ਹੈ। ਸਿੱਖ ਸਭਿਆਚਾਰ ਸਭ ਤਰ੍ਹਾਂ ਦਾ ਅਸਾਵਾਂਪਣ ਦੂਰ ਕਰ, ਸਾਵੇਂ ਸੁਥਰੇ ਸਮਾਜ ਦੀ ਉਸਾਰੀ ਦੀ ਗਵਾਹੀ ਭਰਦਾ ਹੈ।

ਅਨੰਦ ਕਾਰਜ ਸਮੇਂ ਪੜ੍ਹੀਆਂ ਜਾਂਦੀਆਂ ਲਾਵਾਂ ਵਿਚ ਜਿੱਥੇ ਪਤੀ ਪਤਨੀ ਵਿਚ "ਨਿਰਮਲ ਭਉ" ਦਾ ਆਦਰਸ਼ ਰੱਖਿਆ ਗਿਆ ਹੈ, ਉਥੇ ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਕੁਰਹਿਤ, ਇਸਤਰੀ ਪੁਰਖ ਦੇ ਆਪਸੀ ਸਤਿਕਾਰਪੂਰਨ ਸਬੰਧਾਂ ਤੇ ਜ਼ੋਰ ਦਿੰਦੀ ਹੈ। 'ਕੁੜੀਮਾਰ' ਨਾਲ ਵਰਤਣ ਦੀ ਮਨਾਹੀ ਕਰਕੇ ਸਿੱਖ ਰਹਿਤ ਮਰਯਾਦਾ ਅੱਜ ਦੇ ਇਸਤਰੀ ਪੁਰਖ ਦੇ ਅਨੁਪਾਤ ਦੇ ਅਸਾਵੇਂਪਣ ਤੋਂ ਉਪਜੀਆਂ ਸਮੱਸਿਆਵਾਂ ਨਾਲ ਨਜਿੱਠਣ ਪ੍ਰਤੀ ਸੁਹਿਰਦ ਹੈ। ਇਕ ਸਿਹਤਮੰਦ ਸਮਾਜ ਦੀ ਕਲਪਨਾ ਕਰਦਿਆਂ ਗੁਰਬਾਣੀ ਪਤੀ ਪਤਨੀ ਦੇ ਅਜਿਹੇ ਰਿਸ਼ਤੇ ਤੇ ਜ਼ੋਰ ਦਿੰਦੀ ਹੈ, ਜੋ ਪਰਿਵਾਰਿਕ ਇਕਸੁਰਤਾ ਦਾ ਆਧਾਰ ਬਣ ਸਕੇ :

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੭੮੮)

ਕੇਵਲ ਸਰੀਰਕ ਪੱਧਰ ਦੇ ਰਿਸ਼ਤੇ (ਬਹਿਨ ਇਕਠੇ ਹੋਇ) ਮਨੁੱਖ ਦੀ ਆਤਮਿਕ ਦਿਵਾਲੀਏਪਨ ਦੀ ਨਿਸ਼ਾਨੀ ਹੈ। 'ਏਕ ਜੋਤਿ ਦੁਇ ਮੂਰਤੀ' ਅਨੁਸਾਰ ਪੱਖਪਾਤ ਜਾਂ ਦੂਈ ਭਾਵ ਦੀ ਕੋਈ ਥਾਂ ਨਹੀਂ । ਜਿੱਥੇ ਪਤੀ-ਪਤਨੀ ਦੋਵੇਂ ਸਮਾਜ ਦਾ ਬਰਾਬਰ ਅੰਗ ਹੁੰਦੇ ਹਨ, ਜਿਥੇ ਸਭ ਨੂੰ ਮਨੁੱਖੀ ਅਧਿਕਾਰ ਪ੍ਰਾਪਤ ਹੋਣ, ਜੋ "ਏਕ ਜੋਤਿ ਦੁਇ ਮੂਰਤੀ" ਦੀ ਅਵਸਥਾ ਦੀ ਪਹਿਲੀ ਸ਼ਰਤ ਹੈ, ਉਹ ਸਮਾਜ ਹੀ ਸਭਿਅਕ ਅਤੇ ਸਵੱਸਥ ਸਮਾਜ ਅਖਵਾ ਸਕਦਾ ਹੈ।

ਜਦੋਂ ਦੋ ਵਿਅਕਤੀ '**ਏਕ ਜੋਤਿ**' ਹੋ ਜਾਂਦੇ ਹਨ, ਤਾਂ ਹਉਮੈ (Ego-centricity and Self-pre-occupation) ਦੀ ਕੋਈ ਥਾਂ ਨਹੀਂ ਰਹਿ ਜਾਂਦੀ। 'ਨਿਵਣੁ ਸੁ ਅਖਰ ਖਵਣੁ ਗੁਣ' ਵਾਲਾ ਸਭਿਆਚਾਰ ਬਣ ਜਾਂਦਾ ਹੈ। ਨਿਮਰਤਾ ਤੇ ਖਿਮਾ ਰਿਸ਼ਤੇ ਨੂੰ ਅਮੀਰੀ ਪ੍ਰਦਾਨ ਕਰਦੇ ਹਨ। 'ਗਰੀਬੀ' ਅਤੇ ਨਿਮਰਤਾ ਦੇ ਹਥਿਆਰ ਨਾਲ ਹੀ ਪਰਿਵਾਰਿਕ ਕਲੇਸ਼ ਦਾ ਖਾਤਮਾ ਕੀਤਾ ਜਾ ਸਕਦਾ ਹੈ ।

**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨ ਛਾਰੀ ॥**
**ਇਸ ਆਗੈ ਕੋ ਨ ਟਿਕੈ ਵਿਕਾਰੀ ॥ ਗੁਰ ਪੂਰੇ ਇਹ ਗਲ ਸਾਰੀ ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੬੨੮)

ਗੁਰੂ ਸਾਹਿਬ ਨੇ ਔਰਤ ਨੂੰ ਉੱਤਮ ਅਤੇ ਮਰਦ ਦੀ ਪੱਥ ਪਰਦਰਸ਼ਕ ਮੰਨਦਿਆਂ ਮਰਦ ਨੂੰ ਸਲਾਹ ਦਿੱਤੀ ਹੈ ਕਿ ਉਹ ਜੀਵ ਇਸਤਰੀ ਬਣੇ।। ਔਰਤ ਵਾਂਗ ਨਿਮਰਤਾ ਤੇ ਹਲੀਮੀ ਵਰਗੇ ਦੈਵੀ ਗੁਣਾਂ ਦਾ ਮਾਲਕ ਬਣ ਕੇ ' **ਇਹੁ ਜਗੁ ਸਚੈ ਕੀ ਹੈ ਕੋਠੜੀ**' ਨੂੰ ਪਵਿੱਤਰ ਬਣਾਏ।

ਅੱਜ ਲੋੜ ਹੈ, ਔਰਤ ਮਰਦ ਦੀ ਪੱਥ ਪ੍ਰਦਰਸ਼ਕ ਬਣੇ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਰਸਤੇ ਤੇ ਚੱਲਦਿਆਂ ਸਮਾਜ ਵਿਚ ਸਾਵਾਂਪਣ ਲਿਆ ਕੇ ' ਬੇਗਮਪੁਰੇ' ਦੀ ਸਿਰਜਣਾ ਲਈ ਯਤਨਸ਼ੀਲ ਹੋਵੇ। ਅੱਜ 21ਵੀਂ ਸਦੀ ਦੇ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਜਦੋਂ ਕੰਮ ਫਿਰ ਦਫਤਰਾਂ ਫੈਕਟਰੀਆਂ ਵਿਚੋਂ ਨਿਕਲ ਕੇ ਘਰਾਂ ਵਿਚ ਆ ਗਿਆ ਹੈ, ਤਾਂ ਇਸ ਆਦਰਸ਼ ਦੀ ਪ੍ਰਾਪਤੀ ਹਰ ਹਾਲ ਮੁਮਕਿਨ ਹੈ।

❋ ❋

* ਇਸਤਰੀ ਨੇ ਆਜ਼ਾਦੀ ਦੀ ਬੜੀ ਵੱਡੀ ਕੀਮਤ ਚੁਕਾਈ ਹੈ। ਸਭ ਕੁਝ ਪ੍ਰਾਪਤ ਕਰਨ ਦੀ ਦੌੜ ਵਿਚ ਇਸਤਰੀਆਂ ਨੂੰ ਸਭ ਕੁਝ ਕਰਨਾ ਪੈ ਰਿਹਾ ਹੈ, ਜਿਸ ਨੇ ਉਹਨਾਂ ਤੇ ਬਹੁਤ ਹੀ ਭਾਵਨਾਤਮਕ ਅਤੇ ਸਰੀਰਕ ਬੋਝ ਪਾਇਆ ਹੈ। (Paula Nicholson in "Having it All? Choices for today's women")

* ਮਨੁੱਖ ਦੀ ਪਿਛਲੇ ਕੁੱਝ ਸਮੇਂ ਵਿੱਚ ਇੱਕ ਵੱਡੀ ਇਤਿਹਾਸਿਕ ਗਲਤੀ ਇਹ ਹੈ ਕਿ ਉਸਨੇ ਮਰਦ ਦੀ ਸਮਝ ਅਤੇ ਵਿਚਾਰਾਂ ਨੂੰ ਹੀ ਮਨੁੱਖੀ ਸਮਝ ਅਤੇ ਵਿਚਾਰ ਸਮਝ ਲਿਆ ਹੈ।

(Roya Monajan)



# ਅਧਿਆਤਮਕ ਅਤੇ ਪਰਿਵਾਰਕ ਸੰਦਰਭ ਵਿਚ
## 'ਲਾਵਾਂ' ਦੀ ਬਾਣੀ

ਗੁਰਮਤਿ ਵਿਚਾਰਧਾਰਾ ਉਦਾਸੀ ਅਤੇ ਬਾਣ-ਪ੍ਰਸਤ ਜੀਵਨ ਸ਼ੈਲੀ ਨੂੰ ਨਕਾਰ ਕੇ ਗ੍ਰਹਿਸਤੀ ਹੋਣ ਦਾ ਪੱਖ ਪੂਰਦੀ ਹੈ। ਗ੍ਰਹਿਸਤ 'ਜੀਵਨ' ਨੂੰ ਗ੍ਰਹਿਸਤ 'ਧਰਮ' ਕਹਿ ਕੇ ਸਤਿਕਾਰ ਪੂਰਨ ਦਰਜਾ ਦਿੱਤਾ ਗਿਆ ਹੈ :

**ਗਿਆਨਨ ਮਹਿ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ**
**ਸਕਲ ਧਰਮ ਮਹਿ ਗ੍ਰਹਿਸਤ ਪ੍ਰਧਾਨ ਹੈ ॥** (ਕਬਿਤ ਭਾਈ ਗੁਰਦਾਸ ਜੀ)

ਗ੍ਰਹਿਸਤ ਧਰਮ ਨੂੰ ਸਾਰੇ ਧਰਮਾਂ ਵਿਚ ਉੱਤਮ ਦਰਜਾ ਦਿੱਤਾ ਗਿਆ ਹੈ ਕਿਉਂਕਿ ਇਸ ਪੰਧ ਰਾਹੀਂ ਹੀ ਮਨੁੱਖ ਪ੍ਰਵਿਰਤੀ ਕਰਮ ਕਮਾਉਂਦਿਆਂ, ਸੰਸਾਰਕ ਕੰਮਾਂ ਵਿਚ ਪਰਵਿਰਤ ਹੁੰਦਿਆਂ ਵੀ, ਨਿਰਵਿਰਤ ਅਵਸਥਾ ਦਾ ਧਾਰਨੀ ਬਣ ਸਕਦਾ ਹੈ। ਸਹਿਜ ਅਵਸਥਾ ਦਾ ਧਾਰਨੀ ਬਣ ਕੇ ਗ੍ਰਹਿਸਤ ਉਦਾਸ ਰਹਿਣਾ ਹੀ, ਗੁਰਮਤਿ ਅਨੁਸਾਰ ਜੀਵਨ ਆਦਰਸ਼ ਹੈ। ਅਨੰਦ ਕਾਰਜ ਸਮੇਂ ਪੜ੍ਹੀ ਜਾਣ ਵਾਲੀ ਸੂਹੀ ਰਾਗ ਵਿਚ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ 'ਲਾਵਾਂ', ਇਸ ਆਦਰਸ਼ ਦੀ ਪ੍ਰਾਪਤੀ ਲਈ ਤਰੀਕਾ ਦੱਸ ਕੇ ਅਗਵਾਈ ਕਰਦੀ ਹੈ ਕਿ ਪਰਵਿਰਤੀ ਕਰਮ ਕਮਾਉਂਦਿਆਂ ਹੋਇਆਂ, ਸਹਿਜ ਅਵਸਥਾ ਵਿਚ ਰਹਿ ਕੇ ਕਿਵੇਂ ਨਿਰਵਿਰਤੀ ਨੂੰ ਪ੍ਰਾਪਤ ਹੋਣਾ ਹੈ?

ਗੁਰੂ ਸਾਹਿਬ ਸੁਖਾਲਾ ਜੀਵਨ ਪੰਧ ਦੱਸਦਿਆਂ ਸੁਭਾਵਕ ਜੀਵਨ ਜੀਊਣ ਨੂੰ ਹੀ ਆਦਰਸ਼ ਮੰਨਦੇ ਹਨ। ਇਸੇ ਲਈ ਹੀ ਗੁਰਮਤਿ ਜੀਵਨ ਵਿਚ 'ਅਨੰਦ ਸੰਸਕਾਰ' ਇਕ ਜਰੂਰੀ ਸੰਸਕਾਰ ਮੰਨਿਆ ਗਿਆ ਹੈ ਅਤੇ ਸਿੱਖ ਨੂੰ ਹੁਕਮ ਹੈ ਕਿ ਉਹ ਆਪਣੇ ਬੱਚਿਆਂ ਦਾ ਯੋਗ ਸਮੇਂ ਅਨੰਦ ਕਾਰਜ ਕਰੇ। ਅਨੰਦ ਕਾਰਜ ਨੂੰ ਇਕ ਧਾਰਮਿਕ ਫਰਜ਼ ਬਣਾ ਕੇ, ਗ੍ਰਹਿਸਤ ਨੂੰ ਧਰਮ ਦਾ ਦਰਜਾ ਦਿੱਤਾ ਗਿਆ ਹੈ। ਇਸ ਨੂੰ ਵਿਸ਼ੇ ਵਿਕਾਰਾਂ ਦਾ ਛੂਟ-ਪੱਤਰ (license) ਬਣਾਉਣ ਦੀ ਆਗਿਆ ਨਹੀਂ । ਕਾਮ-ਵਿਆਪੇ ਗ੍ਰਹਿਸਤੀ ਦੀ ਤਰਸਯੋਗ ਹਾਲਤ ਬਿਆਨ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ :

**ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥**
**ਰਾਤੀ ਊਘੈ ਦਬਿਆ ਨਵੇ ਸੋਤ ਸਭ ਢਿਲਾ ॥**
**ਮਨਮੁਖਾ ਦੈ ਸਿਰ ਜੋਰਾ ਅਮਰ ਹੈ ਨਿਤ ਦੇਵਹਿ ਭਲਾ ॥**
**ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥**
**ਕਾਮ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੩੦੪)

ਇਕ ਪਾਸੇ ਤਾਂ ਵਿਸ਼ੇ ਵੱਸ ਹੋ ਕੇ ਕਾਮੀ ਪੁਰਸ਼ ਚੰਗੇ-ਮੰਦੇ ਦੀ ਸੋਝੀ ਗੁਆ ਕੇ ਵਿਅਕਤੀਗਤ ਅਤੇ ਸਮਾਜਿਕ ਫਰਜ਼ਾਂ ਨੂੰ ਭੁਲਾ ਕੇ ਅਪਵਿੱਤਰ ਜੀਵਨ ਜੀਉਂਦੇ ਹਨ, ਦੂਜੇ ਪਾਸੇ :

**ਇਕ ਬਿੰਦ ਜਤਨ ਕਰ ਰਖਦੇ ਸੇ ਜਤੀ ਕਹਾਵਹਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੪੧੯)

ਦਮਨ ਕਿਰਿਆ ਵਿਚ ਲੱਗੇ ਮਨੁੱਖ ਪੂਰਾ ਜ਼ੋਰ ਲਗਾ ਕੇ ਵੀ, ਆਪਣੀ ਸੁਰਤਿ ਨੂੰ ਕਾਮੁਕ ਅਵਸਥਾ ਤੋਂ ਉੱਪਰ ਚੁੱਕਣੋਂ ਅਸਮਰੱਥ ਹੁੰਦੇ ਹਨ। ਅਜਿਹੇ ਘਰ ਤਜਣ ਵਾਲੇ ਜਤੀ ਵਿਅਕਤੀ ਹੀ ਇਮਤਿਹਾਨ ਦੀ ਘੜੀ ਆਉਣ ਤੇ ਆਪਣੇ ਆਦਰਸ਼ ਤੋਂ ਡਿੱਗ, ਜਤ-ਸਤ ਤੋਂ ਪੱਲਾ ਛੁਡਾ, ਅਵਰਾ ਕੇ ਘਰ ਹੇਰ ਕੇ, ਦੁਰਾਚਾਰ ਦੀਆਂ ਘੁੰਮਣ ਘੇਰੀਆਂ ਵਿਚ ਫਸ ਬਦਚਾਰੀ ਬਣ ਜਾਂਦੇ ਹਨ:

**ਮਨਮੁਖੁ ਲਹਰਿ ਘਰੁ ਤਜਿ ਵਿਗੂਚੈ, ਅਵਰਾ ਕੇ ਘਰ ਹੇਰੈ ॥**
**ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਣ ਘੇਰੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੧੦੧੨)

ਗੁਰੂ ਸਾਹਿਬ ਨੇ ਦੋਹਾਂ ਤਰ੍ਹਾਂ ਦੇ ਮਨੁੱਖਾਂ ਦੀ ਹਾਲਤ ਨੂੰ ਤਰਸਯੋਗ ਸਮਝਦਿਆਂ, ਮਨੁੱਖਤਾ ਨੂੰ ਸਹਿਜ ਯੋਗ ਵਾਲੇ ਗ੍ਰਹਿਸਤ ਜੀਵਨ ਨੂੰ ਹੀ ਧਰਮ ਬਣਾ ਕੇ ਸੰਸਾਰ ਯਾਤਰਾ ਕਰਨ ਦਾ ਆਦਰਸ਼ ਦਿੱਤਾ ਹੈ।

ਗੁਰੂ ਸਾਹਿਬ ਦਾ ਨਾ ਤਾਂ ਅਵਿਵਾਹਿਤ ਰਹਿ ਕੇ ਜਤੀ-ਸਤੀ ਬਣਨ ਦਾ ਪਖੰਡ ਕਰਨਾ ਅਤੇ ਨਾ ਹੀ ਵਿਸ਼ੇ ਵੱਸ ਹੋ ਕੇ ਗ੍ਰਹਿਸਤੀ ਜੀਵਨ ਵਿਚ ਲੰਪਟ ਹੋਣ ਦਾ ਆਦਰਸ਼ ਸੀ। ਆਪ ਅਧਿਆਤਮਕ ਅਤੇ ਸਦਾਚਾਰਕ ਆਧਾਰ ਹੀਣ ਵਿਵਾਹਿਕ ਅਤੇ ਸਮਾਜਿਕ ਰਿਸ਼ਤਿਆਂ ਤੇ ਚੋਟ ਕਰਦੇ ਹਨ

**ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥**
**ਕਿਸੀ ਹੀ ਵਾਧ ਘਾਟ ਕਿਸੀ ਹੀ ਕਉ ਸਗਲੇ ਝਰ ਝਰ ਮੂਆ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੬੭੩)

ਗ੍ਰਹਿਸਤੀ ਕਿਹੋ ਜਿਹਾ ਜੀਵਨ ਜੀਵੇ, ਇਸ ਬਾਰੇ ਗੁਰਬਾਣੀ ਅਗਵਾਈ ਕਰਦੀ ਹੈ :

**ਇਕ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥**
**ਨਾਮ ਦਾਨ ਇਸਨਾਨ ਦ੍ਰਿੜ ਹਰਿ ਭਗਤ ਸੁਜਾਗੇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੪੧੯)

ਅਜਿਹਾ ਗ੍ਰਹਿਸਤੀ, ਜੋ ਅਸਲ ਅਰਥਾਂ ਵਿਚ ਸੇਵਕ ਬਣ ਜੀਵਨ ਸਾਧਦਾ ਹੈ ਅਤੇ ਗੁਰਮਤਿ ਅਨੁਸਾਰ ਨਾਮ ਦਾਨ, ਇਸ਼ਨਾਨ ਦ੍ਰਿੜ੍ਹ ਕਰਕੇ, ਪ੍ਰਭੂ ਭਗਤੀ ਵਿਚ ਲੀਨ ਹੋ ਸੁਚੇਤ ਜੀਵਨ ਜੀਊਦਾ ਹੈ, ਉਹ ਹੀ ਅਸਲ ਗ੍ਰਹਿਸਤੀ ਹੈ। ਅਜਿਹਾ ਗ੍ਰਹਿਸਤੀ ਜੋ :

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥**
**ਜਪੁ ਤਪੁ ਸੰਜਮੁ ਭੀਖਿਆ ਕਰੈ ॥**
**ਪੁੰਨ ਦਾਨ ਕਾ ਕਰੇ ਸਰੀਰ ॥**



**ਸੋ ਗਿਰਹੀ ਗੰਗਾ ਕਾ ਨੀਰੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: ੯੫੨)

ਭਾਵ - ਅਸਲ ਗ੍ਰਹਿਸਤੀ ਉਹ ਹੈ, ਜੋ ਸਾਰੇ ਪ੍ਰਵਿਰਤੀ ਕਰਮ ਕਮਾਉਂਦਿਆਂ ਆਪਣੇ ਆਪ ਤੇ ਕਾਬੂ ਰੱਖਦਾ ਹੈ ਅਤੇ '**ਪੁੰਨ ਦਾਨ ਕਾ ਕਰੇ ਸਰੀਰ**' ਅਨੁਸਾਰ ਆਪਣੇ ਸਰੀਰ ਨੂੰ ਸੇਵਾ, ਪੁੰਨ ਅਤੇ ਪਰਉਪਕਾਰ ਦੇ ਕਾਰਜਾਂ ਵਿਚ ਲਗਾ ਕੇ ਪਵਿੱਤਰ ਰੱਖਦਾ ਹੋਇਆ ਨਰੋਏ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਰਹਿੰਦਾ ਹੈ ।

ਸੁਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਕੇਵਲ ਅਤੇ ਕੇਵਲ ਗ੍ਰਹਿਸਤੀ ਰਹਿ ਕੇ ਹੀ ਕੀਤੀ ਜਾ ਸਕਦੀ ਹੈ। ਗ੍ਰਹਿਸਤ ਇਕ ਅਜਿਹਾ ਉੱਤਮ ਸਾਧਨ ਹੈ, ਜਿਸ ਨੂੰ ਅਪਣਾ ਕੇ ਪਤੀ-ਪਤਨੀ ਸਭ ਤਰ੍ਹਾਂ ਦੇ ਸਮਾਜਿਕ ਅਤੇ ਸੰਸਾਰਕ ਕਾਰ-ਵਿਹਾਰ ਕਰਦਿਆਂ '**ਇਕ ਸਿਖ ਦੁਇ ਸਾਧਸੰਗ**' ਅਨੁਸਾਰ, ਇਕ-ਦੂਜੇ ਦੀ ਸੰਗਤ ਵਿਚ ਰਹਿ ਕੇ ਸਮਾਜਿਕ ਅਤੇ ਆਤਮਕ ਤੌਰ ਤੇ ਪੂਰਨਤਾ ਵੱਲ ਵਧਦਿਆਂ, ਇਸ ਸੰਸਾਰ ਵਿਚ ਵਿਚਰ ਸਕਦੇ ਹਨ।

ਇਕੱਲੀ ਇਸਤਰੀ ਹੀ ਨਹੀਂ, ਇਕੱਲਾ ਪੁਰਸ਼ ਵੀ ਕਈ ਹਾਲਤਾਂ ਵਿਚ, ਸਮਾਜਿਕ ਰੁਕਾਵਟਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਨਾ ਰੱਖਦਾ ਹੋਇਆ, ਚੰਗੇ ਕੰਮ ਤੋਂ ਪਿੱਛੇ ਹਟਣ ਲਈ ਮਜਬੂਰ ਹੋ ਜਾਂਦਾ ਹੈ। ਧਾਰਮਿਕ ਭਾਵਨਾ ਨਾਲ ਜੁੜੇ ਹੋਏ ਪਤੀ-ਪਤਨੀ ਇਕ ਦੂਜੇ ਦੇ ਪੂਰਕ ਬਣ ਕੇ ਅਤੇ ਇਕ ਦੂਜੇ ਦੀ ਪੱਤ ਦੇ ਰਾਖੇ ਬਣ ਕੇ, ਹਰ ਸਮੇਂ ਅਤੇ ਹਰ ਤਰ੍ਹਾਂ ਦੇ ਪਰਉਪਕਾਰ ਕਰ ਸਕਦੇ ਹਨ। ਇਸੇ ਲਈ ਅਧਿਆਤਮਕ ਪੰਧ ਦੇ ਰਾਹੀਆਂ ਲਈ ਗੁਰੂ ਸਾਹਿਬ ਨੇ ਗ੍ਰਹਿਸਤ ਮਾਰਗ ਹੀ ਪ੍ਰਵਾਨ ਕੀਤਾ ਹੈ।

ਸਾਰੇ ਗੁਰੂ ਸਾਹਿਬਾਨ ਆਪ ਗ੍ਰਹਿਸਤੀ ਬਣੇ ਅਤੇ ਗ੍ਰਹਿਸਤ ਵਿਚ ਰਹਿੰਦਿਆਂ ਨਿਰਲੇਪ ਰਹਿ ਕੇ, ਆਪਣੇ ਪਰਿਵਾਰ ਦੀ ਯੋਗ ਸੰਭਾਲ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਅੱਖਾਂ ਨਹੀਂ ਮੀਟੀਆਂ ਅਤੇ ਆਦਰਸ਼ ਸਮਾਜ ਦੀ ਸਿਰਜਣਾ ਲਈ ਜੀਵਨ ਪ੍ਰਯੰਤ ਯਤਨਸ਼ੀਲ ਰਹੇ। ਆਪ ਦਾ ਨਿਸਚਾ ਸੀ ਕਿ ਸਿਹਤਮੰਦ ਦੰਪਤੀ ਜੀਵਨ ਹੀ ਚੰਗੇਰੇ ਸਮਾਜ ਦੀ ਨੀਂਹ ਰੱਖ ਸਕਦਾ ਹੈ। ਇਸੇ ਲਈ ਬਾਣੀ ਵਿਚਲੇ ਅਨੇਕਾਂ ਸ਼ਬਦਾਂ ਵਿਚ ਸਫਲ ਦੰਪਤੀ ਜੀਵਨ ਦਾ ਚਿੱਤਰ ਖਿੱਚਿਆ ਗਿਆ ਹੈ। ਵਿਆਹੁਤਾ ਜੀਵਨ ਸੰਬੰਧੀ ਅਗਵਾਈ ਤਾਂ ਕੁੜਮਾਈ ਵਾਲੇ ਸ਼ਬਦਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ।

**ਸਤੁ ਸੰਤੋਖੁ ਕਰਿ ਭਾਉ, ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੭੭੩)

ਸੁਖੀ ਪਰਿਵਾਰਕ ਜੀਵਨ ਲਈ ਰਿਸ਼ਤੇ ਕਿਵੇਂ ਤਹਿ ਕੀਤੇ ਜਾਣ, ਇਸ ਬਾਰੇ ਦੱਸਿਆ ਹੈ ਕਿ ਕੁੜਮ ਜਦੋਂ ਕੁੜਮਾਈ ਦੇ ਮੰਤਵ ਨਾਲ ਇਕੱਠੇ ਹੋਣ ਤਾਂ ਭਾਵਨਾ, ਲਾਲਚ, ਵਡੱਪਣ ਜਾਂ ਹਉਮੈਂ ਦੀ ਨਾ ਹੋਵੇ, ਸਗੋਂ ਸਤ, ਸੰਤੋਖ ਅਤੇ ਭਾਉ (ਪ੍ਰੇਮ) ਦੀ ਭਾਵਨਾ ਹੀ ਪ੍ਰਧਾਨ ਹੋਵੇ। ਲਾਲਚ ਅਤੇ ਹੋਰ ਪਸ਼ੂ-ਬਿਰਤੀਆਂ (Animal Instincts) ਦੀ ਰੇਤਲੀ ਧਰਤੀ

ਵਿਚ ਰੱਖੀ ਨੀਂਹ ਤੇ ਆਧਾਰਿਤ ਰਿਸ਼ਤਿਆਂ ਵਿਚ ਕਦੀ ਸਥਿਰਤਾ ਨਹੀਂ ਆ ਸਕਦੀ। ਇਸੇ ਲਈ ਕੁੜਮਾਂ ਲਈ ਅਗਵਾਈ ਹੈ ਕਿ ਸਚ ਸੰਤੋਖ ਤੇ ਪ੍ਰੇਮ ਤੇ ਆਧਾਰਿਤ ਰਿਸ਼ਤੇ ਹੀ ਕਾਇਮ ਹੋਣ। ਇਸ ਦੇ ਉਲਟ ਕੂੜ ਲਾਲਚ ਅਤੇ ਕ੍ਰੋਧ ਦੀ ਭਾਵਨਾ ਰਿਸ਼ਤਿਆਂ ਵਿਚ ਕੁੜੱਤਣ ਹੀ ਲਿਆਉਂਦੀ ਹੈ, ਸਥਿਰਤਾ ਨਹੀਂ। ਸ਼ਾਇਦ ਅੱਜ ਦੀਆਂ ਕੁੜਮਾਈਆਂ ਵਿਚ ਸਤ, ਸੰਤੋਖ ਅਤੇ ਭਾਉ ਦੀ ਭਾਵਨਾ ਗੈਰ-ਹਾਜ਼ਿਰ ਹੋਣ ਕਾਰਨ ਹੀ ਰਿਸ਼ਤਿਆਂ ਵਿਚ ਮਿਠਾਸ ਦੀ ਥਾਂ ਕਸੈਲਾਪਨ ਪੈਦਾ ਹੋ ਰਿਹਾ ਹੈ।

ਗੁਰਮਤਿ ਅਨੁਸਾਰ ਵਿਆਹ ਦਾ ਸੰਬੰਧ ਦੋ ਰੂਹਾਂ ਦੇ ਮਿਲਾਪ ਦਾ ਰੂਹਾਨੀ ਤਜਰਬਾ ਹੈ। ਸਰੀਰਕ ਪ੍ਰਵਿਰਤੀ ਅਤੇ ਸੰਤਾਨ ਦੇ ਸੁਆਲ ਨੂੰ ਨਕਾਰੇ ਬਿਨਾਂ ਰੂਹਾਨੀ ਆਦਰਸ਼ ਸਾਹਮਣੇ ਰੱਖਿਆ ਹੈ। ਵਿਆਹ ਕੋਈ ਬੰਧਨ ਜਾਂ ਕੈਦ ਨਹੀਂ, ਸਗੋਂ ਇਕ-ਦੂਜੇ ਨੂੰ ਸੰਸਾਰਕ ਅਤੇ ਆਤਮਕ ਤੌਰ ਤੇ ਉੱਚਿਆਂ ਚੁੱਕਣ ਲਈ ਇਕ ਰਸਤਾ ਹੈ। ਦੋ ਵਿਅਕਤੀਆਂ ਦਾ **'ਕਾਮ ਕ੍ਰੋਧਿ ਬਿਖ ਅਗਨ ਨਿਵਾਰ'** ਕੇ **'ਏਕ ਜੋਤ ਦੁਇ ਮੂਰਤੀ'** ਹੋ ਜਾਣ ਦਾ ਤਜਰਬਾ ਹੀ ਵਿਆਹ ਦਾ ਮੰਤਵ ਹੈ। 'ਸੋਹਾਗ' (ਪਤੀ) ਅਤੇ 'ਸੋਹਾਗਣਿ' (ਪਤਨੀ) ਦੁਇ ਤੋਂ 'ਮੈਂ' ਭਾਵ ਇਕ ਹੋ ਜਾਂਦੇ ਹਨ :

**ਹਉ ਜਾਇ ਪੁਛਾ ਸੋਹਾਗ ਸੋਹਾਗਣਿ**
**ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : ੫੬੧)

ਸੋਹਾਗ (ਪਤੀ) ਅਤੇ ਸੋਹਾਗਣਿ (ਪਤਨੀ) ਇਕ (ਮੈਂ) ਹੋ ਕੇ ਜੁਆਬ ਦਿੰਦੇ ਹਨ :

**ਮੈ ਉਪਰ ਨਦਰਿ ਕਰੀ ਪਿਰ ਸਾਚੈ ਮੈ ਛੋਡਿਆ ਮੇਰਾ ਤੇਰਾ ॥**

"ਮੈਂ" ਉਪਰ ਪ੍ਰਭੂ ਨੇ ਕਿਰਪਾ ਕੀਤੀ ਅਤੇ ਮੈਂ, ਮੇਰਾ-ਤੇਰਾ ਛੱਡ ਕੇ ਪ੍ਰਭੂ ਪਤੀ ਪਾ ਲਿਆ ਭਾਵ ਦੋਵੇਂ ਜਣੇ 'ਮੈਂ' ਬਣ ਕੇ ਇਕ ਰੂਪ ਹੋ ਕੇ ਸੰਪੂਰਨ ਹੋ ਜਾਂਦੇ ਹਨ ਅਤੇ ਉਹਨਾਂ ਦੀ ਸੁਰਤਿ, ਉਹਨਾਂ ਵਿਸ਼ਿਆਂ ਵਿਚ ਭਟਕਣੀ ਬੰਦ ਹੋ ਜਾਂਦੀ ਹੈ, ਜੋ ਇਸਤਰੀ-ਪੁਰਸ਼ ਨੂੰ ਇਕ-ਦੂਜੇ ਦੀ ਅਪ੍ਰਾਪਤੀ ਵਿਚ ਰਹਿੰਦੀ ਹੈ। ਸੰਸਾਰਕ ਸੁੱਖ ਭੋਗਦਿਆਂ ਵੀ, ਉਹ ਇਹਨਾਂ ਵਿਚ ਲੰਪਟ ਨਹੀਂ ਹੁੰਦੇ, ਸਗੋਂ ਇਹਨਾਂ ਤੋਂ ਉਪਰ ਉਠ ਕੇ ਅਡੋਲ ਆਤਮਕ ਅਵਸਥਾ ਦੇ ਧਾਰਨੀ ਹੋ ਜਾਂਦੇ ਹਨ।

ਸੁਆਲ ਪੈਦਾ ਹੁੰਦਾ ਹੈ ਕਿ ਇਸ ਆਦਰਸ਼ ਦੀ ਪ੍ਰਾਪਤੀ ਕਿਵੇਂ ਕੀਤੀ ਜਾਏ ? ਇਸ ਪ੍ਰਸ਼ਨ ਦਾ ਜੁਆਬ ਵਿਆਹ ਸਮੇਂ ਪੜ੍ਹੀ ਜਾਣ ਵਾਲੀ ਸੂਹੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਿਤ ਬਾਣੀ 'ਲਾਵਾਂ' ਦਾ ਵੀਚਾਰ ਸਹਿਤ ਪਾਠ ਕਰਦਿਆਂ ਮਿਲ ਜਾਂਦਾ ਹੈ। ਜੀਵਨ ਵਿਚ ਅਧਿਆਤਮਕ ਪੱਖ ਨੂੰ ਉਜਾਗਰ ਕਰਦਿਆਂ, ਸੰਸਾਰਕ ਪੱਧਰ ਦੇ ਰਿਸ਼ਤੇ ਨੂੰ ਕਿਵੇਂ ਭਰਪੂਰ ਬਣਾਇਆ ਜਾਏ। ਇਸ ਬਾਰੇ ਲਾਵਾਂ ਦੀ ਬਾਣੀ ਅਗਵਾਈ ਕਰਦੀ ਹੈ ।

ਅਧਿਆਤਮਕਤਾ ਬਾਣੀ ਦਾ ਮੁੱਖ ਵਿਸਾ ਤਾਂ ਹੈ ਹੀ, ਗੁਰੂ ਸਾਹਿਬ ਆਮ ਸੰਸਾਰਕ, ਆਰਥਿਕ ਅਤੇ ਰਾਜਨੀਤਿਕ ਵਿਸ਼ਿਆਂ ਤੇ ਗੱਲ ਕਰਦਿਆਂ ਵੀ, ਅਧਿਆਤਮਕਤਾ ਨੂੰ



ਆਧਾਰ ਬਣਾ, ਅਰਥਾਂ ਨੂੰ ਪਰਮਾਰਥ ਬਣਾ ਦੇਂਦੇ ਹਨ। ਆਪ ਸਮਝਦੇ ਹਨ ਕਿ ਮਨੁੱਖ ਦੀਆਂ ਸਾਰੀਆਂ ਵਿਅਕਤੀਗਤ ਅਤੇ ਸਮਾਜਿਕ ਸਮੱਸਿਆਵਾਂ ਦਾ ਮੂਲ ਕਾਰਣ ਮਨੁੱਖ ਦਾ ਆਪਣੇ ਅਧਿਆਤਮਕ ਆਪੇ ਤੋਂ ਟੁੱਟ ਕੇ ਹਉਮੈ ਗ੍ਰਸਤ (Self-Centred and Ego-Centric) ਹੋ ਜਾਣਾ ਹੀ ਹੈ। ਇਸ ਲਈ ਦੁਨਿਆਵੀ ਰਿਸ਼ਤੇ ਦੀ ਸਫਲਤਾ ਦਾ ਰਾਜ਼ ਅਧਿਆਤਮਕਤਾ ਰਾਹੀਂ ਹੀ ਦਰਸਾਇਆ ਗਿਆ ਹੈ।

'ਲਾਵਾਂ' ਸੂਹੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਆ ਇਕ ਛੰਦ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 773-74 ਉੱਤੇ ਅੰਕਿਤ ਹੈ। ਛੰਦ ਪੰਜਾਬ ਦੇ ਲੋਕ ਗੀਤਾਂ ਦਾ ਉਹ ਕਾਵਿ ਰੂਪ ਹੈ, ਜੋ ਵਿਆਹ ਸਮੇਂ ਗਾਇਆ ਜਾਂਦਾ ਹੈ। ਸੂਹੀ ਰਾਗ ਵਿਚ ਬਹੁਤੀ ਬਾਣੀ ਛੰਦਾਂ ਵਿਚ ਹੀ ਰਚੀ ਗਈ ਹੈ ਅਤੇ ਅਲੰਕਾਰ, ਚਿੰਨ੍ਹ ਅਤੇ ਸ਼ਬਦਾਵਲੀ ਵੀ ਜ਼ਿਆਦਾ ਗ੍ਰਹਿਸਤ ਜੀਵਨ ਨਾਲ ਹੀ ਸੰਬੰਧਿਤ ਹੈ।

'ਲਾਵਾਂ' ਦਾ ਸ਼ਬਦੀ ਅਰਥ ਲਗਾਉ, ਮਿਲਾਪ ਅਤੇ ਸੰਜੋਗ ਤੋਂ ਹੈ। ਇਸ ਬਾਣੀ ਦਾ ਪਾਠ ਪਤੀ-ਪਤਨੀ ਦੇ ਅਨੰਦ ਕਾਰਜ ਸਮੇਂ ਕਰਨ ਦੀ ਮਰਿਯਾਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤੀ ਦਾ ਉੱਚਤਮ ਸਰੂਪ ਪਤੀ-ਪਤਨੀ ਹੀ ਹਨ। ਗ੍ਰਹਿਸਤ ਜੀਵਨ ਦਾ ਵੀ ਉੱਚਤਮ ਰਿਸ਼ਤਾ ਪਤੀ-ਪਤਨੀ ਦਾ ਹੈ। ਅਜਿਹੀ ਰਸਮ ਜਿਹੜੀ ਗ੍ਰਹਿਸਤ ਜੀਵਨ ਨੂੰ ਪਵਿੱਤਰ ਅਨੰਦ ਨਾਲ ਭਰ ਦੇਵੇ, ਅਨੰਦ ਕਾਰਜ ਬਣ ਜਾਂਦੀ ਹੈ। ਗ੍ਰਹਿਸਤ ਜੀਵਨ ਦਾ ਜ਼ਰੂਰੀ ਸਿੱਟਾ ਅਨੰਦ ਦੀ ਪ੍ਰਾਪਤੀ ਹੈ। ਜੇ ਗ੍ਰਹਿਸਤ ਜੀਵਨ ਵਿਚ ਅਨੰਦ ਦੀ ਕਮੀ ਹੈ ਤਾਂ ਜ਼ਾਹਰ ਹੈ ਕਿ ਇਸ ਸੰਸਾਰਕ/ਪ੍ਰਮਾਰਥਕ ਰਿਸ਼ਤੇ ਵਿੱਚ ਕਿਤੇ ਕਮੀ ਹੈ। ਅਨੰਦ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਇਸ ਬਾਰੇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ 'ਅਨੰਦ' ਸਿਰਲੇਖ ਹੇਠ ਰਚੀ ਬਾਣੀ ਵਿਚ ਫੁਰਮਾਉਂਦੇ ਹਨ:

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**
**ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਭਾਵ - 'ਸਹਜ' ਹੀ ਸਤਿਗੁਰੂ ਦੀ ਪ੍ਰਾਪਤੀ ਦਾ ਰਸਤਾ ਹੈ ਅਤੇ ਸਤਿਗੁਰੂ ਦੀ ਪ੍ਰਾਪਤੀ ਅਨੰਦ ਦੀ ਪ੍ਰਾਪਤੀ ਹੈ। ਇਸ ਲਈ ਅਨੰਦ ਦੀ ਪ੍ਰਾਪਤੀ ਕੇਵਲ 'ਸਹਜ' ਅਵਸਥਾ ਦੇ ਧਾਰਨੀ ਹੋ ਕੇ ਹੀ ਕੀਤੀ ਜਾ ਸਕਦੀ ਹੈ। ਸਹਿਜ, ਜਿੱਥੇ ਜੀਵਨ ਵਿਚ ਉਲਾਰ ਨਹੀਂ ਹੈ, ਜਿੱਥੇ ਸਾਵਾਂਪਣ (Harmony) ਹੈ, ਜਿੱਥੇ ਜੀਵਨ ਵਿਚ ਸਭ ਨਾਲ ਰਾਗਾਤਮਕ (Harmonious) ਸੰਬੰਧ ਹਨ। ਅਨੰਦ ਕਾਰਜ ਦੀ ਰਸਮ ਸਮੇਂ ਪੜ੍ਹੀ ਜਾਣ ਵਾਲੀ ਬਾਣੀ 'ਲਾਵਾਂ' ਇਸੇ ਸਹਿਜ ਅਵਸਥਾ ਦੀ ਪ੍ਰਾਪਤੀ ਦਾ ਤਰੀਕਾ ਦਰਸਾਉਂਦੀ ਹੈ। ਇਸ ਬਾਣੀ ਦਾ ਆਖਰੀ ਅਤੇ ਚੌਥਾ ਬੰਦ ਮਨ ਦੀ ਸਹਿਜ ਅਵਸਥਾ ਦਾ ਸੂਚਕ ਹੈ, ਜੋ ਅਧਿਆਤਮਕ ਅਤੇ ਸੰਸਾਰਕ ਆਨੰਦ ਦੀ ਅਵਸਥਾ ਹੈ । ਇਸ ਤੋਂ ਪਹਿਲੇ ਤਿੰਨ ਬੰਦਾਂ ਵਿਚ ਸਹਿਜ ਅਵਸਥਾ ਦੀ ਅੰਤਲੀ ਪਉੜੀ ਤੇ ਪਹੁੰਚਣ ਤੋਂ ਪਹਿਲਾਂ ਦੇ ਤਿੰਨ ਪੜਾਵਾਂ ਦਾ ਜ਼ਿਕਰ ਹੈ।

ਵਿਆਹ ਦੀ ਰਸਮ ਸਮੇਂ ਰਾਗੀ ਸਿੰਘ ਲਾਵਾਂ ਦੀ ਬਾਣੀ ਦਾ ਕੀਰਤਨ ਕਰਦੇ ਹਨ ਅਤੇ ਲੜਕਾ ਅਤੇ ਲੜਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰ ਕੇ ਆਪਣੇ ਆਪ ਨੂੰ

ਲਾਵਾਂ ਵਿਚ ਦਿੱਤੇ ਅਸੂਲਾਂ ਮੁਤਾਬਕ ਜੀਵਨ ਜੀਊਣ ਲਈ ਸਮਰਪਿਤ ਕਰਨ ਦਾ ਪ੍ਰਣ ਲੈਂਦੇ ਹਨ।

ਪਹਿਲੀ ਲਾਂਵ ਦਾ ਆਰੰਭ ਪਰਵਿਰਤੀ ਕਰਮ ਦ੍ਰਿੜ ਕਰਵਾਉਣ ਤੋਂ ਹੁੰਦਾ ਹੈ। ਪਰਵਿਰਤੀ ਦੀ ਅਵਸਥਾ ਵਿਚ ਮਨ ਵਿਚ ਕਈ ਬਿਰਤੀਆਂ ਪੈਦਾ ਹੁੰਦੀਆਂ ਹਨ। ਇਹਨਾਂ ਬਿਰਤੀਆਂ ਤੋਂ ਹੀ ਸੰਸਾਰ ਦੇ ਸਾਰੇ ਵਿਹਾਰ ਦਾ ਆਰੰਭ ਹੁੰਦਾ ਹੈ ਅਤੇ ਇਹਨਾਂ ਰਾਹੀਂ ਹੀ ਸੰਸਾਰ ਦੀ ਮਰਿਆਦਾ ਜਾਰੀ ਰਹਿੰਦੀ ਹੈ। ਅਨੰਦ ਕਾਰਜ ਦੀ ਰਸਮ ਜਿਸ ਰਾਹੀਂ ਪਤੀ ਪਤਨੀ ਗ੍ਰਹਿਸਤ ਧਰਮ ਦਾ ਆਰੰਭ ਕਰਦੇ ਹਨ, ਸੰਸਾਰ ਵਿਚ ਪਰਵਿਰਤ ਹੋਣ ਲਈ ਦ੍ਰਿੜ ਕਰਦੀ ਹੈ। ਖੂਬਸੂਰਤੀ ਇਹ ਹੈ ਕਿ ਪਰਵਿਰਤੀ ਕਰਮ ਜਿਸ ਰਾਹੀਂ ਸੰਸਾਰਕ ਵਿਹਾਰ ਬਣਦੇ ਹਨ, ਨੂੰ ਧਾਰਮਕ ਮਰਿਆਦਾ ਵਿਚ ਬੰਨਿਆ ਗਿਆ ਹੈ।

ਸਿੱਖ ਧਰਮ ਇਕ ਸੰਪੂਰਣ ਜੀਵਨ ਦਾ ਧਰਮ ਹੈ ਜਿਸ ਦੇ ਘੇਰੇ ਵਿਚ ਮਨੁੱਖੀ ਜੀਵਨ ਦਾ ਹਰ ਪਹਿਲੂ ਆ ਜਾਂਦਾ ਹੈ। ਪਰਵਿਰਤੀ ਕਰਮ ਵੀ ਮਨੁੱਖੀ ਜੀਵਨ ਦਾ ਇਕ ਹਿੱਸਾ ਹੈ, ਜਿਸ ਨੂੰ ਨਕਾਰਨਾ ਸੰਭਵ ਨਹੀਂ। ਲੋੜ ਹੈ ਮਰਿਆਦਾ ਵਿਚ ਰਹਿ ਕੇ ਹੀ ਪਰਵਿਰਤ ਹੋਇਆ ਜਾਏ। ਮਰਿਆਦਾ ਵਿਚ ਬੱਝਿਆ ਪਰਵਿਰਤੀ ਕਰਮ ਹੀ ਨਿਰਵਿਰਤੀ ਦਾ ਸਾਧਨ ਬਣਦਾ ਹੈ। "ਗੁਰਮੁਖ ਪਰਵਿਰਤ ਨਿਰਵਿਰਤ ਪਛਾਣੈ।" ਇਸ ਲਈ ਜਿਸ ਪਰਵਿਰਤੀ ਵਿਚ ਰਹਿ ਕੇ ਗੁਰਮੁਖਾਂ ਨੇ ਨਿਰਵਿਰਤੀ ਨੂੰ ਪ੍ਰਾਪਤ ਕਰਨਾ ਹੈ, ਉਸ ਪ੍ਰਤੀ ਮਰਿਆਦਾ ਵਿਚ ਰਹਿ ਕੇ ਹੀ ਦ੍ਰਿੜ ਹੋਣ ਦੀ ਜ਼ਰੂਰਤ ਹੈ।

ਲਾਵਾਂ ਦੀ ਬਾਣੀ ਪਰਵਿਰਤੀ ਕਰਮ ਦ੍ਰਿੜ ਕਰਵਾਉਣ ਤੋਂ ਸ਼ੁਰੂ ਹੋ ਕੇ 'ਮਨ ਸਹਜਿ ਭਇਆ' ਰਾਹੀਂ 'ਹਰਿ ਪਾਇਆ ਅਬਿਨਾਸੀ' ਦੀ ਅਵਸਥਾ ਤਕ ਪਹੁੰਚਾਉਣ ਦੀ ਜ਼ਾਮਨੀ ਭਰਦੀ ਹੈ।

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥**
**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥**
**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥**
**ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥**
**ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥**
**ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥**

ਵਿਆਹੁਤਾ ਜੀਵਨ ਦੇ ਪਹਿਲੇ ਪੜਾਅ ਵਿਚ ਪਰਵਿਰਤੀ ਕਰਮ ਰਾਹੀਂ ਸੰਸਾਰਕ ਰਿਸ਼ਤਾ ਆਰੰਭ ਕੀਤਾ ਗਿਆ ਹੈ। ਇਸ ਸੰਸਾਰਕ ਰਿਸ਼ਤੇ ਦੀ ਬੁਨਿਆਦ 'ਧਰਮ ਦਿੜਹੁ' ਅਤੇ 'ਪਾਪ ਤਜਾਇਆ' ਤੇ ਰੱਖੀ ਗਈ ਹੈ। ਪ੍ਰਭੂ ਪਰਮਾਤਮਾ ਨੇ ਧਰਮ ਦ੍ਰਿੜ ਕਰਨ ਲਈ ਧਰਤੀ ਧਰਮਸਾਲ ਨੂੰ ਵਰਕਸ਼ਾਪ ਵਜੋਂ ਬਣਾਇਆ ਹੈ। ਜੀਵ ਵਲੋਂ ਇਸ ਵਰਕਸ਼ਾਪ ਵਿਚ ਕਮਾਏ ਕਰਮਾਂ ਬਾਰੇ ਵੀਚਾਰ ਸੱਚੇ ਪ੍ਰਭੂ ਦੇ ਸੱਚੇ ਦਰਬਾਰ ਵਿਚ ਕੀਤੀ ਜਾਂਦੀ ਹੈ ਅਤੇ ਕਚੇ ਪੱਕੇ ਦਾ ਫੈਸਲਾ ਕੀਤਾ ਜਾਂਦਾ ਹੈ। ਇਸੇ ਲਈ ਜੀਵਨ ਦਾ ਆਰੰਭ ਕਰਨ ਦੀ ਰਸਮ ਸਮੇਂ ਹੀ 'ਧਰਮ ਦ੍ਰਿੜਹੁ' ਅਤੇ 'ਪਾਪ ਤਜਾਵਹੁ' ਦਾ ਆਦਰਸ਼ ਸਾਹਮਣੇ ਰਖਿਆ ਹੈ। ਧਰਮ ਤਾਂ ਹੀ ਦ੍ਰਿੜ ਹੋ ਸਕਦਾ ਹੈ ਜੇ ਪਾਪਾਂ ਨੂੰ ਤਜਿਆ ਜਾਏ। ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਚੋਰਬਜ਼ਾਰੀ,



ਝੂਠ, ਬੇਈਮਾਨੀ, ਕਤਲ, ਡਾਕੇ, ਲਾਲਚ ਅਤੇ ਮਾਰਧਾੜ ਵਰਗੇ ਪਾਪਾਂ ਨੂੰ ਜੜੋਂ ਪੁੱਟ ਕੇ ਹੀ ਇਸ ਜੀਵਨ ਰੂਪੀ ਜ਼ਮੀਨ ਨੂੰ ਧਰਮ ਦੀ ਫਸਲ ਉਗਾਉਣ ਦੇ ਕਾਬਲ ਬਣਾਇਆ ਜਾ ਸਕਦਾ ਹੈ।

'ਪਾਪ ਤਜਾਇਆ' ਉਪਰੰਤ ਧਰਮ ਦੀ ਫਸਲ ਉਗਾਉਣ ਲਈ ਹਰ ਸਮੇਂ ਸਾਵਧਾਨੀ ਵਰਤਣੀ ਪੈਂਦੀ ਹੈ। ਘਰ ਪਰਵਾਰ ਵਿਚ, ਕੰਮ ਸਮੇਂ, ਦਫਤਰ ਵਿਚ, ਵਿਉਪਾਰ ਵਿਚ ਗੱਲ ਕੀ ਹਰ ਸਮੇਂ ਹਰ ਤਰ੍ਹਾਂ ਦੇ ਫਰਜ਼ ਨਿਭਾਉਣ ਸਮੇਂ 'ਧਰਮ ਦ੍ਰਿੜਹੁ' ਨੂੰ ਸਾਹਮਣੇ ਰਖੱਣਾ ਜ਼ਰੂਰੀ ਹੈ। ਧਰਮ, (ਫਰਜ਼) ਇਕ ਦੂਜੇ ਪ੍ਰਤੀ, ਮਾਪਿਆਂ ਪ੍ਰਤੀ, ਸਮਾਜ, ਕੌਮ ਅਤੇ ਦੇਸ਼ ਪ੍ਰਤੀ ਨਿਭਾਇਆ ਜਾਏ ਤਾਂ ਕਿ ਸੁੰਦਰ ਅਤੇ ਨਰੋਏ ਆਲੇ ਦੁਆਲੇ ਵਿਚ ਰਹਿੰਦਿਆਂ ਸ਼ਖਸੀਅਤ ਦਾ ਪੂਰਣ ਵਿਕਾਸ ਹੋ ਸਕੇ। ਜ਼ਰੂਰੀ ਹੈ ਕਿ ਇਹ ਸਾਰੇ ਫਰਜ਼ ਨਿਭਾਉਂਦਿਆਂ ਔਕੜਾਂ ਦਰਪੇਸ਼ ਹੋਣ। ਪਰ ਅਸਫਲਤਾਵਾਂ ਦੇ ਬਾਵਜੂਦ ਵੀ ਗ੍ਰਹਿਸਤ ਧਰਮ ਨੂੰ ਸਮਝਿਆ ਅਤੇ ਨਿਭਾਇਆ ਜਾਏ ਅਤੇ ਜੀਵਨ ਸੰਘਰਸ਼ ਜਾਰੀ ਰਖਿਆ ਜਾਏ। ਧਰਮ ਦੀ ਦ੍ਰਿੜਤਾ ਲਈ ਜ਼ਰੂਰੀ ਹੈ "ਸਤਿਗੁਰ ਗੁਰ ਪੂਰਾ ਆਰਾਧਹੁ" ਜਿਸ ਨੇ ਸਾਰੇ ਪਾਪਾਂ ਕਿਲਵਿਖਾਂ ਦਾ ਨਾਸ ਕਰਨਾ ਹੈ।

ਅਜਿਹਾ ਜੀਵਨ ਜੀਊਣ ਲਈ ਔਗੁਣਾਂ ਨੂੰ ਜੜੋਂ ਪੁੱਟਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਾਵਾਂ ਦੀ ਬਾਣੀ ਅਤੇ ਕੁੜਮਾਈ ਦੇ ਸ਼ਬਦਾਂ ਤੋਂ ਪਹਿਲਾਂ ਦਰਜ ਕੁਝ ਸ਼ਬਦਾਂ ਵਿਚ ਇਸ ਸਬੰਧੀ ਅਗਵਾਈ (pre-marital counseling) ਕੀਤੀ ਗਈ ਹੈ:

**ਸਤਿਗੁਰੁ ਪੁਰਖੁ ਮਿਲਾਇ, ਅਵਗੁਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥**

ਜਦੋਂ ਪਤੀ ਪਤਨੀ ਚੇਤੰਨ ਤੌਰ ਤੇ ਗੁਣਾਂ ਦੀ ਸਾਂਝ ਕਰ ਕੇ ਇਕ ਸਾਂਝੇ ਆਦਰਸ਼ ਅਨੁਸਾਰ ਜੀਵਨ ਜੀਊਣਾ ਲੋਚਦੇ ਹਨ, ਤਾਂ ਇਹ ਗ੍ਰਹਿਸਤ ਜੀਵਨ ਦੀ ਸਫਲਤਾ ਵਲ ਪਹਿਲਾ ਕਦਮ ਹੁੰਦਾ ਹੈ। ਇਹ ਤਾਂ ਹੀ ਸੰਭਵ ਹੈ ਜੇ 'ਹਰਿ ਹਰਿ ਮੀਠਾ'(a cause as well as effect) ਲਗ ਜਾਏ। ਭਾਵ ਸਾਰੀ ਸਾਂਝ ਦਾ ਆਧਾਰ ਅਧਿਆਤਮਕਤਾ ਹੀ ਹੋਵੇ। ਮਾਇਆਵਾਦੀ ਆਧਾਰ ਦੇ ਰਿਸ਼ਤੇ ਕਿਸੇ ਵੀ ਹਾਲਤ ਵਿਚ ਚਿਰ ਟਿਕਾਊ ਨਹੀਂ ਹੋ ਸਕਦੇ। ਸ਼ਇਦ ਅਜੋਕੇ ਰਿਸ਼ਤਿਆਂ ਦੇ ਆਮ ਤੌਰ ਤੇ ਅਸਥਿਰ ਹੋਣ ਦਾ ਮੂਲ ਕਾਰਣ ਮਾਇਆਧਾਰੀ ਰੁਚੀਆਂ ਦਾ ਧਾਰਨੀ ਹੋਣਾ ਹੀ ਹੈ।

ਇਸ ਲਈ ਲਾਵਾਂ ਦੀ ਅਰੰਭਤਾ ਸਮੇਂ ਹੀ ਪਾਪ ਤਜ ਕੇ, ਧਰਮ ਦ੍ਰਿੜ ਕਰਨ ਲਈ ਗੁਣਾਂ ਦੀ ਸਾਂਝ ਅਤੇ ਸਾਂਝੇ ਜੀਵਨ ਆਦਰਸ਼ ਦੀ ਲੋੜ ਤੇ ਜ਼ੋਰ ਦੇ ਕੇ ਦੰਪਤੀ ਨੂੰ ਜੀਵਨ ਦੀ ਸਫਲਤਾ ਦੇ ਰਸਤੇ ਤੇ ਤੋਰਿਆ ਗਿਆ ਹੈ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥**
**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥**
**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥**

**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥**
**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥**
**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥**

ਪਰਵਿਰਤੀ ਕਰਮ ਸਫਲਤਾ ਸਹਿਤ ਨਿਭਾਉਣ ਤੋਂ ਬਾਦ ਜਦੋ ਸਾਰੇ ਫਰਜ਼ ਸਫਲਤਾ ਸਹਿਤ ਪੂਰੇ ਕੀਤੇ ਗਏ ਹੋਣ ਤਾਂ ਇਸ ਤੋ ਬਾਦ ਦੀ ਅਵਸਥਾ, ਦੂਜੀ ਲਾਂਵ ਵਿਚ ਦਸਿਆ ਹੈ ਕਿ ਹਉਮੈ ਦੀ ਮੈਲ ਗਵਾ ਕੇ ਭਉ ਰਹਿਤ ਹੋ ਕੇ ਜੀਵਨ ਜੀਵਿਆ ਜਾਏ।
ਸਭ ਤਰ੍ਹਾਂ ਦੇ ਡਰਾਂ ਨੂੰ ਨਿਵਾਰ ਕੇ ਨਿਰਭਉ ਹੋਣ ਲਈ ਜ਼ਰੂਰੀ ਹੈ ਕਿ ਸਭ ਤਰਾਂ ਦੇ ਡਰ,ਭਰਮ, ਭਉ,ਝਗੜੇ ਝੇੜੇ, ਜੋ ਮਨੁੱਖੀ ਜੀਵਨ ਵਿਚ ਕਮਜ਼ੋਰੀ ਅਤੇ ਅਸਥਿਰਤਾ ਪੈਦਾ ਕਰਦੇ ਹਨ ਖਤਮ ਕੀਤੇ ਜਾਣ। ਇਹ ਤਾਂ ਹੀ ਸੰਭਵ ਹੈ ਜੇ ਅਕਾਲ ਪੁਰਖ ਦਾ 'ਨਿਰਮਲ ਭਉ' ਮਨ ਵਿਚ ਵਸਾਇਆ ਜਾਏ। ਨਿਰਮਲ ਅਕਾਲ ਪੁਰਖ ਦਾ ਨਿਰਮਲ ਭਉ ਜਦੋਂ ਮਨ ਵਿਚ ਵਸ ਜਾਂਦਾ ਹੈ ਤਾਂ ਭਉ ਦਾ ਨਕਾਰਾਤਮਕ ਰੂਪ ਸਕਾਰਾਤਮਕ ਰੂਪ ਵਿਚ ਤਬਦੀਲ ਹੋ ਜਾਂਦਾ ਹੈ ਅਤੇ ਭਉ ਰੁਕਾਵਟ ਨਾ ਰਹਿ ਕੇ ਸਫਲਤਾ ਪ੍ਰਾਪਤੀ ਵਿਚ ਸਹਾਈ ਹੁੰਦਾ ਹੈ। ਹਰ ਤਰ੍ਹਾਂ ਦੇ ਡਰ ਤੋਂ ਮੁਕਤ ਹੋ ਮਨੁੱਖ ਹਲਕਾ ਫੁਲਕਾ ਅਤੇ ਖੇੜੇ ਵਾਲਾ ਜੀਵਨ ਬਤੀਤ ਕਰਦਾ ਹੈ।

**ਸੋ ਡਰੈ ਜਿ ਪਾਪ ਕਮਾਂਵਦਾ ਧਰਮੀ ਵਿਗਸੇਤ॥**

ਧਰਮੀ ਪੁਰਸ਼ ਮਨ ਦੇ ਅਨੰਦ ਦੀ ਅਵਸਥਾ ਵਿਚ ਆਉਂਦਾ ਹੈ। ਸਭ ਭਰਮ ਖਤਮ ਹੋਣ ਤੋਂ ਬਾਦ ਸਭ ਪਾਸੇ "ਹਰਿ ਆਤਮ ਰਾਮ ਪਸਾਰਿਆ" ਨਜ਼ਰ ਆਉਂਦਾ ਹੈ । "ਅੰਤਰ ਬਾਹਰ ਹਰਿ ਪ੍ਰਭੁ ਏਕੋ" ਦੀ ਸੋਝੀ "ਮਿਲ ਹਰਿ ਜਨ ਮੰਗਲ ਗਾਏ" ਭਾਵ ਪਵਿੱਤਰ ਆਤਮਾਵਾਂ ਦੀ ਆਪਸੀ ਸੰਗਤ ਕਰ ਕੇ ਹੁੰਦੀ ਹੈ। ਇਕ ਅਕਹਿ ਪ੍ਰਕਾਰ ਦੀ ਅੰਤਰੀਵੀ ਖੁਸ਼ੀ ਮਨੁੱਖ ਦੇ ਮਨ ਵਿਚ ਰਾਗਾਤਮਕਤਾ (harmony) ਸਾਂਝ ਪੈਦਾ ਕਰ ਕੇ ਅਨਹਦ ਸਬਦ ਵਾਲਾ ਆਨੰਦ ਪ੍ਰਦਾਨ ਕਰਦੀ ਹੈ।

ਪ੍ਰੇਮ ਭਰਿਆ ਨਿਰਮਲ ਭਉ, ਸਕਾਰਤਮਕ ਭਉ ਦੰਪਤੀ ਜੀਵਨ ਵਿਚਲੀ ਪਵਿਤੱਰਤਾ ਲਈ ਜ਼ਰੂਰੀ ਹੈ। ਨਿਰਮਲ ਭਉ ਜਦੋਂ ਪਤੀ ਪਤਨੀ ਦੇ ਰਿਸ਼ਤੇ ਦਾ ਆਧਾਰ ਬਣਦਾ ਹੈ ਤਾਂ ਆਪਸੀ ਰਿਸ਼ਤਾ ਵਢ ਖਾਣ ਵਾਲਾ ਡਰ ਨਹੀਂ ਸਗੋਂ ਇਕ ਦੂਜੇ ਲਈ ਸਤਿਕਾਰ, ਆਪਸੀ ਸ਼ਰਮ ਅਤੇ ਭੈ ਭਾਵਨੀ ਵਾਲਾ ਬਣ ਜਾਂਦਾ ਹੈ, ਜੋ ਮਨੁੱਖ ਨੂੰ ਹਰ ਤਰ੍ਹਾਂ ਦੀ ਤਿਲਕਣ ਅਤੇ ਗਿਰਾਵਟ ਤੋਂ ਬਚਾਉਂਦਾ ਹੈ। ਨਿਰਮਲ ਭਉ ਦੇ ਬੰਧੇਜ ਬਿਨਾਂ ਦੇ ਰਿਸ਼ਤੇ ਆਪਸੀ ਸਾਂਝ ਨੂੰ ਤੋੜਨ ਦਾ ਕਾਰਣ ਬਣਦੇ ਹਨ। ਜਦੋਂ ਕਿ ਆਪਸੀ ਸ਼ਰਮ ਅਤੇ ਭਉ ਰਖੱਣ ਨਾਲ ਇਕ ਦੂਜੇ ਪ੍ਰਤੀ ਵਫਾਦਾਰੀ ਮਨੁੱਖ ਦਾ ਧਰਮ ਬਣ ਜਾਂਦਾ ਹੈ ਅਤੇ ਇਹ ਵਫਾਦਾਰੀ ਜੀਵਨ ਦਾ ਆਧਾਰ ਬਣ ਜੀਵਨ ਨੂੰ ਸੁਹਜਮਈ ਬਣਾ ਦੇਂਦੀ ਹੈ। ਇਕ ਦੂਜੇ ਦੀਆਂ ਭਾਵਨਾਵਾਂ ਅਤੇ ਲੋੜਾਂ ਦਾ ਧਿਆਨ ਸੁਭਾਵਕ ਹੀ ਰਖਿਆ ਜਾਂਦਾ ਹੈ। ਰਿਸ਼ਤੇ ਵਿਚ ਮਿਠਾਸ ਤੇ ਪੀਡਾਪਨ ਪੈਦਾ ਹੁੰਦਾ



ਹੈ। ਆਪਸੀ ਸਤਿਕਾਰ ਦੇ ਸੁਭਾਵਕ ਬੰਧਨ ਵਿਚ ਬੱਝ ਕੇ ਇਹ ਰਿਸ਼ਤਾ ਅਟੁੱਟ ਬਣ ਜਾਂਦਾ ਹੈ। ਮਨ ਵਿਚ ਪ੍ਰਸੰਨਤਾ ਛਾ ਜਾਂਦੀ ਹੈ।

ਇਕ ਦੂਜੇ ਲਈ ਕੁਰਬਾਨੀ ਕਰਨਾ ਅਤੇ ਕੁਝ ਕਰ ਸਕਣਾ, ਇਕ ਬੰਧਨ ਨਹੀਂ ਸਗੋਂ ਖੁਸ਼ੀ ਦਾ ਸਰੋਤ ਬਣ ਜਾਂਦਾ ਹੈ, ਜਿਸ ਵਿਚੋਂ ਜੀਵਣ ਕਣੀ ਪ੍ਰਾਪਤ ਹੁੰਦੀ ਹੈ। ਮਨੁਖੀ ਰਿਸ਼ਤਿਆਂ ਦੀ ਇਹ ਰਾਗਾਤਮਕਤਾ, ਇਹ ਸੰਗੀਤ, ਇਹ ਸੁਹਜ ਪਰਵਾਰਕ ਜੀਵਨ ਨੂੰ ਖੇੜਾ ਪ੍ਰਦਾਨ ਕਰਦਾ ਹੈ। ਪਰਵਾਰਕ ਜੀਵਨ ਦੀ ਸਫਲਤਾ ਨਾਲ ਮਨ ਅਨੰਦ ਵਿਚ ਆਉਂਦਾ ਹੈ। ਸਚ ਦੀ ਸੁੰਦਰਤਾ ਤੇ ਆਧਾਰਤ ਸਫਲ ਜੀਵਨ ਮਨ ਨੂੰ ਚਾਉ ਵਿਚ ਲੈ ਕੇ ਆਉਂਦਾ ਹੈ; ਉਹ ਅਗੰਮੀ ਚਾਉ ਜੋ ਮਿਲਾਪ ਦੀ ਤਾਂਘ ਨੂੰ ਵਧਾ ਕੇ ਮਨ ਵਿਚ ਵੈਰਾਗ ਉਤਪੰਨ ਕਰਦਾ ਹੈ।

ਨਿਰਮਲ ਭਉ ਦੀ ਅਵਸਥਾ ਦੰਪਤੀ ਜੀਵਨ ਦੀ ਸਫਲਤਾ ਲਈ ਦੂਜੀ ਪਉੜੀ ਹੈ ਜੋ ਦੂਜੀ ਲਾਂਵ ਵਿਚ ਸਮਝਾਈ ਗਈ ਹੈ।

**ਹਰਿ ਤੀਜੜੀ ਲਾਵ ਮਨ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥**
**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**
**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**
**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**
**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**
**ਜਨੁ ਨਾਨਕ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗ ਜੀਉ॥੩॥**

ਦੰਪਤੀ ਜੀਵਨ ਦੀ ਸਫਲਤਾ ਦੀ ਤੀਜੀ ਪਉੜੀ ਤੇ "ਬਿਨ ਬੈਰਾਗ ਨ ਛੁਟਸਿ ਮਾਇਆ" ਅਨੁਸਾਰ ਬੈਰਾਗਮਈ ਮਨ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ। ਪ੍ਰਭੂ ਪ੍ਰਾਪਤੀ ਦੇ ਚਾਉ ਤੋਂ ਉਪਜਿਆ ਬੈਰਾਗ ਜੀਵਨ ਵਿਚੋਂ ਦੂਈ ਭਾਵ, (duality) ਜੋ ਨਰੋਏ ਸਮਾਜ ਦੀ ਸਿਹਤ ਲਈ ਮਾਰੂ ਹੁੰਦਾ ਹੈ ਨੂੰ ਖਤਮ ਕਰ ਦੇਂਦਾ ਹੈ। ਮੇਰ ਤੇਰ ਦੀ ਭਾਵਨਾ ਖਤਮ ਹੋ ਜਾਂਦੀ ਹੈ। ਕੋਈ ਵੈਰੀ ਅਤੇ ਬਿਗਾਨਾ ਨਜ਼ਰ ਨਹੀਂ ਆਉਂਦਾ। "ਨਾ ਕੋ ਮੇਰਾ ਦੁਸਮਨ ਰਹਿਆ ਨਾ ਹਮ ਕਿਸ ਕੇ ਬੈਰਾਈ" ਅਨੁਸਾਰ ਕੋਈ ਦੁਸ਼ਮਨ ਨਹੀਂ ਰਹਿੰਦਾ। ਸਭ ਆਪਣੇ ਮਿਤੱਰ ਦਿਸ ਆਉਂਦੇ ਹਨ। ਮਨ ਵਿਚ ਸੰਤ ਪਦਵੀ ਦੀ ਅਵਸਥਾ ਛਾ ਜਾਂਦੀ ਹੈ। ਦੂਈ ਰਹਿਤ ਅਵਸਥਾ ਵਿਚ ਰਹਿ ਕੇ ਪ੍ਰਭੂ ਦੇ ਗੁਣ ਗਾਉਣ ਨਾਲ ਪ੍ਰਭੂ ਨਾਲ ਨੇੜਤਾ ਦਿੱਸ ਆਉਂਦੀ ਹੈ। ਪ੍ਰਭੂ ਦੀ ਅਕੱਥ ਕਹਾਣੀ ਵਿਤਕਰੇ ਵਿੱਥਾਂ ਦੂਰ ਕਰ ਹਿਰਦੇ ਵਿਚ ਹਰੀ ਦੇ ਨਾਮ ਦੀ ਨਿਰੰਤਰ ਧੁਨ ਉਪਜਾਉਂਦੀ ਹੈ ਜੋ ਮਨ ਨੂੰ ਬੈਰਾਗਮਈ ਚਾਅ ਦੀ ਅਵਸਥਾ ਤੋਂ ਸਹਿਜ ਦੀ ਅਵਸਥਾ ਵਿਚ ਲੈ ਆਉਂਦੀ ਹੈ ਅਤੇ ਮਨ ਟਿਕਾਉ ਵਿਚ ਆ ਜਾਂਦਾ ਹੈ।

ਜਦੋਂ ਪਤੀ ਪਤਨੀ ਦੇ ਰਿਸ਼ਤੇ ਵਿਚ ਚਾਉ ਭਰਿਆ ਵੈਰਾਗ ਉਪਜਦਾ ਹੈ ਤਾਂ ਸਾਰੇ ਵਿਤਕਰੇ ਵਿੱਥਾਂ ਮਿਟ ਜਾਂਦੇ ਹਨ ਅਤੇ ਪਰਵਾਰਕ ਜੀਵਨ ਦੇ ਸਾਰੇ ਰਿਸ਼ਤੇ ਅਪਣੱਤ ਨਾਲ ਭਰ ਜਾਂਦੇ ਹਨ। ਵੈਰ ਵਿਰੋਧ ਖਤਮ ਹੋ ਜਾਂਦਾ ਹੈ। ਪਰਿਵਾਰ ਵਿਚ ਸੁੱਖ ਸਾਂਤੀ ਅਤੇ ਅਨੰਦ ਛਾ ਜਾਂਦਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿਚੋਂ ਵੀ ਦੂਈ ਖਤਮ ਹੋ ਜਾਂਦੀ ਹੈ ਅਤੇ ਉਹਨਾਂ ਦਾ

ਰਿਸ਼ਤਾ "ਬਹਨਿ ਇਕਠੇ ਹੋਇ" ਤਕ ਹੀ ਸੀਮਿਤ ਨਹੀਂ ਰਹਿੰਦਾ, ਉਹ "ਏਕ ਜੋਤ ਦੁਇ ਮੂਰਤੀ" ਦੀ ਅਵਸਥਾ ਦੇ ਧਾਰਨੀ ਹੋ ਜਾਂਦੇ ਹਨ।

ਇਕ ਦੀ ਖੁਸ਼ੀ ਦੂਜੇ ਦੀ ਖੁਸ਼ੀ ਅਤੇ ਇਕ ਦੀ ਪ੍ਰਾਪਤੀ ਦੂਜੇ ਦੀ ਪ੍ਰਾਪਤੀ ਬਣ ਜਾਂਦੀ ਹੈ। ਸਭ ਸ਼ੰਕੇ ਅਤੇ ਸਾੜੇ ਖਤਮ ਹੋ ਜਾਂਦੇ ਹਨ। ਇਕ ਦੂਜੇ ਲਈ ਪ੍ਰੇਮ ਦੀ ਭਾਵਨਾ ਅਤੇ ਕੁਰਬਾਨੀ ਦਾ ਜਜ਼ਬਾ ਜੀਵਨ ਨੂੰ ਚਾਅ ਭਰਪੂਰ ਬਣਾ ਦੇਂਦਾ ਹੈ। ਇਕ ਦੂਜੇ ਲਈ ਕੁਝ ਕਰਨ ਵਿਚ ਆਤਮਕ ਸੁਖ ਪ੍ਰਾਪਤ ਹੁੰਦਾ ਹੈ। ਮਨ ਦੀ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਮਨ ਸਹਜਿ ਵਿਚ ਆ ਜਾਂਦਾ ਹੈ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥**
**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥**
**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥**
**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥**
**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥**
**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥**

ਮਨੁੱਖੀ ਵਿਕਾਸ ਅਤੇ ਦੰਪਤੀ ਜੀਵਨ ਦੀ ਸਫਲਤਾ ਦੇ ਚੌਥੇ ਅਤੇ ਅੰਤਲੇ ਪੜਾਅ (ਲਾਂਵ) ਤੇ ਮਨ ਦੀ ਬਿਖਿਆ, ਕੜਵਾਹਟ ਦੂਰ ਹੋ ਜਾਂਦੀ ਹੈ। ਸਹਜਿ ਸੁਭਾਇ ਮਿਲਿਆ ਗੁਰਮੁਖ ਜੀਵਨ ਮਿਠਾਸ ਨਾਲ ਭਰ ਜਾਂਦਾ ਹੈ। ਅਨਦਿਨ (ਦਿਨ ਰਾਤ) ਮਨ ਹਰੀ ਪ੍ਰਭੂ ਦੀ ਨੇੜਤਾ ਨੂੰ ਮਹਿਸੂਸਦਾ ਹੈ ਅਤੇ ਅਨੰਦ ਇਤਨਾ ਜਿਵੇਂ ਸਾਰੇ ਮਨਚਿੰਦੇ ਫਲ ਮਿਲ ਗਏ ਹੋਣ। 'ਹਰਿ ਪਾਇਆ ਪ੍ਰਭ ਅਬਿਨਾਸੀ' ਮਨ ਨੂੰ ਵਧਾਈ ਅਤੇ ਖੇੜੇ ਦੀ ਅਵਸਥਾ ਵਿਚ ਲਿਆ ਕੇ ਸਹਜਿ ਅਵਸਥਾ ਵਿਚ ਟਿਕਾ ਦੇਂਦਾ ਹੈ।

ਪਤੀ ਪਤਨੀ ਦੇ ਰਿਸ਼ਤੇ ਵਿਚ ਸਹਿਜ ਦੀ ਅਵਸਥਾ ਜੀਵਨ ਵਿਚ ਉਲਾਰ ਨੂੰ ਖਤਮ ਕਰ ਦੇਂਦੀ ਹੈ। ਮਨੁੱਖ ਭਾਵਕ ਮਾਨਸਕ ਅਤੇ ਸਦਾਚਾਰਕ ਤੌਰ ਤੇ ਸਾਵਾਂ ਪੱਧਰਾ ਜੀਵਨ ਜੀਉਂਦਾ ਹੋਇਆ ਸਾਰੀਆਂ ਮਾਨਸਕ ਅਤੇ ਦੁਨਿਆਵੀ ਗੁੰਝਲਾਂ ਤੋਂ ਛੁਟਕਾਰਾ ਪਾ ਸਹਿਜ (integrated) ਸ਼ਖਸੀਅਤ ਦਾ ਮਾਲਕ ਬਣ ਜਾਂਦਾ ਹੈ। ਵਿਅਕਤੀ ਨੂੰ ਮਨੁੱਖੀ ਵਿਕਾਸ ਦੀ ਸਿਖਰ ਤੇ ਲੈ ਆਉਣਾ ਹੀ ਗੁਰਬਾਣੀ ਅਨੁਸਾਰ ਜੀਵਨ ਮਨੋਰਥ ਹੈ, ਜਿਸ ਦੀ ਪ੍ਰਾਪਤੀ ਵਿਚ ਲਾਵਾਂ ਦੀ ਬਾਣੀ ਵਿਚ ਦਿਤੀ ਅਗਵਾਈ ਅਨੁਸਾਰ ਬਿਤਾਏ ਦੰਪਤੀ ਜੀਵਨ ਅਨੁਸਾਰ ਰਾਹੀਂ ਸਹਿਜੇ ਹੀ ਹੋ ਸਕਦੀ ਹੈ।

ਸਚ ਇਹ ਹੈ ਕਿ ਗੁਰੂ ਸਾਹਿਬ ਨੇ ਲਾਵਾਂ ਦੀ ਬਾਣੀ ਰਾਹੀਂ ਮਨੁੱਖੀ ਜੀਵਨ ਵਿਚੋਂ ਸਾਰੀਆਂ ਗੁੰਝਲਾਂ ਅਤੇ ਦੂਈ ਭਾਵ ਦੂਰ ਕਰ ਇਸ ਵਿਚ ਏਕਤਾ ਲਿਆਉਣ ਦਾ ਆਦਰਸ਼ ਰਖਿਆ ਹੈ। ਤਿੰਨ ਦੈਵੀ ਸ਼ਕਤੀਆਂ (ਬ੍ਰਹਮਾ, ਵਿਸਨੂੰ, ਮਹੇਸ਼) ਵਿਚ ਦੁਈ ਖਤਮ ਕਰ, ਗੁਰੂ ਸਾਹਿਬ ਨੇ ੧ੳ ਿਦਾ, ਇਕ ਪ੍ਰਮਾਤਮਾ ਵਿਚ ਵਿਸ਼ਵਾਸ ਦਾ ਸੰਦੇਸ਼ ਦੇ ਕੇ ਦੈਵੀ ਏਕਤਾ (unity) ਕਾਇਮ ਕੀਤੀ। ਇਵੇਂ ਹੀ ਮਨੁੱਖੀ ਜੀਵਨ ਅਤੇ ਮਨੁੱਖੀ ਸਮਾਜ ਵਿਚ ਵੀ ਸਾਰੇ



ਝਗੜੇ ਅਤੇ ਹਰ ਤਰ੍ਹਾਂ ਦਾ ਦੂਈ ਭਾਵ,(disintegration) ਜੋ ਸਾਰੇ ਹਉਮੈ ਗ੍ਰਸਤ ਰਿਸ਼ਤਿਆਂ ਦੀ ਜੜ੍ਹ ਹੈ, ਨੂੰ ਖਤਮ ਕਰਨਾ ਗੁਰੂ ਸਾਹਿਬ ਮੁਤਾਬਿਕ ਇਕ ਮੁਢਲੀ ਲੋੜ ਹੈ। ਇਹ ਕੰਮ ਸਫਲਤਾ ਪੂਰਵਕ ਤਾਂ ਹੀ ਹੋ ਸਕਦਾ ਹੈ ਜੇ ਇਸ ਕੰਮ ਦੀ ਸ਼ੁਰੂਆਤ ਸਮਾਜ ਦੀ ਮੁਢਲੀ ਇਕਾਈ ਪਰਵਾਰ ਤੋਂ ਕੀਤੀ ਜਾਏ।

ਮਨੁਖੀ ਰਿਸ਼ਤਿਆਂ ਦੀ ਪਵਿਤਰਤਾ ਦੀ ਲੋੜ ਸਬੰਧੀ ਗੁਰੂ ਸਾਹਿਬ ਨੂੰ ਕਿਸੇ ਤਰ੍ਹਾਂ ਦਾ ਸ਼ੱਕ ਨਹੀਂ ਸੀ। ਸਾਰੇ ਮਨੁਖੀ ਰਿਸ਼ਤਿਆਂ ਦਾ ਮੁੱਢ ਪਤੀ ਪਤਨੀ ਦੇ ਰਿਸ਼ਤੇ ਤੋਂ ਆਰੰਭ ਹੁੰਦਾ ਹੈ। ਗੁਰੂ ਸਾਹਿਬ ਨੇ ਲਾਵਾਂ ਦੀ ਬਾਣੀ ਵਿਚ ਇਸ ਰਿਸ਼ਤੇ ਦੀ ਪਵਿਤ੍ਰਤਾ ਤੇ ਜ਼ੋਰ ਦੇ ਕੇ ਸੁਹਣੇ ਸਮਾਜ ਦੀ ਸਿਰਜਣਾ ਦੀ ਲੋਚਾ ਕੀਤੀ ਹੈ। ਇਸੇ ਲਈ ਸਿੱਖ ਧਰਮ ਵਿਚ ਗ੍ਰਹਿਸਤੀ ਜੀਵਨ ਅਤੇ ਅਧਿਆਤਮਕ ਜੀਵਨ ਵਿਚਲਾ ਦੁਫੇੜ(contradiction) ਖਤਮ ਕਰ ਮਨੁੱਖੀ ਸ਼ਖਸੀਅਤ ਨੂੰ ਇਕਹਿਰੀ, (integrated) ਜਿਸ ਵਿਚਲੇ ਸਾਰੇ ਦਵੰਦ ਖਤਮ ਹੋ ਚੁਕੇ ਹੋਣ, ਬਣਾਉਣ ਲਈ ਕਦਮ ਚੁਕੇ।ਅਜਿਹੀ ਸ਼ਖਸੀਅਤ ਨੂੰ ਪਰਵਾਰਕ ਅਤੇ ਅਧਿਆਤਮਕ ਜੀਵਨ ਇਕ ਦਿੱਸ ਆਉਂਦਾ ਹੈ ਅਤੇ ਸਹਿਜੇ ਹੀ ਸਹਿਜ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਸ ਲਈ ਲਾਵਾਂ ਦੀ ਬਾਣੀ ਵਿਚ, ਜਿੱਥੇ ਅਧਿਆਤਮਕ ਜੀਵਨ ਦੇ ਵਿਕਾਸ ਦੀਆਂ ਚਾਰ ਪਉੜੀਆਂ ਦੀ ਵਿਆਖਿਆ ਰਾਹੀਂ ਅਧਿਆਤਮਕ ਪੰਧ ਵਿਚ ਅਗਵਾਈ ਕੀਤੀ ਗਈ ਹੈ, ਉਥੇ ਸੰਸਾਰਕ ਜੀਵਨ, ਪਤੀ-ਪਤਨੀ ਲਈ ਗ੍ਰਹਿਸਤ ਜੀਵਨ ਸੰਬੰਧੀ ਵੀ ਅਗਵਾਈ ਹੈ ਕਿ ਗ੍ਰਹਿਸਤ ਜੀਵਨ ਵਿਚ ਪਰਵਿਰਤੀ ਕਰਮ ਕਮਾਉਂਦਿਆਂ ਹੋਇਆਂ ਪਰਿਵਾਰਕ, ਸਮਾਜਿਕ ਅਤੇ ਧਾਰਮਿਕ ਫਰਜ਼ ਪੂਰੇ ਕਰਨੇ ਹਨ। ਇਕ ਦੂਜੇ ਦੇ ਨਿਰਮਲ ਭਉ ਵਿਚ ਰਹਿੰਦਿਆਂ ਮਨ ਵਿਚ ਚਾਉ ਅਤੇ ਬੈਰਾਗ ਭਰਿਆ ਜੀਵਨ ਜੀਊ ਕੇ ਸਹਿਜ ਅਵਸਥਾ ਵਿਚ ਸਾਂਵਾ-ਪੱਧਰਾ ਅਤੇ ਅਡੋਲ ਰਹਿ ਕੇ ਜੀਵਨ ਯਾਤਰਾ ਪੂਰੀ ਕਰਨਾ ਹੀ ਸਫਲ ਜੀਵਨ ਦੀ ਨਿਸ਼ਾਨੀ ਹੈ।

❊ ❊

ivAwh dw adS Bg nhl,
Awqmw dw ivkws h[
- mnSI pm cd

# ਨਸ਼ੇ-ਵਿਦਿਆਰਥੀ ਵਰਗ ਤੇ ਪ੍ਰਭਾਵ, ਕਾਰਨ, ਵਿਸ਼ਲੇਸ਼ਣ

ਕੁਦਰਤੀ ਚਾਲ ਚਲਦੇ ਹੋਏ ਅਤੇ ਸੁਹਜਮਈ ਜੀਵਨ ਜੀਉਂਦੇ ਹੋਏ ਮਨੁੱਖ ਦੀ ਜੀਵਨ ਰੌਂਅ ਵਿਚ ਅਠਾਰਵੀਂ ਸਦੀ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਮੁਢੱਲੀ ਤਬਦੀਲੀ ਲੈ ਆਂਦੀ। ਸਾਦ ਮੁਰਾਦੀ ਅਤੇ ਸਿੱਧ ਪੱਧਰੀ ਜ਼ਿੰਦਗੀ ਜੀਉਂਦਾ ਮਨੁੱਖ ਮਸ਼ੀਨਾਂ ਅਤੇ ਸਾਇੰਸ ਦੀਆਂ ਕਾਢਾਂ ਦੀ ਮਦਦ ਨਾਲ ਆਪਣੇ ਜੀਵਨ ਸਤਰ ਦਾ ਪੱਧਰ ਕਈ ਗੁਣਾ ਉੱਚਾ ਕਰਨ ਦੇ ਕਾਬਲ ਹੋਇਆ। ਇਹਨਾਂ ਸਭ ਪ੍ਰਾਪਤੀਆਂ ਨੇ ਮਨੁੱਖ ਦੇ ਮਨ ਵਿਚ ਨਵੀਆਂ ਆਸਾਂ ਪੈਦਾ ਕੀਤੀਆਂ ਅਤੇ ਉਹ ਨਵੀਆਂ ਪੁਲਾਘਾਂ ਪੁੱਟਦਾ ਅੱਜ ਇਥੋਂ ਤੱਕ ਪਹੁੰਚ ਗਿਆ ਹੈ ਕਿ Human Cloning ਰਾਹੀਂ ਨਵਾਂ ਮਨੁੱਖ ਪੈਦਾ ਕਰਨ ਦੀ ਕੋਸ਼ਿਸ਼ ਕਰਕੇ ਰੱਬ ਦਾ ਸ਼ਰੀਕ ਬਣਨ ਦੇ ਸੁਪਨੇ ਲੈ ਰਿਹਾ ਹੈ।

ਪਰ ਇਸ ਸਾਰੀ ਖੋਜ ਖੋਜਦਿਆਂ ਮਨੁੱਖ ਨੂੰ ਪਤਾ ਹੀ ਨਹੀਂ ਲੱਗਿਆ ਕਿ ਇਸ ਰਸਤੇ ਤੇ ਚਲਦਿਆਂ ਕਦੋਂ ਉਹ ਆਪਣੇ ਆਪ ਨੂੰ ਅਜਿਹੀਆਂ ਅਲਾਮਤਾਂ ਦੀ ਗਿਰਫਤ ਵਿਚ ਲੈ ਬੈਠਿਆ ਹੈ ਕਿ ਉਹ ਸੋਚਣ ਲਈ ਮਜਬੂਰ ਹੈ ਕਿ ਕੀ ਇਸ ਸਾਰੀ ਤਰੱਕੀ, ਇਹ ਅੰਧਾਧੁੰਦ ਦੌੜੀ ਜਾ ਰਹੀ ਦੋੜ ਉਸ ਨੂੰ ਨਿਸ਼ਚਿਤ ਮੰਜ਼ਿਲ ਵੱਲ ਲੈ ਜਾ ਰਹੀ ਹੈ ?

ਸੁਭਾਵਿਕ ਹੀ ਹਰ ਮਨੁੱਖ ਦਾ ਜੀਵਨ ਮੰਤਵ ਸੁਖ, ਖੁਸ਼ੀ ਅਤੇ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੁੰਦਾ ਹੈ ਅਤੇ ਉਸਦਾ ਹਰ ਕਦਮ ਇਸ ਨਿਸ਼ਾਨੇ ਦੀ ਪੂਰਤੀ ਦੀ ਕੋਸ਼ਿਸ਼ ਵੱਲ ਵੱਧ ਰਿਹਾ ਹੁੰਦਾ ਹੈ।

ਸਹਿਜ ਜੀਵਨ ਜੀਉਂਦਾ ਹੋਇਆ ਮਨੁੱਖ ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ ਹੇਠ ਆ ਕੇ ਮਸ਼ੀਨ ਨਾਲ ਮਸ਼ੀਨ ਹੋਇਆ ਪੈਸਾ ਕਮਾਉਣ ਨੂੰ ਹੀ ਜੀਵਨ ਦਾ ਮੁੱਖ ਮੰਤਵ ਸਮਝ ਇਸ ਵਿਚੋਂ ਹੀ ਆਨੰਦ ਦੀ ਪ੍ਰਾਪਤੀ ਦੀ ਭਾਲ ਕਰਨ ਲੱਗਿਆਂ ਅਤੇ ਹੋਰ ਸਾਰੇ ਕੰਮਾਂ ਨੂੰ ਦੂਜੇ ਨੰਬਰ ਤੇ ਰੱਖ ਸਰੀਰਕ ਸੁੱਖ ਦੇ ਸਾਧਨ ਜੁਟਾਉਣ ਅਤੇ ਦੌਲਤ ਦੇ ਅੰਬਾਰ ਲਾਉਣ ਨੂੰ ਹੀ ਆਪਣੀ ਤਰੱਕੀ ਦਾ ਮਾਪ-ਦੰਡ ਬਣਾ ਬੈਠਿਆ। 1756 ਈਸਵੀ ਵਿਚ ਅਮਰੀਕਾ ਦੀ ਖੋਜ ਪਿਛੋਂ ਯੂਰਪੀ ਦੇਸ਼ਾਂ ਦੇ ਲੋਕਾਂ ਨੇ ਨਵੀਆਂ ਸੰਭਾਵਨਾਵਾਂ ਦੀ ਭਾਲ ਵਿਚ ਇਸ ਨਵੀਂ ਧਰਤੀ ਵੱਲ ਚਾਲੇ ਪਾ ਦਿੱਤੇ ਅਤੇ ਇਧਰ ਭਾਰਤ ਤੇ ਹੋਰ ਏਸ਼ੀਆਈ ਦੇਸ਼ਾਂ ਦੇ ਵਸਨੀਕਾਂ ਨੇ ਵੀ ਘਰ-ਬਾਰ ਛੱਡ ਪੈਸੇ ਕਮਾਉਣ ਦੇ ਨਵੇ ਤਰੀਕੇ ਲੱਭਣ ਲਈ ਬਾਹਰਲੇ ਦੇਸ਼ਾਂ ਵੱਲ ਮੂੰਹ ਮੋੜ ਲਿਆ। ਉਦਯੋਗਿਕ ਕਰਾਂਤੀ ਰਾਹੀਂ ਪੈਦਾ ਹੋਈਆਂ ਨਵੀਆਂ ਸੰਭਾਨਾਵਾਂ ਨੇ ਪਿੰਡਾਂ ਵਿਚ ਰਹਿੰਦੇ 90% ਲੋਕਾਂ ਦੀਆਂ ਮੁਹਾਰਾਂ ਵੀ ਸ਼ਹਿਰਾਂ ਵੱਲ ਮੋੜ ਦਿੱਤੀਆਂ। ਇਸ ਨਾਲ ਮਾਰਕੀਟ ਵਿਚ ਬੇਅੰਤ ਪੈਸੇ ਦਾ ਵਹਾਅ ਆਇਆ। ਪਰ ਇਕ ਅਸਰ ਇਹ ਵੀ ਹੋਇਆ ਕਿ ਸਦੀਆਂ ਤੋਂ ਚਲੇ ਆ ਰਹੇ ਸਾਂਝੇ ਪਰਿਵਾਰਾਂ ਵਿਚ ਅਸਥਿਰਤਾ ਆ ਗਈ। ਸਾਂਝੇ ਪਰਿਵਾਰਾਂ ਦੀ ਥਾਂ (Nuclear Family) ਇਕਲੇ ਪਰਿਵਾਰਾਂ ਨੇ ਲੈ ਲਈ ਅਤੇ ਕਹਾਣੀ ਹੋਰ ਅੱਗੇ ਵਧ ਗਈ ਜਦੋਂ Nuclear ਪਰਿਵਾਰਾਂ ਦੀ ਸਿੰਗਲ ਪੇਰੈਂਟ ਪਰਿਵਾਰ ਹੋਂਦ ਵਿਚ ਆਉਣੇ ਸ਼ੁਰੂ ਹੋ ਗਏ। ਅੱਜ ਇਕੱਲੀ ਮਾਤਾ ਜਾਂ ਪਿਤਾ ਦਾ ਬੱਚਿਆਂ ਦੀ



ਸੰਭਾਲ ਵਿਚ ਲੱਗਣਾ ਕੋਈ ਅਜੀਬ ਗੱਲ ਨਹੀਂ ਰਹੀ। ਅਜਿਹੇ ਪਰਿਵਾਰ ਬਣਨ ਦਾ ਕਾਰਨ ਤਲਾਕ ਵੀ ਹੋ ਸਕਦਾ ਹੈ ਜਾਂ ਨੌਕਰੀ ਕਾਰਣ ਇਕ ਪੇਰੈਂਟ ਦਾ ਘਰੋਂ ਦੂਰ ਜਾਣਾ ਵੀ ਹੋ ਸਕਦਾ ਹੈ। ਵਧਦੀਆਂ ਹੋਈਆਂ ਵਿਅਕਤੀਗਤ ਭਾਵਨਾਵਾਂ (Individualism) ਵੀ ਅਜਿਹੇ ਹਾਲਾਤ ਦਾ ਇਕ ਆਮ ਕਾਰਨ ਹੈ। ਕਾਰਨ ਕੁਝ ਵੀ ਹੋਵੇ, ਨਤੀਜਾ ਇਹ ਹੈ ਕਿ ਬੱਚੇ ਸਾਂਝੇ ਪਰਿਵਾਰ ਵਿਚ ਨਾਨੀਆਂ ਦਾਦੀਆਂ ਦੇ ਪਿਆਰ ਤੋਂ ਵਾਂਝੇ ਅਤੇ ਜਾਂ ਫਿਰ ਰਿਸ਼ਤਿਆਂ ਵਿਚ ਆਈ ਤਰੇੜ ਕਾਰਨ ਪਿਤਾ ਅਤੇ ਮਾਤਾ ਦੇ ਪਿਆਰ ਅਤੇ ਬਹੁਤੀਆਂ ਹਾਲਾਤਾਂ ਵਿਚ ਡਿਸਪਲਿਨ ਵਿਹੂਣੇ ਮਾਹੌਲ ਵਿਚ ਰਹਿੰਦਿਆਂ ਇਕ ਅਜਿਹੇ ਖਲਾਅ ਅਤੇ ਅਸੁਰੱਖਿਅਤਾ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸਨੂੰ ਪੂਰਾ ਕਰਨ ਦੀ ਮਜਬੂਰੀ ਵਿਚ ਉਹ ਨਸ਼ਿਆਂ ਦੀ ਓਟ ਲੈਣ ਲੱਗਦੇ ਹਨ। ਅੱਜ ਇਹ ਬਿਮਾਰੀ ਇਸ ਖਤਰਨਾਕ ਹੱਦ ਤੱਕ ਪਹੁੰਚ ਚੁੱਕੀ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਕੇਵਲ ਵਿਅਕਤੀਗਤ ਪੱਧਰ ਦੀਆਂ ਕੋਸ਼ਿਸ਼ਾਂ ਕਾਫੀ ਨਹੀਂ। ਸਮਾਜਿਕ, ਰਾਜਸੀ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਭਰਪੂਰ ਕੋਸ਼ਿਸ਼ ਕਰਨ ਦੀ ਲੋੜ ਹੈ।

ਵਿਦਿਆਰਥੀ ਵਰਗ ਅੱਜ ਕਿੰਨਾ ਕੁ ਨਸ਼ਿਆਂ ਦੀ ਮਾਰ ਥੱਲੇ ਹੈ ਅਤੇ ਸਮੱਸਿਆ ਕਿਤਨੀ ਕੁ ਗੰਭੀਰ ਹੈ, ਇਹ ਜਾਨਣ ਲਈ ਪਿਛਲੇ ਕੁਝ ਸਮਿਆਂ ਵਿਚ ਹੋਏ ਸਰਵੇਖਣਾਂ ਤੇ ਪੰਛੀ ਝਾਤ ਮਾਰਨ ਦੀ ਲੋੜ ਹੈ।

ਪਿੱਛੇ ਜਿਹੇ ਕਰਵਾਏ ਸਰਵੇਖਣ ਅਨੁਸਾਰ ਪੰਜਾਬ ਦੇ ਰੋਪੜ, ਪਟਿਆਲਾ ਅਤੇ ਫਤਹਿਗੜ ਸਾਹਿਬ ਜ਼ਿਲਿਆਂ ਦੇ 11 ਸਾਲ ਦੀ ਉਮਰ ਦੇ ਸਮੁੱਚੇ ਲੜਕੇ ਰਾਜ ਦਰਬਾਰ, ਗੁਟਖਾ ਅਤੇ ਚੁਟਕੀ ਨਾਮ ਨਸ਼ਾ ਯੁਕਤ (Mouth Freshner) ਰੋਜ਼ਾਨਾ ਖਾਂਦੇ ਹਨ। ਲਗਭਗ ਅੱਧੀਆਂ ਲੜਕੀਆਂ ਵੀ ਇਹਨਾਂ ਦੋਹਾਂ ਚੀਜ਼ਾਂ ਦਾ ਸੇਵਨ ਕਰਦੀਆਂ ਹਨ। ਤੰਮਾਕੂ, ਜ਼ਰਦਾ, ਅਫੀਮ, ਭੁੱਕੀ ਅਤੇ ਸ਼ਰਾਬ ਦਾ ਸੇਵਨ ਆਮ ਹੈ। 30% ਨੌਜਵਾਨ ਸੈਕਸ ਭੜਕਾਊ ਦਵਾਈਆਂ ਦੇ ਆਦੀ ਹਨ ਅਤੇ ਨਸ਼ਾ ਕਰਨ ਤੋਂ ਬਾਅਦ ਆਤਮ ਸੰਜਮ ਗੁਆ ਆਚਰਣਕ ਗਿਰਾਵਟ ਦੇ ਸ਼ਿਕਾਰ ਬਣਦੇ ਜਾ ਰਹੇ ਹਨ। ਕੈਮਿਸਟਾਂ ਦੀ ਆਮਦਨ ਦਾ 40 ਤੋਂ 45% ਹਿੱਸਾ ਨਸ਼ੀਲੀਆਂ ਅਤੇ ਮਰਦਾਨਾ ਤਾਕਤ ਵਾਲੀਆਂ ਦਵਾਈਆਂ ਦੀ ਵਿਕਰੀ ਤੋਂ ਹੈ। ਪੂਰੇ ਯੂਰਪ ਵਿਚਲੇ ਅੰਗਰੇਜ਼ਾਂ ਨਾਲੋਂ ਵੱਧ ਸ਼ਰਾਬ ਪੰਜਾਬ ਵਿਚ ਪੀਤੀ ਜਾਂਦੀ ਹੈ। ਪੂਰੇ ਭਾਰਤ ਵਿਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਇਕਲੇ ਪੰਜਾਬ ਵਿਚ ਲਗਭਗ ਦੂਣੀ ਹੈ। ਇਹ ਅੰਕੜੇ ਤਾਂ ਬਕਾਇਦਾ ਰਿਕਾਰਡ ਵਿਚ ਹਨ। ਨਜਾਇਜ ਸ਼ਰਾਬ ਦਾ ਧੰਦਾ ਤਾਂ ਇਸ ਤੋਂ ਕਿਤੇ ਵੱਧ ਹੈ।

ਨਸ਼ਿਆਂ ਦੇ ਇਸ ਹੱਦ ਤੱਕ ਸੇਵਨ ਦੇ ਨਤੀਜੇ ਕਿਤਨੇ ਖਤਰਨਾਕ ਹੁੰਦੇ ਹਨ ਇਹ ਜਾਨਣ ਲਈ WHO ਦੇ ਅੰਕੜੇ ਜਾਣਨੇ ਜ਼ਰੂਰੀ ਹਨ ਜਿੰਨ੍ਹਾਂ ਅਨੁਸਾਰ 40 ਲੱਖ ਲੋਕ ਹਰ ਸਾਲ ਤੰਮਾਕੂ ਕਾਰਨ ਹੋਈਆਂ ਬਿਮਾਰੀਆਂ ਨਾਲ ਮਰਦੇ ਹਨ ਅਤੇ 2020 ਤੱਕ ਇਹ ਗਿਣਤੀ 84ਲੱਖ ਤੱਕ ਹੋਣ ਦਾ ਖਦਸ਼ਾ ਹੈ। ਬਾਕੀ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਇਸ ਤੋਂ ਕਿਤੇ ਵਧੇਰੇ ਹੈ।

ਤਪੱਸਵੀ ਦਾ ਜੀਵਨ ਜਾਣੇ ਜਾਂਦੇ ਵਿਦਿਆਰਥੀ ਜੀਵਨ ਦੀ ਬਾਲ ਵਰੇਸ ਅਵਸਥਾ ਵਿਚ ਹੀ ਨਸ਼ਿਆਂ ਦਾ ਆਦੀ ਹੋਣ ਕਾਰਨ ਭਵਿੱਖ ਵਿਚ ਔਕੜਾਂ ਨਾਲ ਲੜਨ ਦੀ ਇੱਛਾ ਸ਼ਕਤੀ ਅਤੇ ਸਰੀਰਕ ਸ਼ਕਤੀ ਤਾਂ ਘੱਟਦੀ ਹੀ ਹੈ ਨਾਲ ਹੀ ਕਈ ਤਰ੍ਹਾਂ ਦੇ ਮਾਨਸਿਕ ਰੋਗ ਵੀ ਆ ਗ੍ਰਸਦੇ ਹਨ। ਯਾਦ ਸ਼ਕਤੀ ਘੱਟ ਜਾਂਦੀ ਹੈ। ਅੱਖਾਂ ਦੀ ਸੋਜ਼ਸ਼, ਦਿਲ ਦੀ ਧੜਕਣ ਵਧਣੀ, ਸਰੀਰ ਦਾ ਬੇਡੌਲ ਹੋ ਜਾਣਾ, ਜਿਗਰ ਦੀ ਕਮਜ਼ੋਰੀ, ਕੈਂਸਰ, ਅਲਸਰ ਆਦਿ ਬਿਮਾਰੀਆਂ ਆ ਘੇਰਦੀਆਂ ਹਨ।

ਨਸ਼ਈ ਨਸ਼ੇ ਦੇ ਅਸਰ ਹੇਠ ਕੁਝ ਦੇਰ ਲਈ ਸਮੱਸਿਆਵਾਂ ਨੂੰ ਭੁੱਲ ਕੇ ਆਪਣੇ ਆਪ ਨੂੰ ਸਰਬ ਸਮਰੱਥ ਸਮਝਣ ਲੱਗ ਪੈਂਦਾ ਹੈ, ਪਰ ਨਸ਼ੇ ਦੇ ਖਤਮ ਹੋਣ ਤੇ ਚਿੰਤਾਵਾਂ ਹੋਰ ਗਲਬਾ ਪਾ ਲੈਂਦੀਆਂ ਹਨ ਅਤੇ ਉਹ ਬਚਾਅ ਲਈ ਛਟਪਟਾਉਂਦਾ ਹੋਰ ਨਸ਼ਾ ਲੈਂਦਾ ਹੈ। ਇੱਕ ਚੱਕਰਵਿਊ ਬਣਾ ਜਾਂਦਾ ਹੈ ਅਤੇ ਪਤਾ ਉਦੋਂ ਲੱਗਦਾ ਹੈ ਜਦੋਂ ਉਹ ਨਸ਼ਿਆਂ ਤੇ ਪੂਰਨ ਆਸ਼ਰਿਤ ਹੋ ਕੇ ਆਪਣਾ ਸੰਤੁਲਨ ਗੁਆ ਲੈਂਦਾ ਹੈ। ਚੰਗੇ-ਮੰਦੇ, ਆਪਣੇ-ਪਰਾਏ ਦੀ ਪਛਾਣ ਨਹੀਂ ਰਹਿੰਦੀ। ਬੇਹੂਦਾ ਹਰਕਤਾਂ ਕਰਦਾ ਹੈ ਅਤੇ ਉਸਦੀ ਨਿੱਜੀ ਅਤੇ ਸਮਾਜਿਕ ਸੁਰੱਖਿਆ ਖਤਰੇ ਵਿਚ ਪੈ ਜਾਂਦੀ ਹੈ। ਕਈ ਵਾਰ ਬੇਵਸ ਹੋ ਕੇ ਆਤਮਘਾਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ "ਆਤਮਘਾਤੀ ਮਹਾ ਕਸਾਈ" ਬਣ ਜਾਂਦਾ ਹੈ।

ਆਖਰ ਇਸ ਸਭ ਦਾ ਇਲਾਜ ਕੀ ਹੈ? ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਹੋ ਰਹੀਆਂ ਕੋਸ਼ਿਸ਼ਾਂ ਨਾਕਾਫੀ ਹਨ, ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ। ਪਰ ਵਿਅਕਤੀਗਤ ਅਤੇ ਸਮਾਜਿਕ ਪੱਧਰ ਤੇ ਕੁਝ ਕਰ ਸਕਣ ਦੀ ਇੱਛਾ ਰੱਖਣੀ ਅਤੇ ਇਸ ਸੰਬੰਧੀ ਕੋਸ਼ਿਸ਼ ਕਰਨਾ ਇਸ ਬੀਮਾਰੀ ਦੇ ਇਲਾਜ ਵੱਲ ਪਹਿਲਾ ਕਦਮ ਹੈ। ਪਰਿਵਾਰ ਮੁੱਢਲੀ ਸਮਾਜਿਕ ਇਕਾਈ ਹੈ। ਬੱਚੇ ਦਾ ਪਹਿਲਾ ਸਕੂਲ ਵੀ ਪਰਿਵਾਰ ਅਤੇ ਪਹਿਲੇ ਅਧਿਆਪਕ ਮਾਂ-ਬਾਪ। ਅੱਜ ਦੇ ਵਿਗੜੇ ਹੋਏ ਸਮਾਜਿਕ ਮਾਹੌਲ ਦਾ ਕਾਰਨ ਲੱਭਣ ਲਈ ਪਹਿਲਾਂ ਝਾਤੀ ਮਾਰਨੀ ਪਏਗੀ ਅੱਜ ਦੇ ਪਰਿਵਾਰਿਕ ਅਤੇ ਸਕੂਲੀ ਜੀਵਨ ਤੇ।

ਮਾਇਕ ਮਜਬੂਰੀਆਂ ਕਾਰਨ ਮਾਤਾ ਅਤੇ ਪਿਤਾ ਦੋਹਾਂ ਦੇ ਨੌਕਰੀ ਕਰਨ ਅਤੇ ਸਾਂਝੇ ਪਰਿਵਾਰਾਂ ਦੇ ਟੁੱਟ ਜਾਣ ਕਾਰਨ, ਬੱਚਿਆਂ ਦੀ ਸੰਭਾਲ ਦੀ ਜਿੰਮੇਵਾਰੀ , ਘਰੇਲੂ ਨੌਕਰਾਂ ਅਤੇ Day Care centres ਦੀ ਬਣ ਗਈ ਹੈ। ਬੱਚਿਆਂ ਦੇ ਮਨੋਵਿਗਿਆਨਕ ਵਿਸ਼ਲੇਸ਼ਣ ਦੇ ਨਤੀਜੇ ਬਿਨਾਂ ਸ਼ੱਕ ਸਾਬਤ ਕਰਦੇ ਹਨ, ਕਿ ਸਰਕਾਰੀ, ਧਾਰਮਿਕ ਜਾਂ ਵਪਾਰਿਕ ਕੋਈ ਵੀ ਏਜੰਸੀ ਚਾਹੇ ਕਿਤਨੇ ਵਧੀਆ ਪ੍ਰਬੰਧ ਕਰ ਲਵੇ, ਕਿਤਨੇ ਵਧੀਆ ਅਧਿਆਪਕ ਰੱਖ ਲਏ, ਮਾਤਾ ਪਿਤਾ ਅਤੇ ਨਾਨੀਆਂ ਦਾਦੀਆਂ ਦੀ ਪਿਆਰ ਭਰੀ ਦੇਖਭਾਲ ਦੀ ਥਾਂ ਨਹੀਂ ਲੈ ਸਕਦੀ। ਇਹਨਾਂ ਨਰਸਰੀਆਂ ਵਿਚ ਪਿਆਰ ਦੀ ਭਾਵਨਾਂ ਤੋਂ ਕੋਰੇ ਮਹੌਲ ਵਿਚ ਪਲੇ ਬੱਚੇ ਹੀ ਅਸਮਾਜਿਕ ਤੱਤਾਂ ਲਈ Soft Target (ਸ਼ਿਕਾਰ) ਬਣ ਜਾਂਦੇ ਹਨ ਜੋ ਇਹਨਾਂ ਨੂੰ ਡਰੱਗ ਮਾਫੀਆਂ ਦੇ ਮੈਂਬਰ ਬਣਾ ਇਹਨਾਂ ਦਾ ਸ਼ੋਸ਼ਣ ਕਰਦੇ ਹਨ। ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਮਾਪਿਆਂ ਦੀ ਪਿਆਰ ਭਰੀ ਯੋਗ ਅਗਵਾਈ ਹੇਠ ਪਲੇ ਬੱਚੇ ਘੱਟ ਹੀ ਇਹਨਾਂ ਦੇ ਚੁੰਗਲ ਵਿਚ ਫਸਦੇ ਹਨ।

ਸਕੂਲੀ ਸਮੇਂ ਵਿਚ ਅਧਿਆਪਕ ਮਾਂ ਬਾਪ ਦੀ ਥਾਂ ਲੈਂਦਾ ਹੈ, ਜੇ ਅਧਿਆਪਕ ਬੱਚਿਆਂ ਦੀ ਸੁਯੋਗ ਅਗਵਾਈ ਕਰੇ ਤਾਂ ਮਸਲਾ ਕਾਫੀ ਹੱਦ ਤੱਕ ਸੁਲਝ ਸਕਦਾ ਹੈ। ਪਰ ਦੇਖਣ ਵਿਚ ਆਇਆ ਹੈ ਕਿ ਮਾਪੇ ਅਧਿਆਪਕ, ਧਾਰਮਿਕ ਅਤੇ ਰਾਜਨੀਤਕ ਲੀਡਰ, ਜੋ ਬੱਚਿਆਂ ਲਈ Role Model ਬਣ ਅਗਵਾਈ ਦੇਣ ਦੇ ਸਮਰੱਥ ਹੋ ਸਕਦੇ ਸਨ, ਆਪ ਹੀ ਸਮਾਜ ਵਿਚ ਫੈਲੀ ਗਿਰਾਵਟ ਦਾ ਸ਼ਿਕਾਰ ਬਣ ਗਏ ਹਨ। ਤਾਂ ਫਿਰ ਅਜਿਹੇ ਉਲਝੇ ਤਾਣੇ ਵਿਚ ਕਿਹੜੀ ਤੰਦ ਫੜੀ ਜਾਵੇ ਕਿ ਸਮਾਜ ਦਾ ਮਾਹੌਲ ਫਿਰ ਸਿਰਜਕ ਅਤੇ ਉਸਾਰੂ ਬਣ ਸਕੇ।

ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਸਮਾਜ ਵਿਚ ਫੈਲੀ ਨਿਰਾਸਤਾ ਦਾ ਮੁੱਢਲਾ ਕਾਰਨ ਅਧਿਆਪਕਾਂ ਅਤੇ ਮਾਪਿਆਂ ਦੀ ਅਣਗਹਿਲੀ ਹੀ ਹੈ, ਅਤੇ ਪਾਸਾ ਮੋੜਨ ਲਈ ਵੀ ਇਹਨਾਂ ਵੱਲ ਹੀ ਆਸ ਭਰੀ ਨਜ਼ਰ ਰੱਖਣੀ ਹੋਵੇਗੀ। ਸਮਾਜ ਸੁਧਾਰ ਦਾ ਵੱਡੇ ਪੱਧਰ ਦਾ ਕੰਮ ਮੁਢਲੀ ਸਮਾਜਿਕ ਇਕਾਈ ਭਾਵ ਪਰਿਵਾਰ ਤੋਂ ਹੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਸ



ਇਕਾਈ ਦੇ ਮਲਣ ਅਤੇ ਪਲਰਣ ਲਈ ਢੁੱਕਵਾਂ ਮਾਹੋਲ ਪੈਦਾ ਕੀਤਾ ਜਾਏ।

ਸਭ ਤੋਂ ਪਹਿਲਾਂ ਸਦਾਚਾਰਕ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਨੂੰ ਠੱਲ੍ਹ ਪਾਉਣੀ ਹੋਏਗੀ। ਪਦਾਰਥਵਾਦ (Materialism) ਅਤੇ ਭੋਗਵਾਦ (Consumerism) ਵਰਗੀਆਂ ਬੀਮਾਰੀਆਂ, ਜਿੰਨਾਂ ਕਰਕੇ ਲੱਗੀ ਪੈਸੇ ਦੀ ਦੌੜ ਨੇ ਇਸ ਇਕਾਈ ਵਿਚ ਤਰੇੜਾਂ ਲਿਆਂਦੀਆਂ ਹਨ, ਨੂੰ ਜੜ੍ਹੋਂ ਪੁੱਟਣਾ ਪਏਗਾ। ਸਫਲ ਅਤੇ ਭਰਪੂਰ ਜੀਵਨ ਜਿਊਣ ਲਈ ਜ਼ਰੂਰੀ ਹੈ ਕਿ ਮਨੁੱਖੀ ਸ਼ਖਸ਼ੀਅਤ ਦਾ ਕੋਈ ਵੀ ਪਹਿਲੂ (ਸਰੀਰਕ, ਆਤਮਿਕ, ਮਾਨਸਿਕ, ਭਾਵਨਾਤਮਿਕ ਆਦਿ) ਅਣਗੌਲਿਆ ਨਾ ਰਹੇ। ਇਸ ਮੰਤ ਵਦੀ ਪੂਰਤੀ ਲਈ ਜ਼ਰੂਰੀ ਹੈ ਕਿ ਪਰਿਵਾਰਕ ਮਾਹੌਲ ਕਲਹ-ਕਲੇਸ਼ ਤੋਂ ਮੁਕਤ ਕੀਤਾ ਜਾਏ ਜਿਥੇ ਦੂਈ (Duality) ਨਾ ਹੋਵੇ, ਪਤੀ ਪਤਨੀ ਆਪਸ ਵਿਚ ਇਕਸਰ ਹੋ ਕੇ ਚੱਲਣ। ਅਜਿਹੇ ਪਰਿਵਾਰ ਦੀ ਕਲਪਨਾ ਕਰਦਿਆਂ ਹੀ ਗੁਰੂ ਸਾਹਿਬ ਨੇ ਪਰਿਵਾਰ ਦੀ ਨੀਂਹ,ਪਤੀ ਪਤਨੀ ਦੇ ਰਿਸ਼ਤੇ ਵਿੱਚ ਇਕਸੁਰਤਾ ਬਾਰੇ ਅਗਵਾਈ ਦਿੰਦਿਆਂ, "ਏਕ ਜੋਤ ਦੁਇ ਮੂਰਤੀ" ਦੇ ਸਭਿਆਚਾਰ ਦੀ ਪ੍ਰੋੜਤਾ ਕੀਤੀ। ਹਉਮੈ ਗ੍ਰਸਤ ਰਿਸ਼ਤਿਆਂ ਵਿਚ ਅਜਿਹਾ ਪਰਿਵਾਰ ਸਥਾਪਿਤ ਨਹੀਂ ਹੋ ਸਕਦਾ। ਇਸ ਲਈ "ਨਿਵਣ ਸੁ ਅੱਖਰ ਖਵਣ ਗੁਣ" ਭਾਵ ਨਿਮਰਤਾ ਅਤੇ ਖਿਮਾ ਦੇ ਗੁਣਾਂ ਅਤੇ ਮਿੱਠਾ ਬੋਲਣ ਦਾ ਆਦਰਸ਼ ਸਾਹਮਣੇ ਰੱਖਿਆ ਹੈ। ਮਿਲਵਰਤਣ, ਪਰਉਪਕਾਰ ਅਤੇ ਨਿਮਰਤਾ ਵਾਲੇ ਮਾਹੌਲ ਵਿਚ ਪਲੇ ਬੱਚੇ ਭਾਵਨਾਤਮਕ ਤੌਰ ਤੇ ਜ਼ਿਆਦਾ ਬਲਵਾਨ ਅਤੇ Balanced ਹੁੰਦੇ ਹਨ। ਇਸ ਲਈ ਉਹਨਾਂ ਦਾ ਨਸ਼ਿਆਂ ਦੀ ਓਟ ਲੈਣ ਦਾ ਖਤਰਾ ਘੱਟ ਜਾਂਦਾ ਹੈ।

ਅਜਿਹੇ ਪਰਿਵਾਰ ਵਿਚ ਜ਼ਰੂਰੀ ਹੈ ਕਿ ਪਤੀ ਪਤਨੀ ਆਪ ਅਧਿਆਤਮਕ ਕਦਰਾਂ ਕੀਮਤਾਂ ਦੇ ਧਾਰਨੀ ਹੋਣ ਅਤੇ ਉੱਚ ਸਦਾਚਾਰ ਦੇ ਮਾਲਕ ਹੋਣ।

ਸਕੂਲਾਂ ਕਾਲਜਾਂ ਵਿਚ ਅਧਿਆਪਕ ਸੁੱਚਜੇ Role-Model ਬਣ ਕੇ ਅਗਵਾਈ ਕਰ ਸਕਦੇ ਹਨ। ਜਦੋਂ ਬੱਚੇ ਆਪਣੇ ਅਧਿਆਪਕ ਨੂੰ ਸਮਾਜਿਕ ਇਕੱਠਾਂ ਵਿਚ ਖੁਲੇ ਆਮ ਸ਼ਰਾਬ ਦਾ ਸੇਵਨ ਕਰਦਿਆਂ ਦੇਖਦੇ ਹਨ ਤਾਂ ਉਹ ਸੁਭਾਵਿਕ ਹੀ ਇਸ ਪਾਸੇ ਚੱਲ ਪੈਂਦੇ ਹਨ। ਅਧਿਆਪਕ ਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ ਉਹ ਇਕ ਆਮ ਵਰਕਰ ਨਹੀਂ ਹੈ ਜੋ ਦਫਤਰ ਜਾਂ ਫੈਕਟਰੀ ਵਿਚ ਕੰਮ ਕਰਨ ਤੋਂ ਬਾਅਦ ਕੁਝ ਵੀ ਕਰਨ ਲਈ ਆਜ਼ਾਦ ਹੈ। ਸੈਂਕੜੇ ਅੱਖਾਂ ਹਰ ਸਮੇਂ ਉਸਨੂੰ ਤਾੜ ਰਹੀਆਂ ਹੁੰਦੀਆਂ ਹਨ ਅਤੇ ਜਦੋਂ ਵੀ ਉਹ ਕੋਈ ਨੈਤਿਕਤਾ ਤੋਂ ਗਿਰਿਆ ਕੰਮ ਕਰਦਾ ਹੈ ਤਾਂ ਸਮਝੋ ਉਸ ਨੇ ਸਮਾਜ ਵਿਚ ਇਕ ਭਾਰੀ ਛੂਤ ਦੀ ਬੀਮਾਰੀ ਦੇ ਕਣ ਫੈਲਾਅ ਦਿੱਤੇ ਹਨ ਜਿਸਨੂੰ ਉਸਦੇ ਸੈਂਕੜੇ ਵਿਦਿਆਰਥੀ ਬਿਨਾਂ ਕਿਸੇ ਦੇਰੀ ਦੇ ਪਕੜ ਲੇਣਗੇ। ਸੋ ਜ਼ਰੂਰੀ ਹੈ ਕਿ ਅਧਿਆਪਕ ਆਪ ਨਸ਼ਾ ਨਾ ਕਰਦਾ ਹੋਵੇ ਅਤੇ ਨਾ ਹੀ ਉਸਦੇ ਘਰ ਵਿਚ ਹੋਣ ਵਾਲੇ ਸਮਾਰੋਹਾਂ ਵਿਚ ਸ਼ਰਾਬ ਦੀ ਵਰਤੋਂ ਹੋਵੇ।

ਨੌਜਵਾਨਾਂ ਦਾ ਸ਼ੋਸ਼ਣ ਕਰਨ ਵਾਲੇ ਅਸਮਾਜਿਕ ਤੱਤਾਂ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਕਦਮ ਚੁੱਕਣੇ ਚਾਹੀਦੇ ਹਨ। ਪਰ ਇਸ ਤੋਂ ਵੀ ਜ਼ਰੂਰੀ ਹੈ ਕਿ ਸਮਾਜ ਸੇਵੀ ਸੰਸਥਾਵਾਂ ਉਹਨਾਂ ਨੂੰ ਕਰੜੇ ਹੱਥੀ ਲੈਣ। ਰੋਜ਼ਾਨਾ ਜੀਵਨ ਵਿਚ ਵਾਹ ਪੈਂਦੇ ਮਨੁੱਖਾਂ ਦਾ ਦਬਾਅ (Pressure) ਕਿਸੇ ਵੀ ਸਰਕਾਰੀ ਜਾਂ ਕਾਨੂੰਨੀ ਦਬਾਅ ਤੋਂ ਵੱਧ ਅਸਰਦਾਇਕ ਸਾਬਤ ਹੁੰਦਾ ਹੈ। ਸੋ ਲੋੜ ਹੈ ਕਿ ਹਰ ਪੱਧਰ ਤੇ ਲਾਮਬੰਦ ਹੋ ਕੇ ਸੰਘਰਸ਼ਸ਼ੀਲ ਹੋਇਆ ਜਾਵੇ।

ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਅੱਜ ਦਾ ਸਮਾਂ ਵਿਦਿਆਰਥੀਆਂ ਲਈ

ਬਹੁਤ ਗੁੰਝਲਦਾਰ ਸਮੱਸਿਆਵਾਂ ਲੈ ਕੇ ਆਇਆ ਹੈ। ਹਰ ਪੱਧਰ ਤੇ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਅਤੇ ਵਧਦੀ ਬੇਰੁਜ਼ਗਾਰੀ ਕਾਰਨ ਵਿਦਿਆਰਥੀਆਂ ਦੇ ਮਨਾਂ ਤੇ ਬੜਾ ਦਬਾਅ ਹੈ ਅਤੇ ਉਹ ਚਿੰਤਾ ਵਿਚ ਹਨ। ਜੀਵਨ ਵਿਚ ਸਥਿਰਤਾ ਅਤੇ ਸੁਰੱਖਿਆ ਨਾਮ ਦੀ ਚੀਜ਼ ਨਹੀਂ ਰਹੀ। ਅੱਜ ਦੇ ਹੱਥ ਵਿਚ 50,000 ਦੀ ਨੌਕਰੀ ਹੈ ਤਾਂ ਕੱਲ੍ਹ ਪਤਾ ਨਹੀਂ ਨੌਕਰੀ ਕਾਇਮ ਰਹੇਗੀ ਜਾਂ ਨਹੀਂ। ਇਨ੍ਹਾਂ ਹਾਲਤਾਂ ਦਾ ਟਾਕਰਾ ਕਰਨਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਕਮਜ਼ੋਰ ਸਖਸ਼ੀਅਤਾਂ ਵਾਲੇ ਮਨੁੱਖ ਇਨ੍ਹਾਂ ਹਾਲਤਾਂ ਵਿਚ ਨਸ਼ਿਆਂ ਨਵੱਲ ਖਿਚੇ ਜਾਣਾ ਮਾਮੂਲੀ ਗੱਲ ਹੈ। ਇਸੇ ਲਈ ਜ਼ਰੂਰੀ ਹੈ ਕਿ ਇਨ੍ਹਾਂ ਔਕੜਾਂ ਦਾ ਟਾਕਰਾ ਕਰਨ ਲਈ ਹਰ ਤਰ੍ਹਾਂ ਨਾਲ ਬਲਵਾਨ ਬਣਿਆ ਜਾਏ। ਤਨ ਨੂੰ ਪੂਰੀ ਖੁਰਾਕ ਮਿਲੇ, ਮਨ ਨੂੰ ਪਿਆਰ ਦਾ ਰੱਜ ਅਤੇ ਉਸਾਰੂ ਰੁਝੇਵੇਂ ਇੱਛਾ ਸ਼ਕਤੀ ਨੂੰ ਮਜ਼ਬੂਤ ਬਣਾਉਂਦੇ ਹਨ। ਆਪਣੇ ਆਪ ਨੂੰ ਮਾਨਸਿਕ ਤੌਰ ਤੇ ਬਲਵਾਨ ਬਣਾਉਣ ਲਈ ਅਧਿਆਤਮਕ ਕਦਰਾਂ ਕੀਮਤਾਂ ਦੇ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ। ਨਸ਼ਾ ਕਰਕੇ ਤਾਂ ਮਨੁੱਖ ਕਬੂਤਰ ਦੀ ਤਰ੍ਹਾਂ ਅੱਖਾਂ ਬੰਦ ਕਰਕੇ ਬਿੱਲੀ ਤੋਂ ਬਚ ਜਾਣ ਦਾ ਭਰਮ ਪਾਲਦਾ ਹੈ। ਇਸ ਨਾਲ ਮੁਸ਼ਕਲਾਂ ਹੱਲ ਨਹੀਂ ਹੁੰਦੀਆਂ ਸਗੋਂ ਹੋਰ ਵਿਕਰਾਲ ਰੂਪ ਧਾਰਨ ਕਰਕੇ ਸਾਹਮਣੇ ਆਉਂਦੀਆਂ ਹਨ। ਇਹਨਾਂ ਸਮੱਸਿਆਵਾਂ ਨਾਲ ਨਜਿਠਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਬਲਵਾਨ ਬਣਾਉਣ ਲਈ ਆਪਣੇ ਮੂਲ ਨੂੰ ਪਹਿਚਾਣਿਆ ਜਾਏ।

**ਮਨ ਤੂ ਜੋਤ ਸਰੂਪ ਹੈ, ਆਪਣਾ ਮੂਲ ਪਛਾਣਿ ॥**

ਇਹ ਮਨ ਪ੍ਰਮਾਤਮਾ ਦਾ ਅੰਸ਼ ਹੈ ਅਤੇ ਇਸੇ ਕਰਕੇ ਇਹ ਅਥਾਹ ਸ਼ਕਤੀਆਂ ਦਾ ਮਾਲਕ ਹੈ, ਜੋ ਸਾਡੇ ਤੋਂ ਗੁਝੀਆਂ ਪਈਆਂ ਹਨ ਕਿਉਂਕਿ ਅਸੀਂ ਆਪਣਾ ਮੂਲ ਪਛਾਨਣ ਦੀ ਕੋਸ਼ਿਸ਼ ਨਹੀਂ ਕੀਤੀ, ਲੋੜ ਹੈ ਇਹਨਾਂ ਸ਼ਕਤੀਆਂ ਨੂੰ ਜਗਾਇਆਂ ਜਾਏ। ਜੋ ਜੋਤ ਪ੍ਰਮਾਤਮਾ ਨੇ ਸਾਡੇ ਵਿਚ ਰੱਖੀ ਹੈ ਉਸਨੂੰ ਜਗਦੇ ਅਤੇ ਮਘਦੇ ਰੱਖਿਆ ਜਾਏ:

**ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤ ਰਖੀ,**
**ਤਾ ਤੂ ਜਗ ਮਹਿ ਆਇਆ ॥**

ਇਹ ਸਰੀਰ ਹਰੀ ਪ੍ਰਮਾਤਮਾ ਦਾ ਮੰਦਰ ਹੈ, ਇਸ ਵਿਚ ਹਰੀ ਦੀ ਜੋਤ ਲਟ-ਲਟ ਬਲ ਰਹੀ ਹੈ।

**ਹਰਿ ਮੰਦਰ ਏਹ ਸਰੀਰ ਹੈ ॥**

ਅਜੀਬ ਗੱਲ ਹੈ, ਇੱਟਾਂ ਪੱਥਰਾਂ ਦੇ ਮੰਦਰ ਵਿਚ ਤਾਂ ਸ਼ਰਾਬ ਲਿਜਾਣੀ ਮਨ੍ਹਾ ਹੈ, ਪਰ ਹਰੀ ਪਰਮਾਤਮਾ ਦੇ ਨਿਵਾਸ ਸਥਾਨ ਵਿਚ, ਇਸ ਕਾਇਆ ਅੰਦਰ ਜਿੱਥੇ ਉਹ ਆਪ ਵਸ ਰਿਹਾ ਹੈ, ਇਸ ਸਰੀਰ ਵਿਚ ਸ਼ਰਾਬ ਅਤੇ ਨਸ਼ਿਆਂ ਦੇ ਖੁੱਲ੍ਹੇ ਗੱਫੇ! ਕੀ ਇਹ ਹਰੀ ਦੇ ਇਸ ਮੰਦਰ (ਸਰੀਰ) ਦੀ ਨਿਰਾਦਰੀ ਨਹੀਂ ?

ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਅੱਜ ਦੇ ਕਰੜੇ ਇਮਤਿਹਾਨੀ ਦਿਨਾਂ ਵਿਚੋਂ ਸਫਲਤਾ ਸਹਿਤ ਲੰਘਣ ਲਈ ਆਪਣੇ ਆਪ ਨੂੰ ਮਾਨਸਿਕ ਆਤਮਿਕ ਤੌਰ ਤੇ ਪੂਰੀ ਤਰ੍ਹਾਂ ਬਲਵਾਨ ਬਣਾਉਣ ।ਸੇਵਾ, ਸਿਮਰਨ ਅਤੇ ਪਰਉਪਕਾਰ ਰਾਹੀਂ ਆਤਮਾ ਬਲਵਾਨ ਬਣਦੀ ਹੈ। ਗੁਰੂ ਸਾਹਿਬਾਨ ਨੇ ਜਿੱਥੇ ਸਿਮਰਨ ਲਈ ਤਾਕੀਦ ਕੀਤੀ, ਉੱਥੇ ਸੇਵਾ ਅਤੇ ਪਰਉਪਕਾਰ ਦੇ ਮੌਕੇ ਬਣਾਈ ਰੱਖਣ ਲਈ ਸਾਨੂੰ ਜੱਥੇਬੰਦਕ ਰੂਪ ਵਿਚ ਇਕੱਠੇ ਕਰਕੇ ਗੁਰਦੁਆਰੇ ਦਾ ਸਥਾਨ ਇਕ Social Club ਦੇ ਰੂਪ ਵਿਚ ਦਿੱਤਾ ਜਿਥੇ ਅਧਿਆਤਮਕ ਸਭਿਆਚਾਰ ਵਾਲੇ ਮਨੁੱਖ ਮਿਲ ਸਕਣ, ਆਤਮਕ ਭੋਜਨ ਪ੍ਰਾਪਤ ਕਰਕੇ, ਨਿਸ਼ਕਾਮ ਸੇਵਾ ਤੇ ਪਰਉਪਕਾਰ ਰਾਹੀਂ ਆਤਮਕ ਤੌਰ ਤੇ



ਬਲਵਾਨ ਹੋ ਕੇ ਜੀਵਨ ਦੀਆਂ ਸਮੱਸਿਆਵਾਂ ਨਾਲ ਜੂਝਣ ਲਈ ਲਾਮਬੰਦ ਹੋਣ ਅਤੇ ਸਮੱਸਿਆਵਾਂ ਸੁਲਝਾਉਣ ਵਿਚ ਇਕ ਦੂਜੇ ਦੇ ਸਹਾਈ ਬਣ ਸਕਣ।

ਅੱਜ ਦੇ ਬਿਖੜੇ ਸਮੇਂ ਵਿਚ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਆਪਣੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਈਏ, ਉਸਾਰੂ ਸੋਚਣੀ ਅਤੇ ਸਮਾਜ ਸੇਵਾ ਦੇ ਜ਼ਰੀਏ ਆਪਣੇ ਜੀਵਨ ਨੂੰ ਨਵਾਂ ਅਰਥ ਦੇ ਕੇ ਮਾਨਸਿਕ ਤੌਰ ਤੇ ਬਲਵਾਨ ਬਣੀਏ। ਆਪਣੇ ਆਪ ਵਿਚ ਹੀ ਮਗਨ ਨਾ ਰਹਿ ਕੇ ਪਰਾਏ ਦਰਦ ਨੂੰ ਆਪਣਾ ਦਰਦ ਸਮਝੀਏ। ਨਸ਼ਿਆਂ ਦੀ ਓਟ ਤੋਂ ਬਚੀਏ, ਜੇ ਦੁਰਭਾਗ ਵਸ ਅਜਿਹਾ ਹੋ ਜਾਏ ਤਾਂ ਪਰਿਵਾਰ ਦੇ ਮੈਂਬਰਾਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਸੰਪਰਕ ਵਿਚ ਆ ਕੇ ਇਕ ਢੁਕਵਾਂ ਸਮਾਜਿਕ ਵਾਤਾਵਰਨ ਸਿਰਜੀਏ। ਪਿਆਰ ਦੇ ਬੋਲ ਅਤੇ ਸੰਗੀਤ ਦੀਆਂ ਸੁਰਾਂ ਨਾਲ ਮਨ ਖੇੜੇ ਵਿਚ ਆਉਂਦਾ ਹੈ। ਕੋਸ਼ਿਸ਼ ਕਰਕੇ ਆਪਣੇ ਆਲੇ ਦੁਆਲੇ ਇਕ ਅਜਿਹਾ ਵਾਤਾਵਰਨ ਸਿਰਜਿਆ ਜਾਏ ਕਿ ਇਸ ਵਿੱਚ ਵਿਚਰਦਿਆਂ ਨਸ਼ੇ ਤੋਂ ਸਹਿਜੇ ਹੀ ਛੁਟਕਾਰਾ ਪਾ ਕੇ ਸੁਖੀ ਜੀਵਨ ਜੀਵਿਆ ਜਾ ਸਕੇ।

Œ Œ

* ਮਹਾਨ ਮਨੋਵਿਗਿਆਨੀ Jung ਅਨੁਸਾਰਉਸ ਪਾਸ ਆਏ ਮਾਨਸਿਕ ਬਿਮਾਰੀਆਂ ਦੇ ਰੋਗੀਆਂ ਵਿੱਚੋਂ 60% ਰੋਗੀਆਂ ਦੇ ਰੋਗ ਦਾ ਮੁੱਖ ਕਾਰਣ, ਕਿਸੇ ਆਦਰਸ਼ ਅਤੇ ਵਿਸ਼ਵਾਸ ਦੀ ਅਣਹੋਂਦ ਅਤੇ ਅੰਦਰੂਨੀ ਖਾਲੀਪਨ ਸੀ। ਵਿਸ਼ਵਾਸ ਅਤੇ ਆਦਰਸ਼ ਦੀ ਪੁਨਰ ਪ੍ਰਾਪਤੀ ਇਹਨਾਂ ਰੋਗੀਆਂ ਦੇ ਮਾਨਸਿਕ ਵਿਗਾੜਾ ਨੂੰ ਇਕਦਮ ਦੂਰ ਕਰਦੇ ਹਨ।

(ਡਾ. ਰਾਧਾਕ੍ਰਿਸ਼ਨਨ)

* Drug misuse is not a disease,
it is a decision like the decision to
step out in front of a moving car.

# SRI GURU GRANTH SAHIB JI
## A CELEBRATION OF WOMANHOOD

**Womanhood** - The state of being a woman - what is it that brings a female to the state of being a woman ? What, after all is a woman ? Prof. Puran Singh in his book 'The Spirit Born people', says, "One wonders what is a woman ? She has always been a mystery to the human race. The mother mysterious, so noble, divine, so full of love, that she drew the whole - souled devotion of human men for centuries and was still a mystery. She was as mysterious as nature. A literature was born, an act became alive, a history was made glorious in defence of her honour and pride, and the woman was still a mystery."

Then we have Simon de Bouvoir, a French existential philosopher and Pioneer of the feminist movement, saying "What is a woman ? Females make up half of humanity and yet we say feminity is in danger. We are exhorted to be women, remain women, become women. Then it is clear that every female human being is not necessarily a woman. To be so she must share that reality called feminity." (Introduction to 'The Second Sex')

While Prof. Puran singh dwells on woman's nobility and her spiritual qualities and still wonders what is it that makes a woman mysterious who is unfathomable in her deep spirituality, the French philosopher insists that every female is not a woman. In order to be a woman one must experience that reality that is called feminity, and that perhaps physical differences are only superficial.

Now the question arises, what is that reality called feminity which makes one a woman irrespective of the fact whether one has a male body or a female body.

To have an insight into that reality called 'feminity' we need to refer to feminist philosophers and find out, what defines feminism, the ideological base of a movement called 'Women Liberation Movement'



born as a result of this philosophy, which has proved to the most effective social movment of twentieth century. It has totally changed the social landscape and has transformed, what men expect from sharing their lives with women. In fact no other social movement has so revolutionized such deeply held social norms of behavior. The philosophy that has brought about such a change has been called 'feminism', defined by Sonia Johnson like this:

"Feminism is the articulation of the ancient underground culture and philosophy based on the values, the patriarchy labeled as womanly, but which are necessary for the whole humanity. Among the principles of Feminism that are more distinct from those of patriarchy, are universal equality, non-violent problem solving and co-operation with nature, with other species.'

(As quoted in 'Woman's Bodies, Woman's Wisdom', by Christane Morthrop MD p.7 )

In this essay, I intend to take up the first part of this definition and study how the values, the patriarchy labeled as womanly are necessary for the whole humanity and that how feminist reality, i.e. womanhood is experienced and celebrated in Sri Guru Granth Sahib ji.

A person with clear perception and unpre judiced thinking will notice on the very first reading of Sri Guru Granth Sahib ji, that the chief protagonist or the central figure in Gurbani is a woman, "The whole of Sri Guru Granth Sahib ji is written in the voice of a wedded woman or a maiden pining in love of the Beautiful…both man and woman as sexes are forgotten in her voice. She becomes the Supreme Reality and a freed soul."

(Prof. Puran singh, *Spirit Born People,* p. 31)

The woman protagonist, who pines in love calls her friends and sisters to come and sing praises of the Lord and share the Supreme joy and the spiritual experience:

**ਆਉ ਸਖੀ ਹਰਿ ਮੇਲੁ ਕਰੇਹਾ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥**

(Sri Guru Granth Sahib, p.95)

(Come, Friends, let us meet our Lord. Bring me a Message From my Beloved.)

**ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹੇ॥**

(Sri Guru Granth Sahib, p.847)

(Come, O my sister, come, O my companions, and let us remain under the Lord's control. Let's sing the Songs of bliss of our Husband Lord.)

**ਸੁਣਿ ਸਖੀਏ ਮੇਰੀ ਨੀਂਦ ਭਲੀ ਮੈ ਆਪਨੜਾ ਪਿਰੁ ਮਿਲਿਆ ॥**

(Sri Guru Granth Sahib, p.173)

Listen, O my Companions: now I sleep well since I find my Husband Lord.

**ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥**

(Sri Guru Granth Sahib, p.173)

**ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥**
**ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥**

(Sri Guru Granth Sahib, p.96)

("Come, dear sisters-let us join together. I am a Sacrifice to the one, who tells me of my Beloved.")

No doubt by sister and friends, here, is meant men and women, all human beings, irrespective of the sex, who are immersed in Love and ever remain in a state of deep spirituality. Men and women are forgotten as sexes here and whole humanity is categorized under one head, i.e. the woman.

The women associated with the feminist movement of the west often object to the entire human species being referred to as 'man' and not as 'woman'. Their objection is easily redressed in the language of Sri Guru Granth Sahib, where the whole human species is referred to as 'woman' and not as 'man'.

As one goes through Sri Guru Granth Sahib with feminist theory in mind, one finds that womanhood, which has been degraded in most schools of thought, finds a full voice, a respectable and celebrated one, in Sri Guru Granth Sahib and it is basically her vision that finds full expression here.

The world over, the birth of a son in the family is celebrated with great pomp and show. The male child is showered with all the love and affection. There is hardly any culture that welcomes the birth of a female child. Evidence of history and anthropology tells us that no known society positively prefers female babies to boys. The Mahabharta says:



"The son is his (man's) very self, the wife, a friend, but the daughter is known for misfortune." (Mbh:1 :147.11)

In some cultures, the period of ritual uncleanliness was seven days if the baby was a boy and for the baby girl it was fifteen days, (Leviticus 12:2-5)

there by meaning that a female baby carried more uncleanliness than a male child.

The 'Atharvaveda' states: "Grant me a son and give a girl elsewhere."

All this is in direct contrast with Bhai Gurdas Ji's vision of the childhood of a daughter in the loving care of her parents and grand parents. He states in his var 5, Pauri 16:

**ਪੇਵਕੜੇ ਘਰਿ ਲਾਡੁਲੀ ਮਾਊ ਖਰੀ ਪਿਆਰੀ ॥**
**ਵਿਚਿ ਭਰਾਵਾਂ ਭੈਨੜੀ ਨਾਨਕ ਦਾਦਕ ਸਪਰਵਾਰੀ ॥**
**ਲਖਾਂ ਖਰਚ ਵੀਵਾਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ ॥**
**ਸਾਹੁਰੜੈ ਘਰਿ ਮੰਨੀਐ ਸਣਖਤੀ ਪਰਵਾਰ ਸਧਾਰੀ ॥**
**ਸੁਖ ਮਾਣੈ ਪਿਰੁ ਸੇਜੜੀ, ਛਤੀਹ ਭੋਜਨ ਸਦਾ ਸੀਗਾਰੀ ॥**
**ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ ॥**
**ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥**

in her parental home, a girl happily lives with her brothers, sister, parents and grandparents who shower affection on her. When she attains the marriageable age, her parents, out of deep love for her load her with all kinds of gifts when they see her off to her husband 's house. She leads an honourable life in her husband 's home, and all kinds of delicacies come to her share, for this she attains the marital bliss. And more than any other means, she is instrumental in the attainment of eternal bliss for her husband too. Only a truly God-oriented person deserves such a faithful and virtuous wife.

Sri Guru Hargobind Sahib, the $6^{th}$ Guru, sought his mother's blessing for the birth of a daughter.

**ਸੀਲ ਖਾਨ ਕੰਨਿਆ ਇਕ ਹੋਵੇ ਨਹੀ ਤੋ ਮ ਗ੍ਰਹਿਸਤ ਵਿਗੋਵੈ ॥**

without a virtuous daughter the family will be ruined.

**ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥**

(Sri Guru Granth Sahib, p.935)

In this world, her father's home, the innocent bride, loves her young Husband Lord.

The Guru gave strict injunctions against the people who killed their daughters. It is sad that inspite of such ideological background, the people who call themselves the Sikhs of the Guru, indulge in female foeticide. They are expected to follow Guru's Word in letter and spirit.

The appointment of Christian women as priests was unheard of till recently. The reasons behind women not being made priests are given in the 'New Testament' like this:

*"Let the women learn in silence with all submission.*

*And I do not permit a women to teach or have authority over man, but to be in silence.*

*For Adam was created first and then Eve,*
*And Adam was not deceived*
*But the woman being deceived fell into transgression.*

(New Testament, p.272)

In Buddhism "even the eldest ordained sister must stand before and behave with extreme humility towards a brother even if only ordained a single day."

Jewish law givers said that it was better to burn 'Torah' than to let the scripture fall into women's hands.

In 1980's because of the movement in favour of women, it was hoped that the church would reverse its stand against women and ordain them, but Pope John Paul reaffirmed the stand against women priests. It was on nov 11, 1992 that the General Body of the Church of England passed the resolution to ordain women to prieshood. The legislation was passed only by two votes. the clergy pressure group opposed the resolution saying, "We will be unable to accept the orders of women, who may be ordained as a result of parliamentary vote."

And here, we have on record of Sikh history, that Sri Guru Amardas, the third Guru, sent women as preachers to distant lands along with men, when he created 22 diocese. It was done more than four hundred years ago, when Sikhism was still in its infancy. And more importantly, it was done, without even a single voice being raised for or against the decision. It was taken as something natural.

Feminists today are asserting that the women's way of knowing and feeling should be allowed to be reborn and be given expression to.



They are rejecting the scriptures that tell them of their inferior status. Reinterpretation of Bible is being done from the feminist point of view. In fact a feminist Haggadah (A prayer book that is read over ritual passing over meal) has already been created to be read at sedar (passing over meal).

And here we have a religious book, a scripture, which speaks in the voice of a woman, gives expression to her moods and feelings and it is around women that the whole spirituality of Sri Guru Granth Sahib revolves. It is amazing that the (male) Gurus understood the female psyche so well, that they could identify themselves with the female of all species. We have a shabad in Sri Guru Granth Sahib .

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥
ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦੁ ਬੀਚਾਰੁ ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥

(Sri Guru Granth Sahib, p.157)

*What if I were to become a she deer and live in the forest, picking and eating fruits and roots-by Guru's Grace, I am a sacrifice to my Master. Again and again, I am a sacrifice, a sacrifice. I am the merchant, of the Lord. Your name merchandise and trade.*

*If I were to become a she cuckoo, living in a mango tree, I would still contemplate the word of the Shabad . I would still meet my lord and Master,with intuitive ease; The Darshan, the Blessed vision of His form is incomparably beautiful.*

*If I were to become a fish, living in the water, I would still remember the Lord, who watches over all beings and creatures. My Husband Lord dwells on this shore, and on shore beyond; I would still meet Him and hug Him close in my embrace.*

*If I were to become a she snake, living in the ground, the Shabad, would still dwell in my mind and my fear would be dispelled. O Nanak, they are forever the happy soul-brides, whose light merges into*

*His Light.*

*Guru Sahib while expessing his intense love and longing for the lord, identifies himself with the female deer, a koel, a fish and a nagin (female serpent) and not with the male of these species. The feeling of a woman yearning to be united with her beloved is given a voice:*

ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥

(Sri Guru Granth Sahib, p. 1117)

*My hopes and desires rest in You, O my Husband Lord; like the rainbird, longs for the rain-drop.*

ਮਿਲੁ ਪ੍ਰੀਤਮਾ ਜੀਉ ਤੁਧੁ ਬਿਨ ਖਰੀ ਨਿਮਾਣੀ ॥
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥

(Sri Guru Granth Sahib,p. 244)

*Meet me, O my Dear Beloved. Without you, I am nothing and feel dishonoured. Sleep does not come to my eyes, and I have no desire for food or water. The joyful mood of the bride to be wedded has also been given expression to :*

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥

(Sri Guru Granth Sahib, p. 482)

*Sing, sing, O brides of the Lord, the marriage songs. The Lord, my King has come to my house as my Husband.*

ਕਹੁ ਨਾਨਕੁ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥

(Sri Guru Granth Sahib, p. 577)

*"Says Nanak, I have found my Husband Lord within my own home, and all my anxiety is gone."*

*The bride's concern for her appearance and her dress is universally known. Guru Sahib is sensitive to this aspect of female psyche too. So instead of rejecting this female trait, he gives it recognition and accepts it by sublimating it to the highest level of spirituality.*

ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿ ਜਨ ਭਾਨੀ ਤਾਂ ਮਨੁ ਮੋਹਿਆ ॥

(Sri Guru Granth Sahib, p. 372)

*That red dress looks so beautiful on your body. Your Husband Lord is pleased, and His heart is enticed. The bride adorns herself with*



*the jewellery:*

ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥

(Sri Guru Granth Sahib, p.372)

*My bracelets, robes and ornaments beautifully adorn me.*

*The soul bride is extremely joyful happy, when her Husband Lord comes to her home. The bride applies mascara on her eyes.*

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥

(Sri Guru Granth Sahib, p.1361)

*O my companion, I have prepared everything: make-up, garlands and betel-leaves.*

*I have embellished myself with the sixteen decorations, and applied the mascara to my eyes.*

*No doubt all this make up and beautifications are splendorous but, it is of no use if she remains ununited with her Groom:*

ਹਰਿ ਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥

(Sri Guru Granth Sahib, p. 1362)

O Lord! When without my Husband, everything is futile.

ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥

(Sri Guru Granth Sahib, p. 1362)

very fortunate is she, within whose home the Husband Lord abies.
She is totally adorned & decorated; She is a happy soul-bride. Guru Sahib Sublimates the concept of beauty to the highest level:

ਸਤਿਗੁਰੁ ਅਪਣਾ ਮਨਾਇ ਲੈ ਰੂਪ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥

(Sri Guru Granth Sahib, p. 785)

Become pleasing to your True Guru and you shall be absolutely beautified; otherwise, there is no place of rest.

Thus physical beauty and spiritual beauty are brought together and duality between spiritual and physical is abolished. A woman's preoccupation with beautiful clothes too is not rejected on grounds of dry soulless religiosity, rather it has been accepted and celebrated by giving it a spiritual touch.

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਣਹੁ ਨਾਰੀ ॥

(Sri Guru Granth Sahib, p. 1171)

*She alone is known as the Lord's bride, who embroiders her gown in the Name. Her art of house keeping has also been mentioned.*

ਜੇ ਘਰਿ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥

(Sri Guru Granth Sahib, p. 1171)

*She who preserves and protects the home of her own heart and does not taste of evil. shall be the Beloved of her husband Lord. Her love for kitchen too has been glorified:*

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥
ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥
ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥
ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥

(Sri Guru Granth Sahib, p. 1413)

*The devoted wife in her husband's home has great longing to perform loving devotional service to him; She prepares and offers to him all sorts of sweet delicacies and dishes of all flavours add.*

*Some feminists may find fault here by saying that Guru Sahib has taken an antifeminist stand by binding the woman to the chains of domesticity. Let us see what Simon de Beuvoir, the most vocal feminist scholar has to say in this regard. In her chapter on 'Independent Woman', she says:*

*"The Independent woman herself considers that in marrying, she has assumed duties from which her personal life does not exempt her. She does not want to feel that her husband in deprived of advantages, if he had married a true women. She wants to be presentable, a good house keeper, a devoted mother, such as wives traditionally are. This is a task that easily becomes overwhelming. She assumes it through her regard for her partner and out of her fidelity to herself also for she intends to be in no way unfaithful to her destiny as a woman."* (A Vintage Book of Feminism, Page 18)

On one side these feminists want to be rid of the chains and drudgery of domesticity, on the other hand they feel that a woman's



fidelity to herself and her natural destiny lies in being a good mother and a good housekeeper. This is a contradiction in itself. Such contradictions find no place in gurbani. Guru sahib celebrates and integrates all aspects of female psychology.

Though bridal image dominates the Bani in Sri Guru Granth Sahib. the natural urge of a woman to be a mother and her love for children is not rejected as negative quality of ਮੋਹ (Moh). The woman in Sri Guru Granth Sahib is essentially a woman immersed in deep spiritual love, though she may also decide to be a mother. Her selfless love for her offspring too is spiritualized.

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤ ਪਿਆਰਿ ॥੧॥

(Sri Guru Granth Sahib, p. 168)

Just as the mother, having given birth to a son, feeds him and keeps him in her vision indoors and outdoors. She puts food in his mouth ; each and every moment, she caresses him. In just the same way, the True Guru protects his Gur sikhs, who love their Beloved Lord.

Thus the woman in Sri Guru Granth Sahib stands before us, essentially an authentic and independed human being. S. Johnson's definition of feminism given at the start of the paper, which says that "qualities that patriarchy labels as womanly are necessary for the whole humanity", finds full expression in Gurbani written five hundered years ago. But one fundamental difference between present day feminist movement and the feminism of Sri Guru Granth Sahib needs to be understood.

Present day woman's movement has its genesis in post Industrial Revolution period, when women had to leave the house in search of jobs. The discrimination they faced at the work place created a rivalry between men and women, which resulted in a movement in favour of women. All this attacked the fundamental unity of humanity, which was divided in two rival groups i.e. men and women.

Thus the feminist movement was a protest movement, which while fighting for the rights of women, hit hard the basic of unity of the sexes, so essential for healthy social environment. In her acquired

freedom and equality, today's liberated woman has started aping man blindly, thinking whatever man does is more important and valuable. The over valuing of man's world has created an imbalance in society and family as a cohesive social unit has been hit hard. As a result, the questions regarding the relevance of feminism are already being raised. Rosalind Coward, a leading feminist writer and columnist, in her book 'Sacred Cows' looks critically at feminism's achievements and asks "Do we need feminism in the new millinium? Is feminism damaging relations between men and women?"

The question posed by Rosalind Coward in 'Sacred Cows' gets readily answered in Gurbani, where every aspect of female personality finds recognition. She is a supreme being, an autonomous, an independent being, yet, a humble, selfless and loving person who finds supreme joy in selfless service. There is no imbalance in the society (like the one caused by feminist movement). Feminism of Sri Guru Granth Sahib makes a woman, a complete human being, self sufficient, and with authentic personality, yet, "so noble, divine, so full of love, that she drew the whole souled devotion of human men for centuries."

❊ ❊

* "When womanhood is reduced to its profane aspect and all her virtues are dishonored, it becomes rather impossible to find true joy and meaning in it."
* "Devalution of housework and childraising during the past decades have made it extremely difficult for women to celebrate their womanhood and to value their feminity."

"Roya monajan in Womanhood-Motherhood'



# ਪੁਸਤਕ ਵਿਚ ਆਈਆਂ ਹਸਤੀਆਂ ਬਾਰੇ ਸੰਖੇਪ ਜਾਣਕਾਰੀ

**ਬੇਬੇ ਨਾਨਕੀ ਜੀ :** ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ, ਜਿਸ ਦਾ ਜਨਮ **'ਸੰਮਤ 1521'** ਵਿਚ ਹੋਇਆ ਤੇ **ਸੰਮਤ 1532** ਵਿਚ ਦੀਵਾਨ ਭਾਈ ਜੈ ਰਾਮ ਜੀ ਨਾਲ ਵਿਆਹ ਹੋ ਗਿਆ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ ਧਾਰਨ ਕਰਨ ਵਾਲੀ ਪਹਿਲੀ ਇਸਤਰੀ ਸੀ।

**ਮਾਤਾ ਖੀਵੀ ਜੀ :** ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਦੀ ਸੁਪਤਨੀ, ਜੋ ਖਡੂਰ ਨਿਵਾਸੀ ਦੇਵੀ ਚੰਦ ਦੀ ਸਪੁੱਤਰੀ ਸੀ। ਇਹਨਾਂ ਦਾ ਵਿਆਹ ਲਹਿਣਾ ਜੀ ਨਾਲ **ਸੰਮਤ 1576** ਵਿਚ ਹੋਇਆ ਅਤੇ ਦੇਹਾਂਤ 1639 ਵਿਚ ਹੋਇਆ।

**ਬੀਬੀ ਅਮਰੋ ਜੀ :** ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਜਿਸ ਦੀ ਸ਼ਾਦੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਪਿੰਡ ਬਾਸਰਕੇ ਹੋਈ। ਜਿਸ ਦੇ ਮੁੱਖ ਤੋਂ " **ਭਇਆ ਮਨੂਰ ਕੰਚਨ ਫਿਰਿ ਹੋਵੈ ਜੇ ਗੁਰ ਮਿਲੇ ਤਿਨੇਹਾ** " ਪਾਠ ਸੁਣ ਕੇ, ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਣ ਦਾ ਪ੍ਰੇਮ ਜਾਗਿਆ।

**ਬੀਬੀ ਭਾਨੀ ਜੀ :** ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਜਿਸ ਦਾ ਜਨਮ 1591 ਵਿਚ ਬਾਸਰਕੇ ਹੋਇਆ। **ਸੰਮਤ 1610** ਨੂੰ ਸ੍ਰੀ ਗੁਰੂ ਰਾਮਦਾਸ ਜੀ ਨਾਲ ਵਿਆਹ ਹੋਇਆ, ਇਹਨਾਂ ਦੇ ਉਦਰ ਤੋਂ ਪ੍ਰਿਥੀ ਚੰਦ, ਮਹਾਂਦੇਵ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਤਿੰਨ ਪੁੱਤਰ ਹੋਏ। **ਸੰਮਤ 1695** ਵਿਚ ਗੋਵਿੰਦਵਾਲ ਦੇਹਾਂਤ ਹੋਇਆ। ਇਹ ਪਿਤਾ ਜੀ ਦੀ ਸੇਵਾ ਕਰਨ ਅਤੇ ਸਿੱਖੀ ਦੇ ਨਿਯਮਾਂ ਨੂੰ ਪਾਲਣ ਵਿਚ ਅਦੁੱਤੀ ਸੀ।

**ਮਾਤਾ ਗੁਜਰੀ ਜੀ :** ਕਰਤਾਰਪੁਰ ਨਿਵਾਸੀ ਲਾਲ ਚੰਦ ਖਤ੍ਰੀ ਅਤੇ ਮਾਤਾ ਬਿਸ਼ਨ ਕੌਰ ਦੀ ਬੇਟੀ, ਜਿਸ ਦਾ ਵਿਆਹ **'ਸੰਮਤ 1686'** ਵਿਚ ਕਰਤਾਰਪੁਰ ਵਿਖੇ, ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ। ਇਹਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਕੀਤਾ। ਜਿਸ ਵੇਲੇ ਤੁਰਕਾਂ ਦੇ ਫੜੇ ਹੋਏ ਛੋਟੇ ਸਾਹਿਬਜਾਦੇ ਸਰਹੰਦ ਪਹੁੰਚੇ ਸਨ, ਉਸ ਸਮੇਂ ਮਾਤਾ ਜੀ

ਨਾਲ ਸਨ। ਜਿਸ ਬੁਰਜ ਵਿਚ ਮਾਤਾ ਜੀ ਸਾਹਿਬਜਾਦਿਆਂ ਨਾਲ ਬੰਦ ਰਹੇ, ਉਸਦਾ ਨਾਮ ਹੁਣ ਮਾਤਾ ਗੁਜਰੀ ਬੁਰਜ ਹੈ।

**ਮਾਤਾ ਸੁੰਦਰੀ ਜੀ :** ਲਾਹੌਰ ਨਿਵਾਸੀ ਰਾਮ ਸਰਨ ਕੁਮਰਾਵ ਦੀ ਸਪੁੱਤਰੀ, ਜਿਸ ਦਾ ਅਨੰਦ ਕਾਰਜ ਸੰਮਤ 1741 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਦਸ਼ਮੇਸ਼ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ, ਪੰਥ ਆਪ ਦੇ ਹੁਕਮ ਵਿਚ ਰਿਹਾ। ਮਾਤਾ ਜੀ ਵੱਲੋਂ ਕੀਤੇ ਅਨੇਕਾਂ ਹੁਕਮਨਾਮੇ ਉਪਲਬਧ ਹਨ, ਭਾਈ ਮਨੀ ਸਿੰਘ ਨੂੰ ਆਪ ਨੇ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਭੇਜਿਆ ਸੀ। ਮਾਤਾ ਜੀ ਬਹੁਤ ਸਮਾਂ ਦਿੱਲੀ ਰਹੇ, ਜਿੱਥੇ ਉਹਨਾਂ ਦਾ ਦੇਹਾਂਤ **ਸੰਮਤ 1804** ਵਿਚ ਹੋਇਆ। ਆਪ ਜੀ ਹਵੇਲੀ ਤੁਰਕਮਾਨ ਦਰਵਾਜੇ ਤੋਂ ਬਾਹਰ ਗੁਰਦੁਆਰਾ ਸੀਸ ਗੰਜ ਤੋਂ ਡੇਢ ਮੀਲ ਦੀ ਦੂਰੀ ਤੇ ਹੈ।

**ਮਾਤਾ ਸਾਹਿਬ ਕੌਰ :** ਰੋਹਤਾਸ ਨਿਵਾਸੀ ਭਾਈ ਰਾਮੂ ਜੀ ਦੀ ਸਪੁੱਤਰੀ, ਜਿਨ੍ਹਾਂ ਦਾ ਅਨੰਦ ਕਾਰਜ **1757 ਵਿਚ** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਕਲਗੀਧਰ ਜੀ ਨੇ ਇਹਨਾਂ ਦੀ ਗੋਦੀ ਖਾਲਸਾ ਪੰਥ ਪਾਇਆ। ਇਸੇ ਕਾਰਨ ਅੰਮ੍ਰਿਤ ਸੰਚਾਰ ਸਮੇਂ ਮਾਤਾ ਸਾਹਿਬ ਕੌਰ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਕੀਤੇ ਜਾਂਦੇ ਹਨ। ਆਪ ਦਾ ਦੇਹਾਂਤ ਦਿੱਲੀ ਵਿਖੇ ਹੋਇਆ।

**ਰਾਣੀ ਸਦਾ ਕੌਰ :** ਮਹਾਰਾਜਾ ਰਣਜੀਤ ਸਿੰਘ ਦੀ ਸੱਸ, ਰਾਣੀ ਮਹਿਤਾਬ ਕੌਰ ਦੀ ਮਾਤਾ, ਕਨ੍ਹੱਈਆ ਮਿਸਲ ਦੇ, ਸਰਦਾਰ ਗੁਰਬਖਸ਼ ਸਿੰਘ ਦੀ ਵਿਧਵਾ ਸੀ। ਪਤੀ ਦੇ ਗੁਜ਼ਰ ਜਾਣ ਤੇ ਆਪਣੀ ਮਿਸਲ ਦੀ ਆਗੂ ਬਣੀ ਅਤੇ ਬਾਹੂ ਬਲ ਅਤੇ ਸਿਆਣਪ ਨਾਲ ਬਹੁਤ ਨਾਮ ਕਮਾਇਆ। ਆਪਣੀ ਮਿਸਲ ਦੀ ਤਾਕਤ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਵਿਚ ਵਰਤਦੀ ਰਹੀ।

**ਮਹਾਰਾਣੀ ਜਿੰਦਾ :** ਪਿੰਡ ਚਾੜ੍ਹ ਨਿਵਾਸੀ ਸ੍ਰ: ਮੰਨਾ ਸਿੰਘ ਦੀ ਪੁੱਤਰੀ, ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ, ਮਹਾਰਾਜਾ ਦਲੀਪ ਸਿੰਘ ਦੀ ਮਾਤਾ, ਲਾਹੌਰ ਦਾ ਪ੍ਰਬੰਧ ਅੰਗਰੇਜ਼ ਸਰਕਾਰ ਦੇ ਹੱਥ ਆ ਜਾਣ ਤੇ ਇਸ ਨੂੰ ਨਜ਼ਰਬੰਦ ਰੱਖਿਆ ਗਿਆ। ਜਿੱਥੋਂ ਇਹ ਫਕੀਰੀ ਭੇਸ ਵਿਚ ਨਿੱਕਲ ਗਈ।1861 ਵਿਚ ਇਹ ਇੰਗਲੈਂਡ ਆਪਣੇ ਪੁੱਤਰ ਦਲੀਪ ਸਿੰਘ ਨੂੰ ਮਿਲਣ ਲਈ ਗਈ, ਜਿੱਥੇ 1873 ਵਿਚ ਇਸਦਾ ਦੇਹਾਂਤ ਹੋ ਗਿਆ।

**ਭਾਈ ਗੁਰਦਾਸ ਜੀ :** ਭਾਈ ਗੁਰਦਾਸ ਜੀ ਸਤਿਗੁਰ ਦੇ ਸੱਚੇ ਸਿੱਖ, ਬੀਬੀ ਭਾਨੀ ਜੀ ਦੇ ਨੇੜਿਉਂ (Cousin) ਸਨ। ਇਹਨਾਂ ਨੇ ਚੌਥੇ ਸਤਿਗੁਰਾਂ ਤੋਂ ਸੰਮਤ



1636 ਵਿਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਪਾਤਸ਼ਾਹ ਤੋਂ ਸਮਝਿਆ। ਸਿੱਖ ਮਤ ਦੇ ਪ੍ਰਚਾਰਕ ਹੋ ਕੇ, ਇਹਨਾਂ ਸਿੱਖ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ, ਉਹ ਇਹਨਾਂ ਦੀ ਕਲਮ ਤੋਂ ਹੀ ਲਿਖਿਆ ਗਿਆ। ਭਾਈ ਸਾਹਿਬ ਦੀ ਬਾਣੀ(40 ਵਾਰਾਂ ਅਤੇ 556 ਕਬਿਤ)ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਣਉਕਤ ਨਹੀਂ ਕਿ ਸਿੱਖ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਧ ਕੇ, ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ,ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।

**ਪ੍ਰਿੰ: ਤੇਜਾ ਸਿੰਘ :** 2 ਜੂਨ, 1894 ਵਿਚ, ਰਾਵਲਪਿੰਡੀ ਵਿਖੇ ਹਿੰਦੂ ਪਰਿਵਾਰ ਵਿਚ ਪੈਦਾ ਹੋਏ। ਆਪ ਦਾ ਪਹਿਲਾ ਨਾਮ ਟੇਕ ਰਾਮ ਸੀ। ਪਿੰਡ ਦੇ ਗੁਰਦੁਆਰੇ ਅਤੇ ਮਸੀਤ ਵਿਚ ਮੁੱਢਲਾ ਅੱਖਰੀ ਗਿਆਨ ਪ੍ਰਾਪਤ ਕੀਤਾ। ਗਰੀਬ ਪਰਿਵਾਰ ਵਿਚੋਂ ਹੋਣ ਕਰਕੇ, ਆਪ ਲਈ ਸਕੂਲੀ ਵਿਦਿਆ ਪ੍ਰਾਪਤ ਕਰਨੀ ਔਖੀ ਸੀ। ਇਸ ਲਈ ਆਪ ਵਿਦਿਆ ਪ੍ਰਾਪਤੀ ਲਈ ਘਰ ਤਿਆਗ ਗਏ ਅਤੇ ਸ਼ੁਭਚਿੰਤਕਾਂ ਦੀ ਮੱਦਦ ਨਾਲ ਐਮ. ਏ. ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਅੰਗਰੇਜੀ ਦੇ ਪ੍ਰੋਫੈਸਰ ਅਤੇ ਬੰਬਈ ਖਾਲਸਾ ਕਾਲਜ ਵਿਖੇ, ਪ੍ਰਿੰਸੀਪਲ ਬਣੇ।ਆਪ ਆਪਣੀਆਂ ਗਿਆਨ ਵਰਧਕ ਲਿਖਤਾਂ ਕਰਕੇ ਜਾਣੇ ਜਾਂਦੇ ਹਨ।
**'ਆਸਾ ਕੀ ਵਾਰ', 'ਸੁਖਮਨੀ', 'ਗੁਰੂ ਗ੍ਰੰਥ ਸਾਹਿਬ ਵਿਚ ਸਿਧਾਂਤਕ ਲਗਾ ਮਾਤਰਾਂ ਦੇ ਗੁੱਝੇ ਭੇਤ'** ਅਤੇ ਹੋਰ ਲੇਖਾਂ ਕਰਕੇ ਆਪ ਸਿੱਖ ਸਾਹਿਤਕ ਹਲਕਿਆਂ ਵਿਚ ਜਾਣੇ ਜਾਂਦੇ ਹਨ।ਆਪ ਜਨਵਰੀ 1958 ਵਿਚ ਪਰਲੋਕ ਸਿਧਾਰੇ।

**ਬਾਵਾ ਹਰਕ੍ਰਿਸ਼ਨ ਸਿੰਘ :** ਜੁਲਾਈ 1892 ਵਿਚ ਪੈਦਾ ਹੋਏ, ਬਾਵਾ ਹਰਕ੍ਰਿਸ਼ਨ ਸਿੰਘ ਅੰਗਰੇਜੀ ਵਿਚ ਐਮ. ਏ. ਕਰਨ ਤੋਂ ਬਾਅਦ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਤਾਇਨਾਤ ਰਹੇ। ਆਪ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਸਨ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਬਣਾਈ, ਆਰਜ਼ੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 175 ਮੈਂਬਰਾਂ ਦੀ ਨਿਯੁਕਤੀ ਲਈ ਬਣਾਈ ਕਮੇਟੀ ਦੇ ਲਈ ਆਪ ਨੂੰ ਪੰਜ ਪਿਆਰਿਆਂ ਵਿਚ ਰੱਖਿਆ ਗਿਆ। ਗੁਰੂ ਕੇ ਬਾਗ ਦੇ ਮੋਰਚੇ ਵਿਚ, ਆਪ ਨੇ ਸਰਗਰਮ ਹਿੱਸਾ ਲਿਆ। ਪੰਥ ਨੇ ਆਪ ਨੂੰ ਪੂਰਾ ਮਾਣ ਸਤਿਕਾਰ ਦਿੱਤਾ,ਪਰ ਆਪ ਨੇ ਕੋਈ ਅਹੁਦਾ ਪ੍ਰਵਾਨ ਨਹੀਂ ਕੀਤਾ। ਆਪ 1978 ਵਿਚ ਅੰਬਾਲਾ ਕੈਂਟ ਵਿਖੇ ਪਰਲੋਕ ਸਿਧਾਰੇ।

**ਭਾਈ ਜੋਧ ਸਿੰਘ :** ਅੰਮ੍ਰਿਤ ਛਕ ਕੇ ਸੰਤ ਸਿੰਘ ਤੋਂ ਜੋਧ ਸਿੰਘ ਬਣੇ, ਭਾਈ ਸਾਹਿਬ ਇਕ ਲਾਇਕ ਵਿਦਿਆਰਥੀ, ਵਧੀਆ ਬੁਲਾਰੇ, ਸਿਰਕੱਢ ਚਿੰਤਕ ਅਤੇ ਕੁਸ਼ਲ ਪ੍ਰਬੰਧਕ ਸਨ। ਬੀ.ਏ. ਵਿਚ ਪੰਜਾਬ ਯੂਨੀਵਰਸਿਟੀ ਵਿਚ ਫਸਟ ਆਉਣ ਤੋਂ ਬਾਅਦ ਐਮ.ਏ. ਹਿਸਾਬ ਕੀਤੀ। ਪਰ ਆਪ ਦਾ ਕਾਰਜ ਖੇਤਰ ਸਿੱਖ ਧਰਮ ਅਧਿਐਨ ਹੀ ਰਿਹਾ। ਪੰਜਾਬ ਲੈਜਿਸਲੇਟਿਵ ਦੇ ਆਪ ਮੈਂਬਰ ਵੀ ਰਹੇ। ਪੰਜਾਬ ਦੀ ਵਿੱਦਿਅਕ ਪਾਲਿਸੀ ਬਣਾਉਣ ਵਿਚ ਯੋਗਦਾਨ ਪਾਇਆ ਅਤੇ ਵਿੱਦਿਅਕ ਕਾਨਫਰੰਸਾਂ ਵਿਚ ਸ਼ਮੂਲੀਅਤ ਕੀਤੀ। ਆਪ ਨੇ 'ਐਨਸਾਈਕਲੋਪੀਡੀਆ ਬਰਿਟੈਨਿਕਾ' ਵਿਚ ਸਿੱਖ ਧਰਮ ਸੰਬੰਧੀ ਅਨੇਕਾਂ ਅੰਦਰਾਜ ਕੀਤੇ। 80 ਸਾਲ ਦੀ ਉਮਰ ਵਿਚ ਆਪ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ।1966 ਵਿਚ ਆਪ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। 1981 ਵਿਚ ਆਪ ਲੁਧਿਆਣਾ ਵਿਖੇ ਪਰਲੋਕ ਸਿਧਾਰੇ।

**ਜਫਰਨਾਮਾ :** ਵਿਜਯ ਪੱਤਰ, ਫਤਹਿ ਪੱਤਰ ਸੰਮਤ 1763'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਂਗੜ ਗ੍ਰਾਮ ਤੋਂ ਫਾਰਸੀ ਬੈਂਤਾ ਵਿਚ ਚਿੱਠੀ ਲਿਖੀ,ਜਿਸ ਦਾ ਨਾਮ ਜਫਰਨਾਮਾ ਹੈ। ਗੁਰੂ ਸਾਹਿਬ ਨੇ ਇਹ ਚਿੱਠੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਹੱਥ ਔਰੰਗਜੇਬ ਨੂੰ ਭੇਜੀ। ਇਸ ਵਿਚ ਬਾਦਸ਼ਾਹ ਦੇ ਅਨਿਆਇ ਅਤੇ ਅਯੋਗ ਕਰਮਾਂ ਦਾ ਵਰਨਣ ਹੈ, ਨਾਲ ਹੀ ਹਿਤ ਭਰੀ ਸਿਖਿਆ ਵੀ ਹੈ।

**ਗੌਤਮ ਬੁੱਧ :** 'ਗੌਤਮ ਬੁੱਧ' ਸ਼ਾਕਯਵੰਸ਼ੀ ਰਾਜਾ, ਸੁਧੋਧਨ ਦੇ ਘਰ ਮਾਇਆ ਦੇਵੀ ਦੀ ਕੁੱਖ ਤੋਂ ਕਪਿਲ ਵਸਤੂ ਵਿਚ 624 ਬੀ.ਸੀ. ਵਿਚ ਬੁੱਧ ਦਾ ਜਨਮ ਹੋਇਆ । ਬੁੱਢਾ, ਰੋਗੀ ਤੇ ਮੁਰਦਾ ਦੇਖਣ ਤੇ ਬੈਰਾਗ ਹੋ ਗਿਆ 8 ਵਿਚ ਸਭ ਕੁਝ ਤਿਆਗ ਕੇ ਸੰਨਿਆਸੀ ਹੋ ਗਿਆ। ਗਯਾ ਵਿਚ ਪਿੱਪਲ ਹੇਠਾਂ ਤਪੱਸਿਆ ਕਰਦਿਆਂ ਗਿਆਨ ਪ੍ਰਾਪਤੀ ਹੋਈ ਅਤੇ ਆਪਣਾ ਮੱਤ ਚਲਾਇਆ। ਬੁੱਧ ਨੇ ਮੁਕਤੀ ਲਈ ਅੱਠ ਸਾਧਨ ਦੱਸੇ ਹਨ-'ਸਦ੍ ਵਿਸਵਾਸ਼, ਸਦ੍ ਵਿਚਾਰ, ਸਦ੍ ਵਾਕਯ, ਸਤੁ ਕਰਮ, ਸਦੁਜੀਵਨ, ਸਤਪ੍ਰਯਤਨ, ਸਵਚਿੰਤਨ ਅਤੇ ਸਦੁਧਿਆਨ।ਅੱਸੀ ਵਰ੍ਹੇ ਦੀ ਉਮਰ ਵਿਚ ਬੁੱਧ ਦਾ ਕੁਸ਼ੀ ਨਗਰ ਵਿਚ ਦੇਹਾਂਤ ਹੋ ਗਿਆ।

**ਤੁਲਸੀਦਾਸ :** ਰਾਜਪੁਰ ਦੇ ਵਸਨੀਕ ਬ੍ਰਾਹਮਣ ਆਤਮ ਰਾਮ ਦੇ ਘਰ ਮਾਤਾ ਤੁਲਸੀ ਦੇ ਉਦਰ ਤੋਂ ਤੁਲਸੀਦਾਸ ਜੀ ਦਾ ਜਨਮ ਹੋਇਆ। ਇਹ ਮਹਾਂਕਵੀ ਸ੍ਰੀ ਰਾਮਚੰਦਰ ਜੀ ਦੇ ਅਨਿੰਨ ਭਗਤ ਸਨ। ਇਹਨਾਂ ਨੂੰ ਆਪਣੀ ਇਸਤਰੀ ਰਤਨਾਵਲੀ ਦੇ ਵਚਨ ਸੁਣ ਕੇ ਪ੍ਰਭੂ ਨਾਲ ਪ੍ਰੇਮ ਜਾਗਿਆ ਸੀ। ਇਹਨਾਂ ਨੇ ਹਿੰਦੀ ਭਾਸ਼ਾ ਵਿਚ ਰਾਮਾਇਣ ਲਿਖੀ।



**ਮਨੂ :** ਹਿੰਦੂ ਮੱਤ ਅਨੁਸਾਰ ਮਨੁੱਖ ਜਾਤੀ ਦਾ ਆਦਿ ਪੁਰਖ, ਇਸ ਨੂੰ ਬ੍ਰਹਮਾ ਦਾ ਮਾਨਸ ਪ੍ਰਭੂ ਸਮਝਿਆ ਜਾਂਦਾ ਹੈ। ਮਨੂ ਦੇ ਬਣਾਏ ਸੂਤਰ,ਧਰਮ ਦਾ ਮੂਲ ਸਮਝੇ ਜਾਂਦੇ ਹਨ ਅਤੇ ਇਸੇ ਦਾ ਨਾਮ 'ਮਾਨਵ ਧਰਮਸ਼ਾਸਤਰ' ਹੈ। ਇਸ ਤੇ 12 ਅਧਿਆਇ 2704 ਸਲੋਕ ਹਨ। ਇਹ ਗ੍ਰੰਥ ਹਿੰਦੂ ਮਤ ਦਾ ਕਾਨੂੰਨ ਹੈ।

**ਬ੍ਰਹਮਾ :** ਪੁਰਾਣਾਂ ਅਨੁਸਾਰ ਜਗਤ ਰਚਣ ਵਾਲਾ ਦੇਵਤਾ।

**ਮਹੇਸ਼ :** ਸ਼ਿਵ ਜੀ।

**ਸਿਧ:** ਪੁਰਾਣਾਂ ਅਨੁਸਾਰ ਪ੍ਰਿਥਵੀ ਤੇ ਸੂਰਜ ਲੋਕ ਵਿਚਕਾਰ ਰਹਿਣ ਵਾਲਾ, ਇਕ ਖਾਸ ਦੇਵਤਾ ।

**ਸਨਕ:** ਬ੍ਰਹਮਾ ਦੇ ਚਾਰ ਮਾਨਸਿਕ ਪੁੱਤਰਾਂ ਵਿਚੋਂ ਵੱਡਾ।

**ਸਨੰਦ:** ਬ੍ਰਹਮਾ ਦੇ ਚਾਰ ਮਾਨਸਿਕ ਪੁੱਤਰਾਂ ਵਿਚੋਂ ਇਕ।

**ਸੇਖਨਾਗ:** ਨਾਗਵੰਸ ਅਤੇ ਪਾਤਾਲ ਦਾ ਰਾਜਾ। ਪੁਰਾਣਾਂ ਵਿਚ ਇਕ ਕਥਾ ਹੈ ਕਿ ਇਸਦੇ 1000 ਸਿਰ ਹਨ, ਜੋ ਵਿਸਨੂੰ ਭਗਵਾਨ ਦੇ ਸਿਰ ਤੇ ਛਾਇਆ ਕਰਦੇ ਹਨ। ਕਈ ਕਹਿੰਦੇ ਹਨ - ਸੱਤ ਪਾਤਾਲ ਇਸਦੇ ਸਿਰ ਤੇ ਹਨ। ਵਿਸਨੂੰ ਪੁਰਾਣ ਲਿਖਦਾ ਹੈ ਕਿ ਜਦੋਂ ਇਹ ਉਬਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦਾ ਹੈ। ਪੁਰਾਣਾਂ ਵਿਚ ਇਸ ਨੂੰ ਕਸ਼ਯਪ ਦੇਵ ਦਾ ਪੁੱਤਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸਦਾ ਅਵਤਾਰ ਦੱਸਿਆ ਹੈ।

**ਗਨਕਾ :** ਗੁਰਬਾਣੀ ਵਿਚ ਦੋ ਗਨਕਾ ਦਾ ਪ੍ਰਸੰਗ ਆਉਂਦਾ ਹੈ। ਇਕ ਜੋ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਵੈਸ਼ਿਆ ਸੀ। ਇਕ ਵਾਰ ਅੱਧੀ ਰਾਤ ਵੇਲੇ ਮਨ ਨੂੰ ਪਛਤਾਵਾ ਹੋਇਆ ਤੇ ਖਿਆਲ ਆਇਆ ਕਿ ਜੇ ਇਤਨਾ ਧਿਆਨ ਤੇ ਪਿਆਰ ਕਰਤਾਰ ਵੱਲ ਜੋੜਦੀ ਤਾਂ ਉਤਮ ਫਲ ਮਿਲਦਾ। ਉਸੇ ਵੇਲੇ ਸਭ ਕੁਕਰਮ ਛੱਡ ਕੇ ਪ੍ਰਭੂ ਭਗਤੀ ਵਿਚ ਲੱਗੀ ਤੇ ਪਵਿੱਤਰ ਜੀਵਨ ਬਿਤਾਇਆ। ਦੂਜੀ ਗਨਕਾ ਉਹ ਸੀ, ਜਿਸ ਨੂੰ ਕਿਸੇ ਸਾਧੂ ਨੇ ਤੋਤਾ ਦੇ ਕੇ, ਹਰਿ ਨਾਮ ਸਿਖਾਉਣ ਦਾ ਉਪਦੇਸ਼ ਦਿੱਤਾ ਅਤੇ
ਉਹ ਨਾਮ ਅਭਿਆਸ ਵਿਚ ਲੱਗ ਕੇ ਪਵਿੱਤਰ ਆਤਮਾ ਹੋ ਗਈ।

**Rosalind Coward :** A British academic, journalist and writer. She is known for her writings on feminist issues. Her books include 'Female Desire', 'Our treacherous Hearts',

and 'Sacred Cows'. She is working as a professor of Journalism at Southampton University.

**Judith Baskin:** The author of 'Midrashic Women: Formation of the F eminine in Rabbanic Literature' and several books on women in Judaism. Also the President of Association of Jewish Studies and Professor of humanities in the University of Oregon.

**Sedar:** Passover Sedar meal is an occasion of praise and thanks giving for re-dedication to the liberation. It is a Jewish family ritual, where participants read Haggadah'.

**Haggadah:** Jewish religious text that sets the order of the Passover Sedar.

**Mansura Haider:** A visiting Professor at Maulana Mohammad Ali Jauhar Academy of Third World Studies. She also remained Head of the History Department Aligarh Muslim University.

**Simon De Beauvoir:** A French author and philosopher. She wrote about philosophy, politics and social issues. She is best known for her book 'Second Sex', a detailed analysis of women issues that set out feminist existentialism.

**Judith Bardwick:** A highly regarded writer, speaker and researcher



specializing in the psychology of corporate environment. Author of twenty five best selling business books, she remained professor in the Deptt of Psychology and Associate Dean of the college of literature, University of Michigan.

**Paula Nicolson:** A lecturer in psychology in the University of Sheffield, Medical School. She has written and co-edited a number of books including 'Having It All- Choices for today's Super Woman' and 'Gender issues in Clinical Psychology'. Rather than cataloguing the barriers to women's success she examines the problems they face.

**Dr. H. B. Danesh:** The author of 'Violence Free Family- A Gift for our Children', 'The Creative foundation of Peace' and 'The Psychology of Spirituality' and many other essays, Dr. Danesh was a Professor of Psychiatry and family Medicine in the University of Ottawa.

**Sonia Johnson:** An American feminist activist, writer and popular speaker, who wrote several radical feminist books.

❊ ❊